40ਵਾਂ ਵਰ੍ਹਾ

ਗਿਆਨ-ਵਿਗਿਆਨ ਅਤੇ ਚਿੰਤਨ ਦੀ ਅਵਾਜ਼

# ਤਰਕਸ਼ੀਲ

# TARKSHEEL

ਮਈ-ਜੂਨ 2025



30/-

ਘਰਾਂ ਦੇ ਜਾਲੇ ਲਾਹੁਣ ਨਾਲੋਂ ਦਿਮਾਗਾਂ ਦੇ ਜਾਲੇ ਲਾਹੁਣੇ ਵੱਧ ਮੁਸ਼ਕਿਲ ਕਾਰਜ ਹੈ।

## ਤਰਤੀਬ


* ਏਥੇ ਕੁਝ ਨੀ ਬਦਲਣਾ ? 2
* ਕੇਸ ਰਿਪੋਰਟ 4
* ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦੀ ਕੋਸ਼ਿਸ਼ 7
* ਖ਼ਬਰਾਂ ਵਿੱਚੋਂ ਉੱਠਦਾ ਸਵਾਲ 9
* ਝੂਠੀਆਂ ਪੋਸਟਾਂ ਦੀ ਪੜਤਾਲ 11
* ਸਵੇਰ ਦੀ ਸਭਾ ਲਈ ਗੀਤ 13
* ਬੱਚਿਆਂ ਸੰਗ ਮੁਸਕਰਾਈਏ 14
* ਸ਼੍ਰੋ. ਅਕਾਲੀ ਦਲ ਦਾ ਕਲੇਸ਼ 16
* ਅਨੰਨਿਆ ਦੀ ਪ੍ਰਵਾਜ਼ 19
* ਤਿਤਲੀਆਂ ਅਤੇ ਪਤੰਗੇ 20
* ਪੈਰੀਆਰ ਦੀ ਵਿਰਾਸਤ 25
* ਅੰਧਵਿਸ਼ਵਾਸੀ ਧਾਰਮਿਕਤਾ ਦੀ ਰਾਜਨੀਤੀ 27
* ਭੂਤਾਂ ਵਾਲੀ ਕੋਠੀ 30
* ਬ੍ਰਾਂਡਡ ਬਨਾਮ ਜੈਨੇਰਿਕ ਦਵਾਈਆਂ 32
* 'ਬਾਬਾ ਗਿਰੀ' 34
* ਨਹਿਰਾਂ ਦੀ ਵਿਗੜੀ 'ਗ੍ਹਹਿਚਾਲ' 36
* ਟੀਕੇ ਤੋਂ ਚੀਕਾਂ 37
* ਸਭਿਆਚਾਰਕ ਤਬਦੀਲੀ ਅਤੇ ਵਿਰਾਸਤ 38
* ਵਿਗਿਆਨੀ ਦੀ ਤਪੱਸਿਆ 40
* ਸੂਬਾਈ ਇਜਲਾਸ ਦੀ ਰਿਪੋਰਟ 43
* ਭਾਰਤੀ ਸੰਵਿਧਾਨ ਦਾ ਵਿਸ਼ਲੇਸ਼ਣ 46
* ਵਿਚਾਰਾਂ ਨੂੰ ਬਦਲਦੇ ਰੱਖਣ ਦੀ ਲੋੜ 55
* ਆਖਰੀ ਪੰਨਾ 56


### ਤਰਕਸ਼ੀਲ ਦਾ ਏ.ਆਈ. ਵਿਸ਼ੇਸ਼ ਅੰਕ

ਏ.ਆਈ. ਅੱਜ ਕੱਲ ਭਖਵੀਂ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਏ.ਆਈ. ਅੰਗਰੇਜ਼ੀ ਸ਼ਬਦਾਂ Artificial Intelligence ਦਾ ਸੰਖੇਪ ਰੂਪ ਹੈ। ਇਸ ਲਈ ਪੰਜਾਬੀ ਸ਼ਬਦ ਮਸਨੂਈ ਬੁੱਧੀ, ਮਸਨੂਈ ਮੱਤ, ਮਸ਼ੀਨੀ ਬੁੱਧੀ, ਬਨਾਵਟੀ ਬੁੱਧੀ ਆਦਿ ਸ਼ਬਦ ਘੜੇ ਜਾ ਰਹੇ ਹਨ ਪਰ ਅਜੇ ਕੋਈ ਸਰਵ ਪ੍ਰਵਾਨਿਤ ਨਹੀਂ ਹੋਇਆ। ਜਾਪਦਾ ਹੈ ਕਿ ਜਿਸ ਤਰ੍ਹਾਂ ਇੰਟਰਨੈੱਟ ਤੋਂ ਪਹਿਲਾਂ ਜਾਣਕਾਰੀ ਹਾਸਲ ਕੀਤੀ ਜਾਂਦੀ ਸੀ, ਏ.ਆਈ. ਉਸ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦੇਵੇਗੀ। ਏ.ਆਈ. ਨਾਲ ਸਿਰਜਣਾ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਹੋ ਰਹੀਆਂ ਹਨ। ਇਹ ਗਿਆਨ ਨੂੰ ਤੁਹਾਡੀ ਲੋੜ ਅਨੁਸਾਰ ਤਰਤੀਬ ਦੇ ਕੇ ਪੇਸ਼ ਕਰ ਰਹੀ ਹੈ, ਉਸ ਵਿੱਚ ਆਪਣੇ ਵੱਲੋਂ ਟਿੱਪਣੀਆਂ ਵੀ ਸ਼ਾਮਿਲ ਕਰ ਰਹੀ ਹੈ। ਕੁਝ ਚਿੰਤਕਾਂ ਨੂੰ ਇਸ ਵਿੱਚੋਂ ਵੱਡੇ ਖਤਰੇ ਜਾਪ ਰਹੇ ਹਨ ਅਤੇ ਕੁਝ ਨੂੰ ਵੱਡੀਆਂ ਸੰਭਾਵਨਾਵਾਂ। ਪਰ ਇੱਕ ਗੱਲ ਸਪਸ਼ਟ ਹੈ ਕਿ ਇਸ ਦਾ ਪ੍ਰਭਾਵ ਕੇਵਲ ਕੰਪਿਊਟਰ ਜਾਂ ਇੰਟਰਨੈਟ ਤੱਕ ਹੀ ਸੀਮਤ ਨਹੀਂ ਰਹਿਣਾ। ਇਸ ਨੇ ਸਾਡੀ ਸੋਚ, ਸਾਡੀ ਰਾਜਨੀਤੀ, ਆਰਥਿਕਤਾ, ਸਭਿਆਚਾਰ, ਗੱਲ ਕੀ ਜ਼ਿੰਦਗੀ ਦੇ ਹਰ ਖੇਤਰ ਨੂੰ ਪ੍ਰਭਾਵਿਤ ਕਰਨਾ ਹੈ। ਸੋ ਏ.ਆਈ. ਕੀ ਹੈ, ਇਸ ਦੇ ਕਿਹੜੇ ਕਿਹੜੇ ਪਲੇਟਫਾਰਮ ਹਨ, ਕੇਵਲ ਪੰਜਾਬੀ ਜਾਣਣ ਵਾਲੇ ਇਸਨੂੰ ਕਿੰਨਾ ਕੁ ਵਰਤ ਸਕਦੇ ਹਨ, ਇਸ ਦੀ ਵਰਤੋਂ ਅਤੇ ਦੁਰਵਰਤੋਂ ਦੀਆਂ ਕੀ ਕੀ ਸੰਭਾਵਨਾਵਾਂ ਹਨ ? ਇਸ ਤਰ੍ਹਾਂ ਦੇ ਬਹੁਤ ਸਾਰੇ ਸਵਾਲ ਹਨ ਜਿਨ੍ਹਾਂ ਬਾਰੇ ਸਾਡੇ ਬਹੁਤੇ ਪਾਠਕ ਪੂਰੀ ਤਰ੍ਹਾਂ ਜਾਣੂ ਨਹੀਂ ਹਨ। ਜੇ ਅਸੀਂ ਇਸ ਬਾਰੇ ਅਨਜਾਣ ਬਣੇ ਰਹਿੰਦੇ ਹਾਂ ਤਾਂ ਇਸ ਨੂੰ ਜਾਨਣ ਅਤੇ ਇਸ ਦੀ ਵਰਤੋਂ ਕਰ ਸਕਣ ਵਾਲੇ ਲੋਕ ਸਾਨੂੰ ਚੱਕਰਾਂ ਵਿੱਚ ਪਾ ਲੈਣਗੇ। ਸੋ ਇਸ ਨੂੰ ਜਾਨਣਾ ਸਮਝਣਾ ਹਰ ਸੂਝਵਾਨ ਵਿਅਕਤੀ ਲਈ ਜ਼ਰੂਰੀ ਹੈ।

ਇਸ ਲਈ ਅਸੀਂ ਤਰਕਸ਼ੀਲ ਦਾ ਅਗਲਾ ਅੰਕ (ਜੁਲਾਈ-ਅਗਸਤ 2025) ਏ.ਆਈ. ਵਿਸ਼ੇਸ਼ ਅੰਕ ਵਜੋਂ ਕੱਢ ਰਹੇ ਹਾਂ। ਇਸ ਵਿੱਚ ਜਿੱਥੇ ਏ.ਆਈ. ਨਾਲ ਸਬੰਧਿਤ ਉਪਰ ਵਰਣਨ ਕੀਤੇ ਗਏ ਸਵਾਲਾਂ ਬਾਰੇ ਮਾਹਿਰਾਂ ਦੇ ਵਿਚਾਰ ਹੋਣਗੇ ਉਥੇ ਨਮੂਨੇ ਵਜੋਂ ਏ.ਆਈ. ਵੱਲੋਂ ਤਰਕਸ਼ੀਲ ਵਿਸ਼ਿਆਂ ਉੱਤੇ ਲਿਖੇ ਕੁਝ ਲੇਖ ਅਤੇ ਰਚਨਾਵਾਂ ਵੀ ਹੋਣਗੀਆਂ।

ਆਸ ਹੈ ਕਿ ਸਾਡੇ ਪਾਠਕਾਂ ਲਈ ਅਗਲਾ ਅੰਕ ਨਵੀਂ ਜਾਣਕਾਰੀ ਅਤੇ ਨਵੀਂ ਦਿਲਚਸਪੀ ਜਗਾਉਣ ਦਾ ਸੋਮਾ ਬਣੇਗਾ।


**ਮੁੱਖ ਸੰਪਾਦਕ**
ਰਾਜਪਾਲ ਸਿੰਘ
95018 83486
editortarksheel@gmail.com

**ਮੁੱਖ ਪ੍ਰਬੰਧਕ**
ਸੁਖਵਿੰਦਰ ਬਾਗਪੁਰ
94174 27538

**ਵਿਦੇਸ਼ੀ ਪ੍ਰਤੀਨਿਧ**
ਅਵਤਾਰ ਬਾਈ, ਵੈਨਕੂਵਰ
+1 672 558-5757
ਬੀਰਬਲ ਭਦੌੜ, ਕੈਲਗਿਰੀ
+1 204 894-4371
ਬਲਦੇਵ ਰਹਿਪਾ, ਟਰਾਂਟੋ
+1 41688 17202
ਅੱਛਰ ਸਿੰਘ ਖਰਲਵੀਰ (ਇੰਗਲੈਂਡ)
+1 44 748 635 1185
ਅਵਤਾਰ ਗੋਂਦਾਰਾ (USA)
+1(559)375-2589

**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :**
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਮੋਬਾ. 98769 53561
ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234 IFSC : PUNB0004400
ਸਲਾਨਾ ਚੰਦਾ ਦੇਸ਼ : 150 ਰੁ.
ਜੀਵਨ ਮੈਂਬਰਸ਼ਿਪ : 1500 ਰੁ.
ਸਲਾਨਾ ਚੰਦਾ ਵਿਦੇਸ਼ : 40 ਯੂ.ਐਸ. ਡਾਲਰ
ਜੀਵਨ ਮੈਂਬਰਸ਼ਿਪ ਵਿਦੇਸ਼ : 20,000 ਰੁ.
ਰਸੀਦ ਵਾਊਚਰ ਅਤੇ ਪਤਾ ਹੇਠ ਲਿਖੇ ਨੰਬਰ 'ਤੇ ਭੇਜਿਆ ਜਾਵੇ
98156 70725

ਰਾਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫ਼ੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

# ਸੰਪਾਦਕੀ

ਮਈ 1986 ਵਿੱਚ ਤਰਕਸ਼ੀਲ ਦਾ ਪਹਿਲਾ ਅੰਕ ਆਇਆ ਸੀ।
ਮਈ 2025 ਦੇ ਇਸ ਅੰਕ ਨਾਲ ਇਸ ਦਾ 40ਵਾਂ ਸਾਲ ਸ਼ੁਰੂ ਹੋ ਰਿਹਾ ਹੈ।
ਇਨ੍ਹਾਂ ਚਾਰ ਦਹਾਕਿਆਂ ਵਿੱਚ ਦੁਨੀਆ ਬਹੁਤ ਬਦਲ ਗਈ ਹੈ।
ਭਾਰਤ ਵਿੱਚ ਮੋਬਾਇਲ ਫੋਨ ਅਤੇ ਆਮ ਜਨਤਾ ਲਈ ਇੰਟਰਨੈੱਟ ਦੀ ਸ਼ੁਰੂਆਤ 1995 ਵਿੱਚ ਕੀਤੀ ਗਈ।
ਸੋ ਵੀਹਵੀਂ ਸਦੀ ਦੇ ਅੰਤ ਤੱਕ ਤਾਂ ਗਿਆਨ ਦਾ ਸੋਮਾ ਮੈਗਜ਼ੀਨ ਅਤੇ ਕਿਤਾਬਾਂ ਹੀ ਸਨ।
ਅਤੇ ਲੇਖਕਾਂ ਪਾਠਕਾਂ ਵਿੱਚ ਵਿਚਾਰਾਂ ਦੇ ਅਦਾਨ-ਪ੍ਰਦਾਨ ਕਰਨ ਦਾ ਸਾਧਨ ਚਿੱਠੀਆਂ ਹੀ ਸਨ।
ਪਰ 21ਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਸੂਚਨਾ ਕ੍ਰਾਂਤੀ ਹੋ ਗਈ।
ਜੋ ਗਿਆਨ ਕਾਗਜ਼ ਉੱਤੇ ਛਪੇ ਅੱਖਰਾਂ ਤੋਂ ਮਿਲਦਾ ਸੀ ਉਹ ਗਿਆਨ ਹੱਥ ਵਿੱਚ ਫੜੇ ਫੋਨ ਦੀ ਸਕਰੀਨ ਉੱਤੇ ਚਮਕਣ ਲੱਗਾ।
ਹਰ ਘਟਨਾ ਦੀ ਖਬਰ ਘਟਨਾ ਵਾਪਰਨ ਦੇ ਕੁਝ ਮਿੰਟਾਂ ਵਿੱਚ ਹੀ ਸਾਰੀ ਦੁਨੀਆ ਵਿੱਚ ਪਹੁੰਚਣ ਲੱਗੀ।
ਇੰਟਰਨੈੱਟ ਰਾਹੀਂ ਗਿਆਨ ਦੀ ਹਨੇਰੀ ਤਾਂ ਵਗੀ ਪਰ ਇਸ ਹਨੇਰੀ ਨਾਲ ਬਹੁਤ ਸਾਰਾ ਕੂੜਾ ਕਰਕਟ ਵੀ ਅੱਲ੍ਹੜ ਦਿਮਾਗਾਂ ਵਿੱਚ ਵੜਨ ਲੱਗਾ।
ਸੋਸ਼ਲ ਮੀਡੀਆ ਅਜਿਹੇ ਬੇਪੜਤਾਲੇ ਗਿਆਨ ਦਾ ਵੱਡਾ ਸੋਮਾ ਬਣ ਗਿਆ।
ਇਸ ਨੇ ਸਿਆਣੇ ਦਿਮਾਗਾਂ ਨੂੰ ਅਹਿਸਾਸ ਕਰਵਾਇਆ ਕਿ ਕਾਗਜ ਉੱਤੇ ਲਿਖੇ ਅੱਖਰਾਂ ਦੀ ਆਪਣੀ ਅਹਿਮੀਅਤ ਹੈ।
ਸੋਸ਼ਲ ਮੀਡੀਆ ਉੱਤੇ ਜਾਹਲੀ ਆਈ.ਡੀ. ਬਣਾ ਕੇ ਕੋਈ ਕੁਝ ਵੀ ਲਿਖ ਸਕਦਾ ਹੈ।
ਪਰ ਮੈਗਜ਼ੀਨ ਜਾਂ ਕਿਤਾਬ ਵਿੱਚ ਲਿਖੇ ਹਰ ਅੱਖਰ ਲਈ ਲੇਖਕ/ਸੰਪਾਦਕ ਜਿੰਮੇਵਾਰ ਹੁੰਦਾ ਹੈ।
ਇੰਟਰਨੈੱਟ ਉਤਲੇ ਗਿਆਨ ਦਾ ਮੂਲ ਆਧਾਰ ਵੀ ਪ੍ਰਿੰਟ ਅੱਖਰ ਹੀ ਹਨ।
ਸੋ ਮੈਗਜ਼ੀਨ ਅਤੇ ਕਿਤਾਬ ਦੀ ਆਪਣੀ ਅਹਿਮੀਅਤ ਹੈ।
ਪਰ ਇਹ ਅਹਿਮੀਅਤ ਬਰਕਰਾਰ ਰੱਖਣ ਲਈ ਸਾਨੂੰ ਬਦਲੇ ਹੋਏ ਸਮੇਂ ਦੇ ਹਾਣ ਦਾ ਹੋਣਾ ਪਵੇਗਾ।
ਜੋ ਚੀਜ਼ ਵੀ ਸਮੇਂ ਨਾਲ ਕਦਮ ਮਿਲਾ ਕੇ ਨਹੀਂ ਚਲਦੀ ਉਹ ਖਤਮ ਹੋ ਜਾਂਦੀ ਹੈ।
ਅੱਜ ਦੇ ਸਮੇਂ ਦੇ ਪਾਠਕਾਂ ਦੇ ਟੇਸਟ ਵੱਖਰੇ ਹਨ, ਮਸਲੇ ਵੱਖਰੇ ਹਨ, ਪੜ੍ਹਨ ਰੁਚੀਆਂ ਵੱਖਰੀਆਂ ਹਨ।
ਅਸੀਂ ਕੋਸ਼ਿਸ਼ ਕਰਾਂਗੇ ਕਿ 'ਤਰਕਸ਼ੀਲ' ਨੂੰ ਨਵੇਂ ਦੌਰ ਦੀਆਂ ਲੋੜਾਂ ਅਨੁਸਾਰ ਢਾਲ ਸਕੀਏ।
ਤਰਕਸ਼ੀਲ ਮੈਗਜ਼ੀਨ ਲਈ ਇਹ ਸਾਲ ਇਸ ਵਿੱਚ ਨਵੇਂ ਰੰਗ ਭਰਨ ਦਾ ਸਾਲ ਹੋਵੇਗਾ।

-----

ਅੱਜ ਤਰਕਸ਼ੀਲ ਵਰਗੇ ਮੈਗਜੀਨ ਦੀ ਲੋੜ ਪਹਿਲਾਂ ਨਾਲੋਂ ਬਹੁਤ ਵੱਧ ਗਈ ਹੈ। ਕਿਉਂ ?
ਕਿਉਂਕਿ।
ਫਿਰਕਾਪ੍ਰਸਤੀ ਵਧ ਗਈ ਹੈ। ਹਰ ਕਿਸਮ ਦੀ ਕੱਟੜਤਾ ਵੱਧ ਰਹੀ ਹੈ।
ਨਵੀਂ ਟੈਕਨਾਲੋਜੀ ਰਾਹੀਂ ਭਰਮ ਭੁਲੇਖੇ ਵੱਧ ਤੇਜੀ ਨਾਲ ਫੈਲਾਏ ਜਾ ਰਹੇ ਹਨ।
ਗਲਤ ਸੂਚਨਾਵਾਂ ਦੇ ਵਿਉਂਤਬਧ ਹਮਲੇ ਕਰਕੇ ਸੱਚਾਈ ਨੂੰ ਰੋਲ ਦਿੱਤਾ ਜਾਂਦਾ ਹੈ।
ਬਾਜ਼ਾਰ ਘਰਾਂ ਵਿੱਚ ਆ ਵੜਿਆ ਹੈ।
ਗੱਲ ਇਸ ਤੋਂ ਵੀ ਅੱਗੇ ਵਧ ਗਈ ਹੈ ਕਿ ਦੁਨੀਆ ਭਰ ਦੇ ਸ਼ੋਅ-ਰੂਮ ਤੁਹਾਡੇ ਮੋਬਾਈਲ ਵਿੱਚ ਆ ਵੜੇ ਹਨ।
ਹਰ ਪਲ ਤੁਹਾਨੂੰ ਆਰਡਰ ਕਲਿੱਕ ਕਰਨ ਲਈ ਉਕਸਾਇਆ ਜਾਂਦਾ ਹੈ।
ਜੀਵਨ ਵਿੱਚ ਸਹਿਜ, ਸੰਤੁਲਨ, ਸਹਿਯੋਗ, ਸੁਖ-ਸ਼ਾਂਤੀ ਦੀ ਬਜਾਏ ਖਪਤਵਾਦ ਅਤੇ ਵਿਖਾਵੇ ਦੀ ਇੱਕ ਦੌੜ ਲੱਗ ਗਈ ਹੈ।
ਇਹ ਦੌੜ, ਇਹ ਅਸੰਤੁਸ਼ਟਤਾ ਮਾਨਸਿਕ ਤਣਾਅ ਪੈਦਾ ਕਰਦੀ ਹੈ।
ਮਾਨਸਿਕ ਤਣਾਅ ਮਾਨਸਿਕ ਰੋਗ ਵਿੱਚ ਵਟਦਾ ਹੈ, ਨਸ਼ਿਆਂ ਦੇ ਲੜ ਲਾਉਂਦਾ ਹੈ।
ਇਹ ਸਾਰਾ ਕੁਝ ਐਵੇਂ ਕਿਵੇਂ ਨਹੀਂ ਹੋ ਰਿਹਾ। ਇਸ ਪਿੱਛੇ ਇੱਕ ਸਿਸਟਮ ਕੰਮ ਕਰ ਰਿਹਾ ਹੈ।
ਉਹ ਸਿਸਟਮ ਦੇਸ਼ਾਂ ਤੋਂ ਲੈ ਕੇ ਹਰ ਇਨਸਾਨ ਨੂੰ ਕੰਟਰੋਲ ਕਰ ਰਿਹਾ ਹੈ।
ਫਸਲਾਂ, ਵਪਾਰ, ਜੀਵ-ਜੰਤੂਆਂ, ਨਦੀਆਂ, ਪਹਾੜਾਂ, ਜੰਗਲਾਂ, ਜ਼ਮੀਨਾਂ ਨੂੰ ਕੰਟਰੋਲ ਕਰ ਰਿਹਾ ਹੈ।
ਇਸ ਸਿਸਟਮ ਨੂੰ ਵੀ ਸਮਝਣ ਦੀ ਲੋੜ ਹੈ।

ਇਸ ਸਿਸਟਮ ਨੂੰ ਸਮਝਣ, ਨਵੇਂ ਦੌਰ ਦੀਆਂ ਚੁਣੌਤੀਆਂ ਨਾਲ ਸਿੱਝਣ, ਸੋਚ ਨੂੰ ਵਿਗਿਆਨਕ ਬਨਾਉਣ, ਭਾਵਨਾਵਾਂ ਉੱਤੇ ਤਰਕ ਦੀ ਸਰਦਾਰੀ ਬਣਾਉਣ, ਸੂਚਨਾਵਾਂ ਦੇ ਢੇਰ ਵਿੱਚੋਂ ਸਹੀ ਜਾਣਕਾਰੀ ਹਾਸਲ ਕਰਨ, ਟੈਕਨਾਲੋਜੀ ਦੀ ਗੁਲਾਮੀ ਦੀ ਬਜਾਏ ਇਸ ਨੂੰ ਜ਼ਿੰਦਗੀ ਚੰਗੇਰੀ ਬਣਾਉਣ ਲਈ ਵਰਤਣ ਵਾਸਤੇ, ਕੁੱਲ ਮਿਲਾ ਕੇ ਜ਼ਿੰਦਗੀ ਅਤੇ ਸਮਾਜ ਨੂੰ ਸੋਹਣੇ ਰਸਤੇ ਉਤੇ ਤੋਰਨ ਵਿੱਚ 'ਤਰਕਸ਼ੀਲ' ਤੁਹਾਡਾ ਹੋਰ ਵੱਧ ਚੰਗਾ ਸਾਥੀ ਬਣੇਗਾ।

**- ਰਾਜਪਾਲ**

# ਏਥੇ ਕੁਝ ਨੀ ਬਦਲਣਾ ?

- ਅਵਤਾਰ ਗੋਂਦਾਰਾ

*(ਅਸੀਂ ਸਾਰੇ ਤਬਦੀਲੀ ਲਈ ਲੋਚਦੇ ਹਾਂ, ਸਮਾਜ ਵਿੱਚ ਤਬਦੀਲੀ ਚਾਹੁੰਦੇ ਹਾਂ, ਰਾਜਨੀਤੀ ਵਿੱਚ ਤਬਦੀਲੀ ਚਾਹੁੰਦੇ ਹਾਂ। ਇਸ ਅੰਕ ਦੀ ਸੰਪਾਦਕੀ ਵਿੱਚ ਅਸੀਂ ਮੈਗਜ਼ੀਨ ਵਿੱਚ ਤਬਦੀਲੀ ਲਿਆਉਣ ਦੀ ਗੱਲ ਕੀਤੀ ਹੈ। ਤਬਦੀਲੀ ਹੁੰਦੀ ਵੀ ਰਹਿੰਦੀ ਹੈ ਕਿਉਂਕਿ ਬ੍ਰਹਿਮੰਡ ਵਿੱਚ ਕੁਝ ਵੀ ਖੜੋਤ ਵਿੱਚ ਨਹੀਂ ਹੈ। ਪਰ ਕੁਝ ਲੋਕ ਤਬਦੀਲੀ ਦੀ ਗਤੀ ਤੋਂ ਨਿਰਾਸ਼ ਹੋਕੇ ਕਹਿਣ ਲੱਗ ਜਾਂਦੇ ਹਨ ਕਿ ਏਥੇ ਕੁਝ ਨਹੀਂ ਬਦਲਣਾ। ਇਵੇਂ ਕੁਝ ਲੋਕ ਤਬਦੀਲੀ ਦੇ ਹਾਂ-ਪੱਖਾਂ ਨੂੰ ਵੇਖਣ ਦੀ ਬਜਾਏ ਇਸਦੇ ਨਾਂਹ-ਪੱਖਾਂ ਨੂੰ ਹੀ ਵੇਖਦੇ ਹਨ। ਕੁਝ ਲੋਕਾਂ ਦੇ ਹਿਤ ਹਾਲਤਾਂ ਨੂੰ ਜਿਉਂ ਦੀ ਤਿਉਂ ਰੱਖਣ ਵਿੱਚ ਹੁੰਦੇ ਹਨ ਉਹ ਵੀ ਤਬਦੀਲੀ ਨੂੰ ਨਿਰਉਤਸ਼ਾਹਿਤ ਕਰਦੇ ਹਨ। ਤਬਦੀਲੀ ਪ੍ਰਤੀ ਇਨ੍ਹਾਂ ਵਾਧੂ ਅਤੇ ਨਾਂਹ-ਪੱਖੀ ਵਿਚਾਰਾਂ ਨੂੰ ਰੱਦ ਕਰਦੇ ਹੋਏ ਚੰਗੇ ਰੁੱਖ ਤਬਦੀਲੀ ਲਈ ਕੀ ਕੀਤਾ ਜਾਵੇ ? ਇਸ ਮਹੱਤਵਪੂਰਨ ਮੁੱਦੇ ਨੂੰ ਆਪਣੀ ਨਿਵੇਕਲੀ ਸ਼ੈਲੀ ਵਿੱਚ ਸੰਬੋਧਿਤ ਹੋ ਰਹੇ ਹਨ- ਤਰਕਸ਼ੀਲ ਦੇ ਸਾਬਕਾ ਸੰਪਾਦਕ ਅਵਤਾਰ ਗੋਂਦਾਰਾ ) ਸੰਪਾਦਨ*

ਜਦੋਂ ਵੀ ਕੁਝ ਪੜ੍ਹੇ ਲਿਖੇ ਜਾਂ ਪੇਸ਼ੇਵਰ ਮਾਹਿਰ, ਚਾਹ-ਪਾਣੀ ਜਾਂ ਗੱਪ-ਸ਼ੱਪ ਲਈ ਇਕੱਠੇ ਬਹਿੰਦੇ ਹਨ ਤਾਂ ਸਮਾਜੀ ਅਤੇ ਸਿਆਸੀ ਨਿਘਾਰ ਦੀ ਗੱਲ ਜ਼ਰੂਰ ਹੁੰਦੀ ਹੈ। ਫਿਰ ਪਾਰਟੀਆਂ ਅਤੇ ਸਥਾਪਤ ਆਗੂਆਂ ਉਪਰ ਤਵਾ ਲਗਦਾ ਹੈ। ਕਿਹੜਾ ਆਗੂ ਕਿੰਨਾ ਭ੍ਰਿਸ਼ਟ ਹੈ, ਕਿਹੜੀ ਪਾਰਟੀ ਨੇ ਸੰਵਿਧਾਨਕ ਮਰਯਾਦਾ ਨਾਲ ਖਿਲਵਾੜ ਕੀਤਾ। ਘੰਟਾ ਦੋ ਘੰਟਿਆਂ ਦੀ ਮਗਜ਼ ਪੱਚੀ ਬਾਅਦ, ਇੱਕ ਜਣਾ ਬਹਿਸ ਨੂੰ ਸਮੇਟਦਿਆਂ ਐਲਾਨ ਕਰਦਾ ਹੈ, "ਇਸ ਮੁਲਕ ਦਾ ਕੁਝ ਨੀ ਹੋਣਾ, ਭ੍ਰਿਸ਼ਟਾਚਾਰ ਸਾਡੇ ਹੱਡੀਂ ਰਚਿਆ ਹੋਇਐ। ਏਥੇ ਤਾਂ ਬਾਬੇ ਨਾਨਕ ਵਰਗੇ ਲੋਕਾਂ ਨੂੰ ਮੱਤਾਂ ਦਿੰਦੇ ਚਲੇ ਗਏ, ਕੋਈ ਨੀ ਸੁਧਰਿਆ, ਅਸੀਂ ਕੀਹਦੇ ਪਾਣੀ ਹਾਰ ਆਂ।" ਸਾਰੀ ਵਿਚਾਰ ਚਰਚਾ ਇੱਥੇ ਆ ਕੇ ਖਤਮ ਹੋ ਜਾਂਦੀ ਹੈ ਅਤੇ ਚਰਚਾ 'ਚ ਹਿੱਸਾ ਲੈਣ ਵਾਲੇ, ਆਪੋ ਆਪਣੇ ਰਾਹ ਪੈ ਜਾਂਦੇ ਹਨ।

ਤਬਦੀਲੀ ਅਤੇ ਭਵਿੱਖ ਪ੍ਰਤੀ ਨਾਂਹ-ਮੁਖੀ ਪਹੁੰਚ, ਵਿਅਕਤੀ ਦੀ ਪਹਿਲਕਦਮੀ ਨੂੰ ਹੀ ਨਹੀਂ ਮਾਰਦੀ, ਉਸ ਨੂੰ ਮਾਨਸਿਕ ਰੋਗੀ ਵੀ ਬਣਾ ਦਿੰਦੀ ਹੈ। ਅਸੀਂ ਚਾਹੀਏ ਜਾਂ ਨਾ ਚਾਹੀਏ, ਤਬਦੀਲੀ ਲਗਾਤਾਰ ਹੁੰਦੀ ਰਹਿੰਦੀ ਹੈ। ਜੇ ਅਸੀਂ ਅਵੇਸਲੇ ਹਾਂ, ਅਣਜਾਣ ਹਾਂ ਤਾਂ ਅਸੀਂ ਤਬਦੀਲੀ ਦੀ ਦਸ਼ਾ ਅਤੇ ਦਿਸ਼ਾ ਜਾਣ ਨਹੀਂ ਸਕਦੇ।

ਸਮੱਸਿਆਵਾਂ ਬੜੀਆਂ ਹਨ : ਮਹਿੰਗਾਈ ਹੈ, ਬੇਰੁਜ਼ਗਾਰੀ ਹੈ, ਅਫਰਾਤਫ਼ਰੀ ਹੈ, ਪੌਣ-ਪਾਣੀ ਖ਼ਰਾਬ ਹੈ, ਖਾਧ-ਖੁਰਾਕ ਮਾੜੀ ਹੈ, ਭਵਿੱਖਮੁਖੀ ਸੁਫ਼ਨੇ ਗੈਰਹਾਜ਼ਰ ਹਨ। ਖੇਤਰੀ ਅਤੇ ਕੌਮਾਂਤਰੀ ਟਕਰਾਅ ਕਰਕੇ ਪ੍ਰਮਾਣੂ ਯੁੱਧ ਦਾ ਖਤਰਾ ਬਣਿਆ ਰਹਿੰਦਾ ਹੈ। ਸਭ ਕੁਝ ਹੁੰਦਿਆਂ ਸੁੰਦਿਆਂ ਵੀ, ਮਾਹੌਲ ਸਾਹਘੋਟੂ ਹੈ।

ਸਰਸਰੀ ਨਜ਼ਰੇ ਦੇਖਿਆਂ ਲਗ ਸਕਦੈ, ਕਿ ਸਭ ਕੁਝ ਨਿਘਾਰ ਵੱਲ ਜਾ ਰਿਹਾ ਹੈ। ਵਸਤਾਂ ਬਣ ਰਹੀਆਂ ਹਨ, ਧਨ ਪੈਦਾ ਹੋ ਰਿਹਾ ਹੈ, ਪਰ ਹਰ ਇੱਕ ਦੀ ਪਹੁੰਚ ਵਿੱਚ ਨਹੀਂ। ਉਹ ਕੁਝ ਨੀ ਹੋ ਰਿਹਾ ਹੈ ਜੋ ਹੋਣਾ ਚਾਹੀਦਾ ਹੈ। ਇਹ ਪਿੱਛਲਮੁਖੀ ਪਹੁੰਚ ਦੇ ਦੋ ਕਾਰਣ ਹਨ। ਪਹਿਲਾ- ਬਹੁਤੇ ਉਦਾਸੀਨ ਵਿਅਕਤੀ ਤਬਦੀਲੀ ਦੀ ਪ੍ਰਕਿਰਿਆ 'ਚ ਹਾਂਦਰੂ ਰੋਲ ਨਹੀਂ ਨਿਭਾਉਂਦੇ, ਸਿਰਫ ਦਰਸ਼ਕ ਜਾਂ ਟਿੱਪਣੀਬਾਜ ਬਣੇ ਰਹਿੰਦੇ ਹਨ। ਦੂਜਾ- ਉਨ੍ਹਾਂ ਦੀ ਨਜ਼ਰ, ਤਬਦੀਲੀ ਦਾ ਢਿੱਡ ਫਰੋਲਣ ਦੀ ਥਾਂ, ਵਰਤਾਰਿਆਂ ਦੇ ਬਾਹਰੀ ਪੱਖਾਂ 'ਚ ਉਲਝ ਕੇ ਰਹਿ ਜਾਂਦੀ ਹੈ।

ਸੁਆਲ ਪੈਦਾ ਹੁੰਦਾ ਹੈ ਕਿ ਕੀ ਤਬਦੀਲੀ ਦੀ ਦਸ਼ਾ ਏਨੀ ਹੀ ਮਾੜੀ ਹੈ ? ਸਭ ਕੁਝ ਨਿੱਘਰ ਗਿਆ ਹੈ, ਜਾਂ ਪੈਰ ਧਰਨ ਲਈ ਕੋਈ ਥਾਂ ਹੈ, ਜਿੱਥੇ ਖੜ੍ਹ ਕੇ ਅਗਾਂਹ ਵੱਲ ਪੁਲਾਂਘ ਪੁੱਟੀ ਜਾ ਸਕੇ।

'ਹਾਰਵਰਡ ਗੱਜ਼ਟ' ਨਾਲ ਮੁਲਾਕਾਤ ਕਰਦਿਆਂ, ਪ੍ਰਸਿੱਧ ਲੇਖਕ ਅਤੇ ਚਿੰਤਕ ਸਟੀਵਨ ਪਿੰਕਰ ਨੇ ਕਿਹਾ ਕਿ ਹੁਣ ਤੱਕ ਦੀਆਂ ਚਾਰ ਪ੍ਰਾਪਤੀਆਂ ਉਪਰ ਟੇਕ ਰੱਖੀ ਜਾ ਸਕਦੀ ਹੈ: ਵਿਵੇਕ, ਵਿਗਿਆਨ, ਵਿਕਾਸ, ਅਤੇ ਮਾਨਵਵਾਦ। ਮਾਨਵੀ ਸਮਾਜ ਦੀਆਂ ਇਹ ਇਤਿਹਾਸਕ ਪ੍ਰਾਪਤੀਆਂ ਹਨ, ਜਿਨ੍ਹਾਂ ਨੂੰ ਹਮੇਸ਼ਾਂ ਧਿਆਨ ਵਿੱਚ ਰੱਖਣਾ ਚਾਹੀਦੈ। ਆਪਣੀ ਧਾਰਨਾ ਦੀ ਪੁਸ਼ਟੀ ਲਈ ਉਸ ਨੇ ਅੰਕੜਿਆਂ ਦਾ ਹਵਾਲਾ ਦਿੱਤਾ ਹੈ। ਦੁਨੀਆਂ ਭਰ ਵਿੱਚ ਗਰੀਬੀ ਦੀ ਦਰ 90% ਤੋਂ ਘਟ ਕੇ 10% ਰਹਿ ਗਈ ਹੈ, ਮਨੁੱਖ ਦੀ ਉਮਰ 'ਚ 30 ਤੋਂ ਚੱਲ ਕੇ 70 ਸਾਲ ਤੱਕ ਦਾ ਵਾਧਾ ਹੋਇਆ ਹੈ। ਸਾਖਰਤਾ 13% ਤੋਂ ਛਾਲ ਮਾਰ ਕੇ 85% ਤੱਕ ਚਲੀ ਗਈ ਹੈ। ਯੂਨਾਈਟਡ ਨੇਸ਼ਨ ਦੇ ਅੰਕੜੇ ਵੀ ਇਸ ਤਰ੍ਹਾਂ ਦੇ ਹਾਂਦਰੂ ਪੱਖ ਦੀ ਪੁਸ਼ਟੀ ਕਰਦੇ ਹਨ ਕਿ ਦੂਸਰੇ ਯੁੱਧ ਤੋਂ ਬਾਅਦ ਅੰਤਰਰਾਜੀ ਫੌਜੀ ਲੜਾਈਆਂ ਵਿੱਚ ਮਰਨ

ਵਾਲਿਆਂ ਨਾਲੋਂ, ਨਿੱਜੀ ਕਾਰਣਾਂ ਕਰਕੇ ਹੋਏ ਕਤਲਾਂ ਦੀ ਗਿਣਤੀ ਕਿਤੇ ਜਿਆਦਾ ਹੈ। ਸੈੱਲ ਫੋਨ ਨੇ ਰਿਕਸ਼ੇ ਵਾਲੇ ਤੋਂ ਲੈਕੇ ਰਾਸ਼ਟਰਪਤੀ ਤੱਕ, ਗਿਆਨ-ਵਿਗਿਆਨ ਨੂੰ ਮੁਠੀ ਵਿੱਚ ਕਰ ਦਿੱਤਾ ਹੈ। ਇੰਟਰਨੈੱਟ ਦੇ ਮਾੜੇ ਪ੍ਰਭਾਵਾਂ ਦੇ ਨਾਲ ਨਾਲ, ਸ਼ੋਸ਼ਲ ਮੀਡੀਆ ਦੁਆਰਾ ਆਮ ਬੰਦੇ ਨੂੰ ਸਸ਼ੱਕਤ ਕਰਨ ਦਾ ਕਾਰਜ ਵੀ ਹੋ ਰਿਹਾ ਹੈ।

ਵਿਸ਼ਵ-ਸਿਆਸਤ ਅਤੇ ਡਾਵਾਂਡੋਲ ਆਰਥਿਕਤਾ ਦੇ ਸੰਦਰਭ ਵਿੱਚ, ਉਪਰੋਕਤ ਹਵਾਲਾ ਅਧੀਨ ਹੋਈਆਂ ਪ੍ਰਾਪਤੀਆਂ ਦੀਂਹਦੀਆਂ ਹੀ ਨਹੀਂ। ਇਹ ਠੀਕ ਹੈ ਕਿ ਹੋ ਰਹੀ ਤਬਦੀਲੀ ਅਤੇ ਵਿਕਾਸ ਦਾ ਫਲ ਸਾਰੇ ਬੰਦਿਆਂ ਨੂੰ ਨਹੀਂ ਮਿਲ ਰਿਹਾ। ਇਸ ਤਰ੍ਹਾਂ ਇਹ ਮਿਲ ਵੀ ਨਹੀਂ ਸਕਦਾ, ਮਹਿਰੂਮ ਰਹਿ ਰਹੇ ਹਿੱਸਿਆਂ ਨੇ ਇਸ ਬਾਰੇ ਆਪ ਚਾਰਾਜੋਈ ਕਰਨੀ ਹੈ। ਖੈਰਾਤ ਵਿੱਚ ਕੁਝ ਨਹੀਂ ਮਿਲਣਾ, ਇਸ ਲਈ ਚਾਰਾਜੋਈ ਦੀ ਲੋੜ ਹੈ। ਜੇ ਚਾਰਾਜੋਈ ਨਹੀਂ ਹੋਊ ਤਾਂ ਆਵਾਰਗੀ, ਨਸ਼ਾਖੋਰੀ, ਅਨਿਆਂਈਂ ਹਿੰਸਾ, ਲੁੱਟਖੋਹ, ਅਤੇ ਆਪਸੀ ਖਹਿਬਾਜੀ ਨੇ ਦਿਲ ਦਿਮਾਗ ਨੂੰ ਮੱਲੀ ਰੱਖਣਾ ਹੈ।

ਭਵਿੱਖ ਪ੍ਰਤੀ ਬੇਵਸਾਹੀ ਕਰਕੇ, ਪਿਛਲੇ ਦਿਨਾਂ ਨੂੰ ਯਾਦ ਕਰਨ, ਪਿਛਲੀ ਤਰਜ਼ੇ-ਜ਼ਿੰਦਗੀ ਨੂੰ ਵਡਿਆਉਣ ਦਾ ਵਰਤਾਰਾ ਬੜਾ ਭਾਰੂ ਹੈ। 'ਕੋਈ ਲੌਟਾ ਦੇ ਮੇਰੇ ਬੀਤੇ ਹੋਏ ਦਿਨ'। ਇਹ ਭਾਵ ਗੱਲ-ਬਾਤ ਵਿੱਚੋਂ ਰਿਸ ਕੇ ਸਾਡੇ ਗੀਤਾਂ ਵਿੱਚ ਵੀ ਆਇਆ, 'ਘੱਗਰੇ ਵੀ ਗਏ, ਫੁੱਲਕਾਰੀਆਂ ਵੀ ਗਈਆਂ, ਕੀ ਬਣੂੰ ਦੁਨੀਆਂ ਦਾ'। ਇਹ ਪਿੱਛਲਖੁਰੀ ਸੋਚ ਦਾ ਸੰਤਾਪ ਹੈ। ਅਜੋਕੇ ਬੰਦੇ ਦਾ ਹਾਲ ਚਾਲ ਪੁੱਛੋ, ਜਿਸ ਕੋਲ ਪਹਿਲਾਂ ਸਾਈਕਲ ਨਹੀਂ ਸੀ ਹੁੰਦਾ, ਹੁਣ ਪੱਕਾ ਮਕਾਨ ਹੈ, ਕਾਰ ਅਤੇ ਸਕੂਟਰ ਵੀ ਹੈ, ਤਾਂ ਉਸ ਦਾ ਇਹੀ ਜੁਆਬ ਹੁੰਦੈ ਕਿ ਪਹਿਲਾਂ ਬੜੀ 'ਮੌਜ' ਸੀ। ਜਿਹੜੇ ਵੀ ਪਿੰਡਾਂ ਵਿੱਚ ਜੰਮੇ ਪਲੇ ਹਨ, ਜਿੰਨ੍ਹਾਂ ਨੇ ਬਿਨਾਂ ਬਿਜਲੀ, ਬੱਲਬ, ਪੱਖੇ ਦੇ ਬਚਪਨ ਬਿਤਾਇਆ, ਮੰਜਾ ਖੜ੍ਹਾ ਕਰਕੇ ਨਹਾਤੇ, ਸਾਧ ਦੀਆਂ ਪੁੜੀਆਂ ਨਾਲ ਬੀਮਾਰੀ ਦਾ ਓਹੜ ਪੋਹੜ ਕੀਤਾ, ਚੱਜ ਦੀ ਜੁੱਤੀ ਨੀ ਪਾਈ, ਹੱਡ ਭੰਨਵੀ ਮੁਸ਼ੱਕਤ ਕੀਤੀ, ਉਹ ਕਿਹੜੀ 'ਮੌਜ' ਸੀ, ਇਸ ਦੀ ਸਮਝ ਨਹੀਂ ਆਉਂਦੀ। ਇਹ ਠੀਕ ਹੈ ਕਿ ਚਾਰ ਪੰਜ ਦਹਾਕੇ ਪਹਿਲਾਂ ਜਿੰਦਗੀ ਦੀ ਤੋਰ ਮੱਠੀ ਸੀ, ਮਸ਼ੀਨਰੀ ਬਾਹਲੀ ਨਹੀਂ ਸੀ, ਮੌਕੇ ਘਟ ਸਨ, ਸਭ ਕੁਝ ਸਾਦਾ ਅਤੇ ਸਰਲ ਸੀ। ਪਰ ਇਸ ਵਿੱਚ ਮੌਜ-ਮੇਲਾ ਸੀ, ਇਹ ਖੋਜ ਦਾ ਵਿਸ਼ਾ ਹੈ। ਵੀਹਵੀਂ ਸਦੀ ਦੇ ਚੌਥੇ-ਪੰਜਵੇਂ ਦਹਾਕੇ ਵਿੱਚ, ਕੁੜੀਆਂ ਦੇ ਲੋਕ ਗੀਤਾਂ ਵਿੱਚ ਇਹ ਵਿਗੋਚਾ ਰੜਕਦਾ ਦੇਖਿਆ ਜਾ ਸਕਦੈ, ਜਦੋਂ ਉਹ ਗਾਉਂਦੀਆਂ, 'ਮਾਏ ਮੇਰੀਏ ਨੀ ਮੈਨੂੰ ਬੜਾ ਚਾਅ, ਦੋ ਗੁੱਤਾਂ ਕਰ ਮੇਰੀਆਂ'। ਦੋ ਗੁੱਤਾਂ ਕਰਨੀਆਂ ਹੀ ਵੱਡੀ ਗੱਲ ਸੀ। ਜਾਂ 'ਪੱਕਾ ਘਰ ਟੋਲੀਂ ਬਾਬਲਾ ਜਿੱਥੇ ਲਿੱਪਣੇ ਨਾ ਪੈਣ ਬਨੇਰੇ।' ਇਹ ਗੱਲ ਅੱਜ ਦੇ ਬੱਚਿਆਂ ਨੂੰ ਸ਼ਾਇਦ ਹੀ ਸਮਝ ਆਵੇ।

ਤਬਦੀਲੀਆਂ ਹੁਣ ਬਹੁਤ ਤੇਜੀ ਨਾਲ ਹੋ ਰਹੀਆਂ ਹਨ। ਨਵੀਂਆਂ ਤਕਨੀਕਾਂ, ਆਰਟੀਫਿਸ਼ਲ ਇੰਟੈਲੀਜੈਂਸ ਅਤੇ ਰੋਬੋਟ ਦੇ ਰੋਜ਼-ਮਰਰਾ 'ਚ ਵਧ ਰਹੇ ਦਖਲ ਨੇ, ਆਮ ਹੀ ਨਹੀਂ ਖਾਸ ਬੰਦੇ ਨੂੰ ਵੀ ਬੌਂਦਲਾਅ ਦਿੱਤਾ ਹੈ। ਸਮਾਜਿਕ ਰਿਸ਼ਤੇ ਅਤੇ ਆਰਥਿਕ ਸੰਰਚਨਾਵਾਂ ਤਿੜਕ ਰਹੀਆਂ ਹਨ। ਨਵੀਂਆਂ ਲੋੜਾਂ, ਮੁਤਾਬਿਕ ਨਵੇਂ ਢੰਗ ਤਰੀਕੇ ਕੀ ਹੋਣ, ਰਵੱਈਆ ਕੀ ਹੋਵੇ, ਮਾਹਿਰਾਂ ਨੂੰ ਵੀ ਸੁੱਝ ਨਹੀਂ ਰਿਹਾ। ਥੋੜ੍ਹਿਆਂ ਨੂੰ ਛੱਡ ਕੇ, ਨਵੀਂ ਪੀੜ੍ਹੀ ਦਾ ਵੀ ਇਹੀ ਦੁਖਾਂਤ ਹੈ। ਉਸ ਨੇ ਤਕਨੀਕ ਵਿੱਚ ਤਾਂ ਮੁਹਾਰਤ ਹਾਸਿਲ ਕਰ ਲਈ ਹੈ, ਪਰ ਉਸ ਨੂੰ ਸਮਾਜਿਕ ਸ਼ਕਤੀਆਂ, ਮੰਡੀ, ਪੈਸੇ ਦੀ ਤੋਰ ਦੀ ਥਾਹ ਨਹੀਂ।

ਸੰਭਾਵਨਾਵਾਂ ਭਰਪੂਰ ਇਸ ਦੌਰ ਦਾ ਲਾਹਾ ਲੈਣ ਲਈ, ਹੋ ਰਹੀ ਤਬਦੀਲੀ ਵਿੱਚ ਕਾਰਜਸ਼ੀਲ ਹਾਂ-ਪੱਖੀ ਅਤੇ ਨਾਂਹ-ਪੱਖੀ ਜੁਜਾਂ (Factors) ਨੂੰ ਦੇਖਣ ਦੀ ਲੋੜ ਹੈ। ਰਾਜਿਆਂ ਦੇ ਰਾਜ ਵਾਂਗ, ਕੁਝ ਸਮਾਜਿਕ-ਸੱਭਿਆਚਾਰਕ-ਸਿਆਸੀ ਵਰਤਾਰਿਆਂ ਨੇ ਖਤਮ ਹੋਣਾ ਹੈ, ਇਨ੍ਹਾਂ ਦੀ ਥਾਂ ਨਵਿਆਂ ਨੇ ਲੈਣੀ ਹੈ। ਤਬਦੀਲੀ ਤਾਂ ਹੋਣੀ ਹੀ ਹੋਣੀ ਹੈ। 'ਇਤਿਹਾਸ ਦਾ ਅੰਤ' ਕਹਿਣ ਵਾਲਿਆਂ ਤੋਂ ਇਹ ਨਹੀਂ ਰੁਕਣੀ। ਸਾਡਾ ਜੋਰ ਇਸ ਗੱਲ ਤੇ ਹੋਣਾ ਚਾਹੀਦਾ ਹੈ, ਕਿ ਹੋਣ ਵਾਲੀ ਤਬਦੀਲੀ ਕਿਹੋ ਜਿਹੀ ਹੋਵੇ, ਇਸ ਦਾ ਕੀ ਰੂਪ ਹੋਵੇ ? ਤਬਦੀਲੀਆਂ ਤੋਂ ਮਾੜੇ ਰੁੱਖ ਪ੍ਰਭਾਵਿਤ ਹੋਣ ਵਾਲੀਆਂ ਧਿਰਾਂ ਲਈ ਇਹ ਪੜਚੋਲ, ਸਵੈ-ਪੜਚੋਲ ਦਾ ਸਮਾਂ ਹੈ। ਉਹ ਕਿਹੋ ਜਿਹੀ ਤਬਦੀਲੀ ਚਾਹੁੰਦੇ ਹਨ, ਇਸ ਲਈ ਕੀ ਕੀਮਤ ਅਦਾ ਕਰਨ ਨੂੰ ਤਿਆਰ ਹਨ ?

ਭਾਰੂ ਸਿਆਸੀ, ਸਮਾਜਿਕ, ਸਭਿਆਚਾਰ ਅਤੇ ਰਵਾਇਤੀ ਰੂੜੀਆਂ ਦੇ ਪੱਖੀ ਤਬਦੀਲੀਆਂ ਦੇ ਖਿਲਾਫ ਹਨ। ਉਹ ਆਪਣੇ ਬੀਤੇ ਵੇਲਿਆਂ ਦੀ ਸ਼ਾਨ ਅਤੇ ਅਮੀਰੀ ਦੁਬਾਰਾ ਲਿਆਉਣਾ ਚਾਹੁੰਦੇ ਹਨ। ਅਮਰੀਕੀ ਬੁੱਧੀਜੀਵ ਫੂਕੋ ਨੇ 'ਇਤਿਹਾਸ ਦਾ ਅੰਤ' ਐਲਾਨ ਕਰਕੇ, ਹੋਣ ਵਾਲੀਆਂ ਤਬਦੀਲੀਆਂ ਮੂਹਰੇ ਫੁੱਲ ਸਟਾਪ ਲਾ ਦਿੱਤਾ ਸੀ। ਇਸ ਦਾ ਨਾਂਹ-ਪੱਖੀ ਪ੍ਰਭਾਵ, ਦੁਨੀਆਂ ਦੇ ਸਾਰੇ ਪੜ੍ਹੇ ਲਿਖਿਆਂ ਤੇ ਪਿਆ। ਇਤਿਹਾਸ ਦੇ ਅੰਤ ਵਾਲੀ ਇਹ ਧਾਰਨਾ ਹੀ ਗੈਰਵਿਗਿਆਨਕ ਹੈ।

**ਬਾਕੀ ਸਫ਼ਾ 10 'ਤੇ**

# ਕੇਸ ਰਿਪੋਰਟ

## ਰਾਜਿੰਦਰ ਭਦੌੜ

***(ਇਸ ਕੇਸ ਰਿਪੋਰਟ ਵਿੱਚ ਇੱਕ ਵਿਸ਼ੇਸ਼ ਤਰ੍ਹਾਂ ਦਾ ਮਾਮਲਾ ਹੱਲ ਕਰਨ ਦੀ ਕਹਾਣੀ ਹੈ। ਪਾਠਕਾਂ ਲਈ ਜਿੱਥੇ ਇਹ ਇੱਕ ਜਾਸੂਸੀ ਕਥਾ ਵਾਂਗ ਦਿਲਚਸਪ ਹੈ ਉਥੇ ਉਨ੍ਹਾਂ ਨੂੰ ਆਪਣੇ ਨੌਜਵਾਨ ਬੱਚਿਆਂ, ਬੱਚੀਆਂ ਦੀਆਂ ਸਰਗਰਮੀਆਂ ਪ੍ਰਤੀ ਵੱਧ ਸੁਚੇਤ ਰਹਿਣ ਬਾਰੇ ਸੇਧ ਵੀ ਦਿੰਦੀ ਹੈ। ਸਾਡੇ ਤਰਕਸ਼ੀਲ ਕਾਮਿਆਂ ਨੂੰ ਇਸ ਰਿਪੋਰਟ ਦਾ ਇਸ ਲਈ ਅਧਿਐਨ ਕਰਨਾ ਚਾਹੀਦਾ ਹੈ ਕਿ ਕੇਸ ਹੱਲ ਕਰਨ ਸਮੇਂ ਕਿਵੇਂ ਕਈ ਵਾਰ ਗਲਤ ਇਸ਼ਾਰੇ ਮਿਲਦੇ ਹਨ, ਗਲਤ ਬੰਦਿਆਂ ਉੱਤੇ ਸ਼ੱਕ ਉਤਪੰਨ ਹੁੰਦਾ ਹੈ ਪਰ ਤਟਫੱਟ ਕਿਸੇ ਸਿੱਟੇ ਉੱਤੇ ਪਹੁੰਚਣ ਦੀ ਬਜਾਏ ਸਾਰੇ ਪਹਿਲੂਆਂ ਦੀ ਡੂੰਘਾਈ ਨਾਲ ਛਾਣਬੀਨ ਕੀਤੀ ਜਾਵੇ ਤਾਂ ਸਹੀ ਕਾਰਨ ਲੱਭ ਹੀ ਜਾਂਦਾ ਹੈ। -ਸੰਪਾਦਕ)***

ਤਰਕਸ਼ੀਲ ਸੁਸਾਇਟੀ 1984 ਵਿੱਚ ਬਣੀ ਸੀ। ਸੁਸਾਇਟੀ ਨੇ ਬਣਨ ਤੋਂ ਲੈ ਕੇ ਹੀ ਅਖੌਤੀ ਭੂਤਾਂ-ਪ੍ਰੇਤਾਂ, ਬੁਰੀਆਂ ਆਤਮਾਵਾਂ ਦੇ ਸਤਾਏ ਲੋਕਾਂ ਅਤੇ ਅੰਧਵਿਸ਼ਵਾਸ ਵਿੱਚ ਪਏ ਹੋਏ ਲੋਕਾਂ ਦੇ ਹਜ਼ਾਰਾਂ ਹੀ ਪਰਿਵਾਰਕ, ਸਮਾਜਿਕ ਅਤੇ ਮਾਨਸਿਕ ਕੇਸ ਹੱਲ ਕੀਤੇ ਹਨ। ਇਸ ਖੇਤਰ ਵਿੱਚ ਸੁਸਾਇਟੀ ਮੈਂਬਰਾਂ ਦੀ ਕੋਈ ਵਿਸ਼ੇਸ਼ ਪੜ੍ਹਾਈ ਜਾਂ ਤਜਰਬਾ ਨਹੀਂ ਸੀ ਕਿ ਭੂਤਾਂ ਪ੍ਰੇਤਾਂ ਵਾਲੇ ਕੇਸ ਕਿਉਂ ਵਾਪਰਦੇ ਹਨ, ਪਰ ਇੱਕ ਗੱਲ ਪੱਕੀ ਸੀ ਕਿ ਭੂਤਾਂ ਪ੍ਰੇਤਾਂ ਦੀ ਕੋਈ ਹੋਂਦ ਨਹੀਂ ਹੁੰਦੀ, ਸੋ ਅਜਿਹੇ ਕੇਸ ਵਾਪਰਨ ਦੇ ਕੋਈ ਹੋਰ ਕਾਰਨ ਹੋਣਗੇ। ਸ਼ੁਰੂ ਵਿੱਚ ਕੇਸ ਆਉਂਦੇ ਸਨ ਕਿ ਕਿਸੇ ਦੇ ਘਰ ਇੱਟਾਂ ਰੋੜੇ ਵੱਜਦੇ ਹਨ, ਪੇਟੀ ਵਿੱਚ ਰੱਖੇ ਜਾਂ ਟਰੰਕ ਵਿੱਚ ਪਏ ਕੱਪੜੇ ਆਪਣੇ ਆਪ ਕੱਟੇ ਜਾਂਦੇ ਹਨ ਜਾਂ ਅੱਗ ਲੱਗ ਜਾਂਦੀ ਹੈ, ਘਰ ਵਿੱਚ ਖ਼ੂਨ ਦੇ ਛਿੱਟੇ ਡਿੱਗਦੇ ਹਨ, ਦੰਦਲਾਂ ਦੌਰੇ ਪੈਂਦੇ ਹਨ, ਹੱਥ ਪੈਰ ਮੁੜ ਜਾਂਦੇ ਹਨ, ਸਿਰ ਘੁੰਮਣ ਲੱਗ ਜਾਂਦਾ ਹੈ, ਕੋਈ ਮਰਿਆ ਹੋਇਆ ਵਿਅਕਤੀ ਕਿਸੇ ਵਿੱਚ ਆ ਕੇ ਹੂਬਹੂ ਬੋਲਦਾ ਹੈ। ਸੁਸਾਇਟੀ ਕੋਲ ਇਹਨਾਂ ਕੇਸਾਂ ਦੇ ਵਾਪਰਨ ਮਗਰ ਕੰਮ ਕਰਦੇ ਮਾਨਸਿਕ, ਪਰਿਵਾਰਕ, ਆਰਥਿਕ ਅਤੇ ਸਰੀਰਕ ਕਾਰਨ ਸਾਹਮਣੇ ਆਏ – ਜਿਵੇਂ ਪਰਿਵਾਰ ਵਿੱਚ ਕੰਮ ਦੀ ਵੰਡ ਵਿੱਚ ਵਿਤਕਰਾ, ਸਮਰੱਥਾ ਅਤੇ ਇਛਾਵਾਂ ਵਿੱਚ ਪਾੜਾ, ਲੋਕਾਂ ਵਿੱਚ ਭੂਤਾਂ ਪ੍ਰੇਤਾਂ ਦੀ ਹੋਂਦ ਵਿੱਚ ਵਿਸ਼ਵਾਸ ਦਾ ਹੋਣਾ, ਵੱਡੇ ਪਰਿਵਾਰਾਂ ਅੰਦਰ ਆਜ਼ਾਦੀ ਅਤੇ ਨਿੱਜਤਾ ਦਾ ਮਸਲਾ, ਮਰਦ ਪ੍ਰਧਾਨ ਸਮਾਜ ਅੰਦਰ ਔਰਤ ਦੀਆਂ ਮਾੜੀਆਂ ਜੀਵਨ ਹਾਲਤਾਂ, ਪਰਿਵਾਰਾਂ ਦੀ ਵੰਡ-ਵੰਡਾਈ ਸਮੇਂ ਵਿਤਕਰਾ, ਅਨੁਵੰਸ਼ਕ ਕਾਰਨ, ਸੈਕਸ ਪ੍ਰਤੀ ਅਧੂਰੀ ਜਾਂ ਗਲਤ ਜਾਣਕਾਰੀ ਆਦਿ ਆਦਿ।

ਕੇਸਾਂ ਨੂੰ ਹੱਲ ਕਰਦਿਆਂ ਸੁਸਾਇਟੀ ਦਾ ਜਿਆਦਾ ਧਿਆਨ ਇਸ ਗੱਲ ਵੱਲ ਹੀ ਰਿਹਾ ਕਿ ਕਾਰਨ ਕੀ ਹੈ। ਕਿਉਂਕਿ ਜਿੰਨਾ ਸਮਾਂ ਕਾਰਨ ਨਹੀਂ ਲੱਭਦਾ ਉਨਾਂ ਸਮਾਂ ਤੁਸੀਂ ਕੇਸ ਨੂੰ ਪੱਕੇ ਤੌਰ ਤੇ ਹੱਲ ਨਹੀਂ ਕਰ ਸਕਦੇ। ਜੇਕਰ ਕਾਰਨ ਪਤਾ ਨਹੀਂ ਹੈ ਤਾਂ ਕੇਸ ਭਾਵੇਂ ਵਕਤੀ ਤੌਰ ਤੇ ਤੁਹਾਡੇ ਪ੍ਰਭਾਵ ਅਧੀਨ ਹੱਲ ਹੋ ਵੀ ਜਾਵੇ, ਫਿਰ ਕਿਸੇ ਬਦਲਵੇਂ ਰੂਪ ਵਿੱਚ ਸਾਹਮਣੇ ਆਵੇਗਾ ਹੀ। 5–7 ਪ੍ਰਤੀਸ਼ਤ ਕੁਝ ਕੁ ਸ਼ੈਤਾਨ ਮਾਨਸਿਕਤਾ ਵਾਲੇ ਲੋਕਾਂ ਨੂੰ ਛੱਡ ਕੇ ਬਾਕੀ ਸਾਰੇ ਮਸਲੇ ਪੀੜਤ ਪ੍ਰਤੀ ਹਮਦਰਦੀ ਭਰਿਆ ਰਵਈਆ ਬਣਾਉਣ ਨਾਲ ਹੀ ਹੱਲ ਹੋ ਜਾਂਦੇ ਹਨ ਭਾਵੇਂ ਕੋਈ ਘਰ ਵਿੱਚ ਅੱਗ ਹੀ ਕਿਉਂ ਨਾ ਲਾਉਂਦਾ ਹੋਵੇ, ਕਿਉਂਕਿ ਮੁੱਖ ਦੋਸ਼ੀ ਨੂੰ ਮਾਹੌਲ ਹੀ ਅਜਿਹਾ ਮਿਲਿਆ ਕਿ ਉਹ ਮਾਨਸਿਕ ਰੋਗੀ ਹੋ ਗਿਆ।

40–41 ਸਾਲ ਬੀਤ ਜਾਣ ਨਾਲ, ਪੜ੍ਹਾਈ ਵਿੱਚ ਵਾਧਾ ਹੋਣ, ਮੋਬਾਈਲ, ਸੋਸ਼ਲ ਮੀਡੀਆ ਦੇ ਪ੍ਰਭਾਵ, ਪੂੰਜੀਵਾਦ ਵੱਲੋਂ ਬਾਜ਼ਾਰ ਵਿੱਚ ਲਿਆਂਦੀਆਂ ਵਸਤੂਆਂ ਦੀ ਖਿੱਚ, ਪਰਿਵਾਰਾਂ ਦੇ ਛੋਟੇ ਹੋ ਜਾਣ ਅਤੇ ਸੁਸਾਇਟੀ ਵੱਲੋਂ ਹੱਲ ਕੀਤੇ ਕੇਸਾਂ ਦਾ ਪ੍ਰਚਾਰ ਹੋਣ ਜਿਹੇ ਕਾਰਨਾਂ ਕਰਕੇ ਸਮਾਜ ਵਿੱਚ ਵਾਪਰਦੇ ਜਾਂ ਸੁਸਾਇਟੀ ਕੋਲ ਆਉਂਦੇ ਕੇਸਾਂ ਵਿੱਚ ਵੀ ਬਹੁਤ ਤਬਦੀਲੀ ਆ ਗਈ ਹੈ। ਉਹ ਕੇਸ ਜਿਹੜੇ ਪਹਿਲਾਂ ਆਮ ਹੀ ਆਉਂਦੇ ਸਨ ਹੁਣ ਉਹ ਕਦੇ ਕਦਾਈ ਹੀ ਵਾਪਰਦੇ ਹਨ ਜਿਵੇਂ ਘਰਾਂ ਵਿੱਚ ਇੱਟਾਂ ਰੋੜੇ ਵੱਜਣਾ ਪੇਟੀ ’ਚ ਕੱਪੜੇ ਕੱਟੇ ਜਾਣਾ ਅੱਗ ਲੱਗਣਾ, ਖ਼ੂਨ ਦੇ ਛਿੱਟੇ, ਭੂਤ ਪ੍ਰੇਤ ਦਿਸਣਾ ਆਦਿ। ਹੁਣ ਜਿਆਦਾ ਕੇਸ ਆਉਂਦੇ ਹਨ – ਪੜ੍ਹਾਈ ਦੇ ਦਬਾਅ ਕਾਰਨ ਬੱਚਿਆਂ ਦਾ ਵਿਗੜਿਆ ਮਾਨਸਿਕ ਸੰਤੁਲਨ, ਲੜਕੇ ਲੜਕੀਆਂ ਦੇ ਗੈਰ-ਸਮਾਜਿਕ ਸਬੰਧ, ਰੋਜਗਾਰ ਦੇ ਮੌਕੇ ਘਟਣ ਕਾਰਨ ਡਿਪਰੈਸ਼ਨ, ਸਮਰੱਥਾ ਤੇ ਇਛਾਵਾਂ ਵਿੱਚ ਅੰਤਰ ਵੱਡਾ ਹੋ ਜਾਣ ਕਾਰਨ ਮਾਨਸਿਕ ਤਨਾਅ ਪੈਦਾ ਹੋਣਾ ਆਦਿ। ਤਰਕਸ਼ੀਲ ਸੋਸਾਇਟੀ ਪੰਜਾਬ ਅੰਦਰ ਰੋਜਾਨਾ ਹੀ ਵੱਖ-ਵੱਖ ਤਰ੍ਹਾਂ ਦੇ ਕੇਸਾਂ ਨੂੰ ਹੱਲ ਕਰਦੀ ਆ ਰਹੀ ਹੈ। ਤੁਹਾਡੇ ਨਾਲ ਇੱਕ ਕੇਸ ਦੀ ਰਿਪੋਰਟ ਸਾਂਝੀ ਕਰ ਰਹੇ ਹਾਂ ਤਾਂ ਕਿ ਅਜਿਹੀਆਂ

ਹਾਲਤਾਂ ਬਣ ਜਾਣ ਤੋਂ ਪਹਿਲਾਂ ਹੀ ਅਸੀਂ ਗੰਭੀਰਤਾ ਨਾਲ ਬੱਚਿਆਂ ਵੱਲ ਵੱਧ ਧਿਆਨ ਦੇਈਏ।

-----

ਘਟਨਾ ਮੋਗਾ ਜ਼ਿਲ੍ਹੇ ਦੇ ਇੱਕ ਪਿੰਡ ਦੀ ਹੈ। ਕਰਿਆਨੇ ਦੀ ਦੁਕਾਨ ਕਰਦਾ ਇੱਕ ਛੋਟਾ ਕਾਰੋਬਾਰੀ ਦੁਕਾਨ ਦੇ ਨਾਲ ਨਾਲ ਕਈ ਸਹਾਇਕ ਕੰਮ ਕਰਦਾ ਹੋਇਆ ਆਪਣੀ ਕਬੀਲਦਾਰੀ ਨੂੰ ਵਧੀਆ ਤਰੀਕੇ ਨਾਲ ਚਲਾ ਰਿਹਾ ਸੀ। ਚੰਗੀ ਕਮਾਈ ਕਰਕੇ ਆਪਣੇ ਤਿੰਨਾਂ ਬੱਚਿਆਂ ਨੂੰ ਉਚੇਰੀ ਪੜ੍ਹਾਈ ਕਰਾ ਕੇ ਕੁਝ ਬਣਿਆ ਦੇਖਣ ਲਈ ਦਿਨ ਰਾਤ ਸਖਤ ਮਿਹਨਤ ਕਰਦਾ ਸੀ। ਵੱਡੀ ਲੜਕੀ ਪੜ੍ਹਾਈ ਕਰਕੇ ਟੀਚਰ ਲੱਗ ਗਈ ਸੀ, ਉਸ ਤੋਂ ਛੋਟੀ ਕਾਲਜ ਪੜ੍ਹਦੀ ਬਹੁਤ ਹੁਸ਼ਿਆਰ ਸੀ ਅਤੇ ਪਲੱਸ ਟੂ ਵਿੱਚ ਸਕੂਲੇ ਪੜ੍ਹਦਾ ਲੜਕਾ ਵੀ ਪਹਿਲੀਆਂ ਪੁਜੀਸ਼ਨਾਂ ’ਤੇ ਹੀ ਆਉਂਦਾ ਸੀ। ਤਿੰਨੇ ਬੱਚੇ ਮਾਪਿਆਂ ਨਾਲ ਕੰਮ ਵਿੱਚ ਵੀ ਪੂਰਾ ਹੱਥ ਵਟਾਉਂਦੇ ਸਨ। ਕਮਾਈ ਦੀ ਬੱਚਤ ਵਿੱਚੋਂ ਪੜ੍ਹਾਈ ਅਤੇ ਕਬੀਲਦਾਰੀ ਦੀਆਂ ਆਉਣ ਵਾਲੇ ਸਮੇਂ ਵਿੱਚ ਦਿਸਦੀਆਂ ਵੱਡੀਆਂ ਲੋੜਾਂ ਲਈ ਪਰਿਵਾਰ ਸਮੇਂ ਸਮੇਂ ਤੇ ਬੈਂਕ ਵਿੱਚ ਪੈਸੇ ਜੋੜਦਾ ਅਤੇ ਸੋਨਾ ਵੀ ਖਰੀਦ ਲੈਂਦਾ।

ਹੌਲੀ ਹੌਲੀ ਦੁਕਾਨ ਦੀ ਆਮਦਨ ਘੱਟ ਹੋਣ ਲੱਗੀ, ਸੌਦਾ ਤਾਂ ਪਹਿਲਾਂ ਜਿੰਨਾ ਹੀ ਵਿਕਦਾ ਪਰ ਜਦੋਂ ਅੱਠ ਦਸ ਦਿਨ ਬਾਅਦ ਹਿਸਾਬ ਕਰਦੇ ਤਾਂ ਕਈ ਵਾਰੀ ਬੱਚਤ ਕੁਝ ਵੀ ਨਹੀਂ ਹੁੰਦੀ ਸੀ ਭਾਵ ਗੱਲੇ ਵਿੱਚੋਂ ਪੈਸੇ ਚੋਰੀ ਹੋਣੇ ਸ਼ੁਰੂ ਹੋ ਗਏ। ਕਈ ਵਾਰੀ ਤਾਂ ਜਿੰਦਾ ਲੱਗੀ ਪੇਟੀ ਵਿੱਚ ਲੁਕੋ ਕੇ ਰੱਖੇ ਪੈਸੇ ਵੀ ਚੋਰੀ ਹੋ ਗਏ। ਚਾਬੀ ਭਾਵੇਂ ਘਰ ਦੀ ਮਾਲਕਨ ਨੇ ਸੰਭਾਲੀ ਹੁੰਦੀ ਸੀ। ਇੱਕ ਵਾਰੀ ਸਕੂਲ ਅਧਿਆਪਕਾ ਲੜਕੀ ਨੇ ਬੱਚਿਆਂ ਤੋਂ ਇਕੱਠੀ ਹੋਈ ਦਾਖਲਾ ਫੀਸ ਦੇ 10 ਹਜਾਰ ਦੇ ਲਗਭਗ ਰੁਪਏ ਪਰਸ ਵਿੱਚ ਘਰ ਲੈ ਆਂਦੇ, ਉਹ ਵੀ ਸਾਰੇ ਗਾਇਬ ਹੋ ਗਏ। ਬਹੁਤ ਭਾਲ ਕੀਤੀ ਪਰ ਕੋਈ ਪਤਾ ਨਾ ਲੱਗਾ।

ਪਰਿਵਾਰ ਦੀ ਦੂਰ ਦੀ ਰਿਸ਼ਤੇਦਾਰੀ ਵਿੱਚ ਇੱਕ ਵਿਅਕਤੀ, ਜੋ ਕਿਸੇ ਵੇਲੇ ਤਰਕਸ਼ੀਲ ਸੋਸਾਇਟੀ ਦਾ ਮੈਂਬਰ ਰਿਹਾ ਸੀ, ਉਹ ਆਪਣੇ ਇੱਕ ਹੋਰ ਸਾਥੀ ਨੂੰ ਕੇਸ ਹੱਲ ਕਰਨ ਲਈ ਲੈ ਕੇ ਆਇਆ। ਜਾਂਚ-ਪੜਤਾਲ ਕਰਕੇ ਉਹ ਇਸ ਨਤੀਜੇ ਉੱਤੇ ਪਹੁੰਚੇ ਕਿ ਇਹ ਸਾਰੀ ਕਾਰਵਾਈ ਪਲੱਸ ਟੂ ਵਿੱਚ ਪੜ੍ਹਦੇ ਲੜਕੇ ਦੀ ਹੈ। ਉਸ ਦਾ ਡੋਪ-ਟੈਸਟ ਵੀ ਕਰਵਾਇਆ ਗਿਆ ਪਰ ਉਸ ਵਿੱਚ ਕੁਝ ਨਾ ਆਇਆ। ਘਰਦਿਆਂ ਨੇ ਚੌਕਸੀ ਵਜੋਂ ਘਰ ਵਿੱਚ ਸੀਸੀਟੀਵੀ ਕੈਮਰੇ ਵੀ ਲਗਵਾ ਲਏ ਅਤੇ ਪੈਸਿਆਂ ਦੀ ਸੰਭਾਲ ਵੀ ਵਧਾ ਦਿੱਤੀ।

ਕੁਝ ਹੀ ਦਿਨਾਂ ਬਾਅਦ ਟਾਪਸ ਚੋਰੀ ਹੋ ਗਏ, ਫਿਰ ਦੋ ਛਾਪਾਂ ਅਤੇ ਫਿਰ ਵਾਲੀਆਂ। ਪਰਿਵਾਰ ਦੀ ਚਿੰਤਾ ਦਿਨੋ ਦਿਨ ਵਧਦੀ ਗਈ। ਘਟਨਾਵਾਂ ਦਾ ਸਿਖਰ ਉਹਨਾਂ ਦਾ ਸੱਤ ਤੋਲੇ ਸੋਨਾ ਗਾਇਬ ਹੋ ਗਿਆ। ਇਹਨਾਂ ਦਿਨਾਂ ਵਿੱਚ ਬਾਹਰਲਾ ਵਿਅਕਤੀ ਵੀ ਘਰੇ ਕੋਈ ਨਹੀਂ ਆਇਆ ਸੀ। ਘਰ ਦੀ ਮਾਲਕਣ ਨੂੰ ਦੌਰੇ ਪੈਣੇ ਸ਼ੁਰੂ ਹੋ ਗਏ। ਮਨੋਰੋਗ ਮਾਹਰ ਡਾਕਟਰ ਦੀ ਦਵਾਈ ਵੀ ਸ਼ੁਰੂ ਕਰਨੀ ਪਈ। ਆਮਦਨ ਤਾਂ ਪਹਿਲਾਂ ਹੀ ਘਟੀ ਹੋਈ ਸੀ ਉੱਤੋਂ ਦਵਾਈ ਦਾ ਖਰਚਾ ਸ਼ੁਰੂ ਹੋ ਗਿਆ।

ਪਰਿਵਾਰਿਕ ਰਿਸ਼ਤੇਦਾਰ, ਜੋ ਪੁਰਾਣਾ ਤਰਕਸ਼ੀਲ ਮੈਂਬਰ ਰਿਹਾ ਸੀ, ਉਸ ਨੇ ਮੇਰੇ ਨਾਲ ਸੰਪਰਕ ਕੀਤਾ ਤੇ ਉਕਤ ਘਟਨਾ ਬਿਆਨ ਕੀਤੀ ਪਰ ਪਹਿਲਾਂ ਪੜਤਾਲ ਕਰਨ ਅਤੇ ਲੜਕੇ ਨੂੰ ਦੋਸ਼ੀ ਟਿੱਕਣ ਵਾਲੀ ਗੱਲ ਉਸਨੇ ਮੇਰੇ ਨਾਲ ਸਾਂਝੀ ਨਾ ਕੀਤੀ। ਇਸ ਕੇਸ ਨੂੰ ਹੱਲ ਕਰਨ ਲਈ ਮੇਰੇ ਨਾਲ ਗੁਰਪ੍ਰੀਤ ਸ਼ਹਿਣਾ ਅਤੇ ਮੱਖਣ ਸਿੰਘ ਭੋਤਨਾ, ਤਿੰਨ ਮੈਂਬਰੀ ਟੀਮ ਨੇ ਘਰ ਜਾ ਕੇ ਜਾਂਚ ਪੜਤਾਲ ਕੀਤੀ ਤਾਂ ਇਹ ਗੱਲ ਪਹਿਲਾਂ ਹੀ ਸਾਫ ਹੋ ਗਈ ਕਿ ਇਨ੍ਹਾਂ ਘਟਨਾਵਾਂ ਨਾਲ ਲੜਕੇ ਦਾ ਕੋਈ ਸਬੰਧ ਨਹੀਂ। ਹੋਰ ਇਕੱਠੇ ਕੀਤੇ ਸਬੂਤਾਂ ਵਿੱਚੋਂ ਘਰ ਦਾ ਮੁਖੀ ਅਤੇ ਉਸਦੀ ਪਤਨੀ ਵੀ ਨਿਰਦੋਸ਼ ਸਿੱਧ ਹੋਏ। ਹੁਣ ਮਸਲਾ ਦੋਨ੍ਹਾਂ ਲੜਕੀਆਂ ਵਿੱਚੋਂ ਇੱਕ ਨੂੰ ਟਿੱਕਣ ਦਾ ਸੀ। ਹੋਰ ਡੂੰਘਾਈ ਨਾਲ ਕੀਤੀ ਗਈ ਪੜਤਾਲ ਵਿੱਚ ਸਾਹਮਣੇ ਆਇਆ ਕਿ ਛੋਟੀ ਲੜਕੀ ਮਾਂ ਨਾਲ ਘਰੇਲੂ ਕੰਮ ਵਿੱਚ ਬਹੁਤ ਹੱਥ ਵਟਾਉਂਦੀ ਹੈ ਪਰ ਵੱਡੀ ਲੜਕੀ ਘਰ ਵਿੱਚ ਘੱਟ ਹੀ ਗੱਲਬਾਤ ਕਰਦੀ ਹੈ। ਉਹ ਵਿਆਹ ਕਰਵਾ ਕੇ ਵਿਦੇਸ਼ ਜਾਣਾ ਚਾਹੁੰਦੀ ਹੈ। ਪਰ ਉਸਦਾ ਵਿਦੇਸ਼ ਜਾਣ ਵਾਲੇ ਲੜਕੇ ਨਾਲ ਰਿਸ਼ਤਾ ਸਿਰੇ ਨਾ ਚੜ੍ਹਿਆ ਕਿਉਂਕਿ 20-22 ਲੱਖ ਰੁਪਏ ਲਾਉਣਾ ਘਰ ਦੀ ਪਹੁੰਚ ਵਿੱਚ ਨਹੀਂ ਸੀ ਅਤੇ ਮਾਪੇ ਇਹ ਵੀ ਸੋਚਦੇ ਸਨ ਕਿ ਸਰਕਾਰੀ ਅਧਿਆਪਕਾ ਲੱਗੀ ਹੈ, ਇਥੇ ਹੀ ਚੰਗਾ ਰਿਸ਼ਤਾ ਮਿਲ ਜਾਵੇਗਾ। ਪਰ ਰਿਸ਼ਤਾ ਸਿਰੇ ਨਾ ਚੜ੍ਹਨ ਕਰਕੇ ਵੱਡੀ ਲੜਕੀ ਮਾਯੂਸ ਜਿਹੀ ਰਹਿਣ ਲੱਗ ਪਈ ਸੀ। ਸੱਤ ਤੋਲੇ ਸੋਨਾ ਵੀ ਰਿਸ਼ਤਾ ਸਿਰੇ ਨਾ ਚੜ੍ਹਨ ਤੋਂ ਬਾਅਦ ਹੀ ਗਾਇਬ ਹੋਇਆ ਸੀ। ਪਰਿਵਾਰ ਦੇ ਇਕ ਮੈਂਬਰ ਨੇ ਸਾਡੇ ‘ਤੇ ਇਹ ਦਲੀਲ ਵੀ ਭਾਰੂ ਕਰ ਦਿੱਤੀ ਕਿ ਸਾਨੂੰ ਲੱਗਦਾ ਹੈ ਕਿ ਵੱਡੀ ਲੜਕੀ ਨੇ ਸੋਨਾ ਵੇਚ ਕੇ ਪੈਸੇ ਜਾਂ ਸੋਨਾ ਹੀ ਉਸ ਲੜਕੇ ਨੂੰ ਦੇ ਦਿੱਤਾ ਹੈ ਜਿਸ ਨਾਲ ਲੜਕਾ ਵਿਦੇਸ਼ ਚਲਾ ਗਿਆ ਹੈ। ਸੋਨਾ ਗਾਇਬ ਹੋਣ ਤੇ ਲੜਕੇ ਦੇ ਵਿਦੇਸ਼ ਜਾਣ ਦੀਆਂ ਤਰੀਕਾਂ ਵਿੱਚ ਤਾਲਮੇਲ ਵੀ ਬੈਠਦਾ ਸੀ। ਅਸੀਂ ਵੱਡੀ ਲੜਕੀ ‘ਤੇ ਪ੍ਰੈਸ਼ਰ ਪਾ ਕੇ ਮਨਵਾਉਣਾ ਚਾਹਿਆ ਪਰ ਉਹ ਨਾ ਮੰਨੀ, ਚਾਹੇ ਇਹ

ਜਰੂਰ ਕਹੇ ਕਿ ਹੁਣ ਮੈਂ ਪੂਰਾ ਧਿਆਨ ਰੱਖਾਂਗੀ ਕਿ ਪੈਸਾ, ਸੋਨਾ ਗਾਇਬ ਨਾ ਹੋਵੇ। ਇਸ ਕਰਕੇ ਸਾਡਾ ਉਸਤੇ ਸ਼ੱਕ ਕਾਇਮ ਸੀ।

ਪਰਿਵਾਰ ਨੂੰ ਦੋਵਾਂ ਲੜਕੀਆਂ ਦੇ ਫੋਨ ਤੇ ਨਜ਼ਰ ਰੱਖਣ ਲਈ ਵੀ ਕਹਿ ਦਿੱਤਾ ਗਿਆ। ਇਹ ਇਸ ਕਰਕੇ ਵੀ ਜਰੂਰੀ ਸੀ ਕਿਉਂਕਿ ਪੜਤਾਲ ਵਿੱਚ ਪੂਰੀ ਤਸੱਲੀ ਨਹੀਂ ਹੋ ਰਹੀ ਸੀ। ਦੋਵਾਂ ਲੜਕੀਆਂ ਨੂੰ 15 ਦਿਨ ਫੋਨ ਨਾਲ ਲਿਜਾਣ ਤੇ ਪਾਬੰਦੀ ਲਗਾ ਦਿੱਤੀ ਗਈ। ਛੋਟੀ ਲੜਕੀ ਦੇ ਫੋਨ ਉੱਤੇ ਇੱਕ ਦੋ ਵਾਰੀ ਰਿੰਗ ਤਾਂ ਆਈ ਪਰ ਫੋਨ ਉਠਾਉਣ ਤੇ ਅੱਗੋਂ ਕੋਈ ਬੋਲਿਆ ਨਾ ਕਰੇ। ਲੜਕੇ ਨੂੰ ਸ਼ੱਕ ਹੋਇਆ। ਉਹ ਆਪਣੇ ਫੋਨ ਦਾ ਵਟਸਐਪ ਛੋਟੀ ਭੈਣ ਦੇ ਫੋਨ ਨਾਲ ਅਟੈਚ ਕਰਨ ਵਿੱਚ ਕਾਮਯਾਬ ਹੋ ਗਿਆ। ਲੜਕੀ ਜਿਹੜੀ ਵੀ ਚੈਟ ਕਿਸੇ ਲੜਕੇ ਨਾਲ ਕਰਦੀ ਸੀ ਉਸ ਨੂੰ ਜਲਦੀ ਹੀ ਡਿਲੀਟ ਕਰ ਦਿੰਦੀ, ਪਰ ਲੜਕਾ ਉਸ ਤੋਂ ਵੀ ਤੇਜ ਨਿਕਲਿਆ। ਜਦੋਂ ਵੀ ਕੋਈ ਚੈਟ ਹੁੰਦੀ ਲੜਕਾ ਨਾਲ ਦੀ ਨਾਲ ਸਕਰੀਨ ਸ਼ਾਟ ਲੈ ਲੈਂਦਾ। ਸੱਤ ਅੱਠ ਦਿਨ ਦੀ ਚੈਟ ਦੇ ਸਕਰੀਨ ਸ਼ਾਟ ਲੈ ਕੇ ਲੜਕੇ ਨੇ ਮੇਰੇ ਫੋਨ ਤੇ ਭੇਜ ਦਿੱਤੇ। ਚੈਟ ਪੜ੍ਹਨ ਤੇ ਇਸ ਗੱਲ ਦੇ ਪੱਕੇ ਸਬੂਤ ਮਿਲ ਗਏ ਕਿ ਪੈਸੇ ਅਤੇ ਸੋਨਾ ਗਾਇਬ ਕਰਨ ਵਿੱਚ ਛੋਟੀ ਲੜਕੀ ਦਾ ਹੀ ਹੱਥ ਸੀ।

ਹੁਣ ਸਾਡੀ ਟੀਮ ਦਾ ਦੂਸਰਾ ਗੇੜਾ ਸੀ। ਲੜਕੀ ਨੂੰ ਬਿਨਾਂ ਚੈਟ ਦਿਖਾਇਆਂ ਕਿਹਾ ਗਿਆ ਕਿ ਤੇਰਾ ਕਿਸੇ ਲੜਕੇ ਨਾਲ ਗਲਤ ਤਰ੍ਹਾਂ ਦਾ ਸਬੰਧ ਹੈ। ਤੂੰ ਹੀ ਪੈਸਾ ਅਤੇ ਸੋਨਾ ਉਸ ਲੜਕੇ ਨੂੰ ਦਿੱਤਾ ਹੈ। ਪਹਿਲਾਂ ਤਾਂ ਉਸਨੇ ਪੈਰਾਂ 'ਤੇ ਪਾਣੀ ਨਹੀਂ ਪੈਣ ਦਿੱਤਾ। ਤਦ ਸਾਨੂੰ ਵੀ ਆਖਰੀ ਹਥਿਆਰ ਵਰਤਣਾ ਪਿਆ। ਫੋਨ ਉਤੇ ਕੀਤੀ ਚੈਟ ਦੇ ਸਕਰੀਨ ਸ਼ਾਟ ਮੈਂ ਪਹਿਲਾਂ ਆਪਣੇ ਫੋਨ ਤੋਂ ਗੁਰਪ੍ਰੀਤ ਸ਼ਹਿਣਾ ਦੇ ਫੋਨ 'ਤੇ ਭੇਜ ਕੇ ਉਸਨੂੰ ਦਿਖਾਏ ਤਾਂ ਕਿ ਉਸਨੂੰ ਇਹ ਪਤਾ ਨਾ ਲੱਗ ਜਾਏ ਕਿ ਉਸ ਦੇ ਭਰਾ ਨੇ ਹੀ ਇਹ ਚੈਟ ਸਾਨੂੰ ਭੇਜੀ ਹੈ। ਹੁਣ ਉਸ ਕੋਲ ਸਾਰੀ ਸਚਾਈ ਮੰਨ ਲੈਣ ਤੋਂ ਬਿਨਾਂ ਚਾਰਾ ਹੀ ਕੋਈ ਨਹੀਂ ਸੀ। ਉਸਨੇ ਸ਼ੁਰੂ ਤੋਂ ਲੈ ਕੇ ਸਾਰਾ ਕੁਝ ਬਿਆਨ ਕਰ ਦਿੱਤਾ। ਦੋ ਲੱਖ ਰੁਪਏ ਦੇ ਲਗਭਗ ਨਗਦ ਅਤੇ ਲਗਭਗ 10 ਤੋਲੇ ਸੋਨਾ ਇਸ ਲੜਕੀ ਤੇ ਇਸ ਦੇ ਦੋਸਤ ਨੇ ਮਿਲ ਕੇ ਉਡਾ ਦਿੱਤਾ ਸੀ। ਉਸ ਨੂੰ ਕਿਹਾ ਕਿ ਸੋਨਾ ਵਾਪਸ ਕਰ ਦੇਵੇ ਫਿਰ ਉਸਨੇ ਦੱਸਿਆ ਕਿ ਸੋਨਾ ਤਾਂ ਤਿੰਨ ਦੁਕਾਨਦਾਰਾਂ ਨੂੰ ਵੇਚਿਆ ਗਿਆ ਸੀ। ਚੋਰੀ ਚੋਰੀ ਵੇਚਣ ਕਾਰਨ ਪੈਸੇ ਵੀ ਅੱਧੇ ਕੁ ਹੀ ਪੱਲੇ ਪਏ ਸਨ। 'ਇੰਨੇ ਪੈਸੇ ਕਿੱਥੇ ਖਰਚ ਹੁੰਦੇ ਸਨ?' ਦੇ ਜਵਾਬ ਵਿੱਚ ਉਸਨੇ ਕਿਹਾ ਕਿ 'ਕੁਝ ਤਾਂ ਮੋਗੇ ਜਾ ਕੇ ਖਾਣ ਪੀਣ ਵਿੱਚ ਲੱਗ ਜਾਂਦੇ ਸਨ, ਕੁਝ ਮੇਰਾ ਦੋਸਤ ਨਗਦ ਲੈ ਜਾਂਦਾ ਸੀ।' ਮੁੰਡਾ ਲੁਧਿਆਣੇ ਤੋਂ ਮੋਗੇ ਪਹੁੰਚਦਾ ਸੀ। ਇੱਕ ਐਪਲ ਦਾ ਫੋਨ ਵੀ ਲਿਆ। ਵੱਡੀ ਗੱਲ ਜੋ ਸਾਹਮਣੇ ਆਈ ਕਿ ਹੋਟਲ ਵਾਲੇ ਇੱਕ ਘੰਟਾ ਠਹਿਰਨ ਦੇ 15 ਤੋਂ 20 ਹਜਾਰ ਤੱਕ ਲੈ ਲੈਂਦੇ ਸਨ। ਉਸ ਨੇ ਲੜਕੇ ਦਾ ਨਾਮ ਪਤਾ ਸਭ ਕੁਝ ਦੱਸ ਦਿੱਤਾ।

ਪਰਿਵਾਰ ਨੇ ਆਪਣੇ ਕੁਝ ਰਿਸ਼ਤੇਦਾਰ ਲੈ ਕੇ ਲੜਕੇ ਦੇ ਪਿੰਡ ਦੇ ਪੰਚਾਇਤ ਮੈਂਬਰਾਂ ਨਾਲ ਸੰਪਰਕ ਕੀਤਾ ਤਾਂ ਕਿ ਸੋਨਾ ਅਤੇ ਪੈਸੇ ਦੀ ਵਾਪਸੀ ਕਰਵਾਈ ਜਾ ਸਕੇ। ਉਂਝ ਤਾਂ ਪੰਚਾਇਤ ਮੈਂਬਰਾਂ ਨੇ ਹੀ ਦੱਸ ਦਿੱਤਾ ਸੀ ਕਿ ਪਰਿਵਾਰ ਕੋਲ ਦੇਣ ਲਈ ਕੁਝ ਨਹੀਂ ਹੈ, ਪਰ ਪੀੜਤ ਪਰਿਵਾਰ ਦੀ ਤਸੱਲੀ ਨਹੀਂ ਹੋਈ। ਲੜਕੇ ਦੇ ਪਿੰਡ ਜਾ ਕੇ ਹੋਰ ਚਾਰਾਜੋਈ ਕਰਨ ਦੀ ਕੋਸ਼ਿਸ਼ ਵਜੋਂ ਪੰਚਾਇਤ ਮੈਂਬਰਾਂ ਨੂੰ ਨਾਲ ਲੈ ਕੇ ਲੜਕੇ ਦੇ ਘਰ ਗਏ। ਘਰ ਦਾ ਦ੍ਰਿਸ਼ ਬਹੁਤ ਡਰਾਵਨਾ ਸੀ, ਲੜਕਾ ਸਿਰੇ ਦਾ ਨਸ਼ੇੜੀ ਸੀ, ਪਿਤਾ ਦੀ ਮੌਤ ਹੋ ਚੁੱਕੀ ਸੀ, ਘਰ ਵਿੱਚ ਕੋਈ ਵੀ ਅਜਿਹੀ ਚੀਜ਼ ਨਹੀਂ ਸੀ ਜਿਸ ਨੂੰ ਵੇਚ ਕੇ ਨਸ਼ਾ ਕੀਤਾ ਜਾ ਸਕਦਾ ਹੋਵੇ। ਲੜਕੇ ਦੀ ਮਾਂ ਬਿਮਾਰ ਪਈ ਸੀ। ਬੱਸ ਉਸ ਦਾ ਇੱਕੋ ਇੱਕ ਸਹਾਰਾ ਸੀ ਉਸ ਦੀ ਵਿਆਹੀ ਹੋਈ ਧੀ। ਉਹੀ ਉਸਨੂੰ ਦਵਾਈ ਵਗੈਰਾ ਦਵਾ ਜਾਂਦੀ ਸੀ। ਮਾਈ ਨੂੰ ਰੋਟੀ ਪਾਣੀ ਵੀ ਉਸਦੇ ਸ਼ਰੀਕੇ ਵਾਲੇ ਗੁਆਂਢੀ ਹੀ ਦਿੰਦੇ ਸਨ। ਪੁਲਿਸ ਨੂੰ ਰਿਪੋਰਟ ਕਰਕੇ ਅੱਧ ਮੁੱਲ ਸੋਨਾ ਖਰੀਦਣ ਵਾਲਿਆਂ ਤੋਂ ਕੁਝ ਕੁ ਰਿਕਵਰੀ ਹੀ ਹੱਥ ਲੱਗੀ।

ਅੰਤਿਕਾ - ਇਹ ਇੱਕ ਘਰ ਦੀ ਕਹਾਣੀ ਨਹੀਂ ਇਸ ਨਾਲ ਮਿਲਦੇ ਜੁਲਦੇ ਕੇਸਾਂ ਦੀ ਗਿਣਤੀ ਬਹੁਤ ਜਿਆਦਾ ਹੈ। ਕੋਸ਼ਿਸ਼ ਕਰਾਂਗੇ ਕਿ ਅਗਲੇ ਅੰਕਾਂ ਵਿੱਚ ਕੁਝ ਵੰਨਗੀਆਂ ਪਾਠਕਾਂ ਨਾਲ ਹੋਰ ਸਾਂਝੀਆਂ ਕੀਤੀਆਂ ਜਾਣ।

ਅੱਜ ਦੇ ਸਮੇਂ ਵਿੱਚ ਮਾਪਿਆਂ ਨੂੰ ਬਹੁਤ ਸੁਚੇਤ ਰਹਿਣ ਦੀ ਲੋੜ ਹੈ। ਜਦੋਂ ਵੀ ਕੋਈ ਬੱਚਾ ਲੋੜ ਤੋਂ ਜਿਆਦਾ ਖਰਚ ਕਰਦਾ ਹੈ, ਉਸ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਬੱਚੇ ਸੋਸ਼ਲ ਮੀਡੀਏ ਦੇ ਰਾਹੀਂ ਗੁੰਮਰਾਹ ਹੋ ਜਾਂਦੇ ਹਨ। ਅਜਿਹੇ ਕੇਸ ਹੀ ਅੱਗੇ ਜਾ ਕੇ ਰੇਪ ਜਾਂ ਗੈਂਗ-ਰੇਪ ਵਿੱਚ ਬਦਲ ਜਾਂਦੇ ਹਨ। ਅਜਿਹੇ ਸਮੇਂ ਲੜਕੀਆਂ ਨੂੰ ਖਾਸ ਕਰਕੇ ਸੁਚੇਤ ਹੋਣ ਦੀ ਲੋੜ ਹੈ। 95 ਪ੍ਰਤੀਸ਼ਤ ਕੇਸਾਂ ਵਿੱਚ ਲੜਕੀਆਂ ਨੂੰ ਸਬਜ਼ਬਾਗ ਦਿਖਾ ਕੇ ਉਹਨਾਂ ਦਾ ਆਰਥਿਕ, ਸਰੀਰਕ ਅਤੇ ਸਮਾਜਿਕ ਸ਼ੋਸ਼ਣ ਕੀਤਾ ਜਾਂਦਾ ਹੈ। ਪੰਜ ਕੁ ਪ੍ਰਤੀਸ਼ਤ ਕੇਸਾਂ ਵਿੱਚ ਲੜਕੀਆਂ ਦੇ ਗਲਤ ਸੰਗਤ ਵਿੱਚ ਸਰਗਰਮ ਹੋਣ ਅਤੇ ਲੜਕਿਆਂ ਦਾ ਸ਼ੋਸ਼ਣ ਕਰਨ ਦੇ ਮਸਲੇ ਵੀ ਸਾਹਮਣੇ ਆਏ ਹਨ। ਲੋੜ ਹੈ ਇਸ ਮਾੜੇ ਆਰਥਿਕ ਸਮਾਜਿਕ ਮਾਹੌਲ ਅੰਦਰ ਰੁਜ਼ਗਾਰ ਦੇ ਸਮਰੱਥ ਹੋਣ ਦੀ ਅਤੇ ਰੁਜ਼ਗਾਰ ਨਾ ਮਿਲਣ ਦੇ ਕਾਰਨਾਂ ਨੂੰ ਫਰੋਲ ਕੇ ਰੋਸ਼ਨ ਭਵਿੱਖ ਤਲਾਸ਼ ਕਰਨ ਦੀ।

ਮਈ ਦਿਵਸ 2025 ਦੇ ਪ੍ਰਸੰਗ ਵਿੱਚ

# ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦੀ ਕੋਸ਼ਿਸ਼

**ਰਾਜਪਾਲ ਸਿੰਘ**

ਭਾਰਤ ਦੀ ਬਹੁਤ ਵੱਡੀ ਆਈ.ਟੀ. ਕੰਪਨੀ ਇਨਫੋਸਿਸ ਦਾ ਚੇਅਰਮੈਨ ਨਰਾਇਣ ਮੂਰਥੀ ਕਹਿੰਦਾ ਕਿ ਕਾਮਿਆਂ ਨੂੰ ਹਫਤੇ ਵਿੱਚ ਘੱਟੋ ਘੱਟ 70 ਘੰਟੇ ਕੰਮ ਕਰਨਾ ਚਾਹੀਦਾ ਹੈ। ਐਤਵਾਰ ਨੂੰ ਛੱਡ ਕੇ ਜੇ ਬਾਕੀ ਛੇ ਦਿਨ ਦਾ ਹਿਸਾਬ ਲਾਈਏ ਤਾਂ ਇਸ ਦਾ ਭਾਵ ਹੈ ਕਿ ਰੋਜਾਨਾ ਲਗਪੱਗ 12 ਘੰਟੇ ਕੰਮ ਕੀਤਾ ਜਾਵੇ। ਨਰਾਇਣ ਮੂਰਥੀ ਨੇ ਤਾਂ ਕੰਮ ਅਤੇ ਸੌਣ ਦੇ ਘੰਟੇ ਕੱਢ ਕੇ ਚਾਰ ਕੁ ਘੰਟੇ ਬੰਦੇ ਦੇ ਨਹਾਉਣ ਧੋਣ, ਰੋਟੀ ਖਾਣ, ਚਾਹ-ਪਾਣੀ ਪੀਣ ਆਦਿ ਲਈ ਛੱਡ ਹੀ ਦਿੱਤੇ ਹਨ ਪਰ ਇੱਕ ਹੋਰ ਵੱਡੀ ਕਾਰਪੋਰੇਟ ਕੰਪਨੀ ਲਾਰਸਨ ਐਂਡ ਟਿਊਬਰੋ ਦਾ ਚੇਅਰਮੈਨ ਐੱਸ.ਐੱਨ. ਸੁਬਰ੍ਹਾਮਨੀਅਨ ਕਹਿੰਦਾ ਕਿ ਕਾਮਿਆਂ ਨੂੰ 90 ਘੰਟੇ ਕੰਮ ਕਰਨਾ ਚਾਹੀਦਾ ਹੈ। ਉਹ ਕਹਿੰਦਾ ਮੈਨੂੰ ਅਫਸੋਸ ਹੈ ਕਿ ਮੈਂ ਆਪਣੇ ਵਰਕਰਾਂ ਤੋਂ ਐਤਵਾਰ ਕੰਮ ਨਹੀਂ ਕਰਵਾ ਸਕਦਾ, ਜੇ ਮੇਰੇ ਵੱਸ ਹੋਵੇ ਤਾਂ ਮੈਂ ਆਪਣੇ ਮੁਲਾਜ਼ਮਾਂ ਨੂੰ ਐਤਵਾਰ ਵੀ ਬੁਲਾ ਕੇ ਕੰਮ ਕਰਵਾਵਾਂਗਾ। ਸੁਬਰ੍ਹਾਮਨੀਅਨ ਨੇ ਇਹ ਗੱਲਾਂ ਬਿਜਨਸ ਟੂਡੇ ਟੀਵੀ ਉੱਤੇ ਇੱਕ ਇੰਟਰਵਿਊ ਵਿੱਚ ਕਹੀਆਂ ਹਨ ਜੋ ਯੂਟਿਊਬ 'ਤੇ ਸੁਣੀਆਂ ਜਾ ਸਕਦੀਆਂ ਹਨ।

> ***ਕਾਮਿਆਂ ਨੂੰ ਹਫਤੇ ਦੇ 70 ਘੰਟੇ ਕੰਮ ਕਰਨਾ ਚਾਹੀਦਾ ਹੈ - ਇਨਫੋਸਿਸ ਕੰਪਨੀ ਦਾ ਚੇਅਰਮੈਨ ਨਰਾਇਣ ਮੂਰਥੀ***
>
> ***ਨਹੀਂ, ਕਾਮਿਆਂ ਨੂੰ ਹਫਤੇ ਵਿੱਚ 90 ਘੰਟੇ ਕੰਮ ਕਰਨਾ ਚਾਹੀਦਾ ਹੈ, ਇਉਂ ਤਾਂ ਉਹ ਆਪਣੀਆਂ ਪਤਨੀਆਂ ਦੇ ਚਿਹਰੇ ਹੀ ਵੇਖਦੇ ਰਹਿਣਗੇ - ਲਾਰਸਨ ਐਂਡ ਟਿਊਬਰੋ ਦਾ ਚੇਅਰਮੈਨ ਐੱਸ ਐੱਨ ਸੁਬਰਾਮਨੀਅਨ***

ਹੁਣ ਸੁਬਰ੍ਹਾਮਨੀਅਨ ਅਜੇ ਤਾਂ ਐਤਵਾਰ ਵਾਲੇ ਦਿਨ ਕਾਮਿਆਂ ਨੂੰ ਬੁਲਾ ਨਹੀਂ ਸਕਦਾ। ਇਸ ਦਾ ਮਤਲਬ ਹੈ ਕਿ ਹਫ਼ਤੇ ਦੇ 90 ਘੰਟੇ ਪੂਰਾ ਕਰਨ ਲਈ ਕਾਮੇ ਨੂੰ ਹਰ ਰੋਜ਼ 15 ਘੰਟੇ ਕੰਮ ਕਰਨਾ ਪਵੇਗਾ। ਇੰਨਾ ਕੰਮ ਕਰਕੇ ਥੱਕੇ ਆਦਮੀ ਲਈ ਅੱਠ ਘੰਟੇ ਨੀਂਦ ਵੀ ਜਰੂਰੀ ਹੈ। ਸੋ ਬਾਕੀ ਰੋਟੀ ਖਾਣ, ਚਾਹ ਪੀਣ ਅਤੇ ਹੋਰ ਸਰੀਰਕ ਕਾਰਜਾਂ ਲਈ ਉਸ ਕੋਲ ਇਕ ਘੰਟਾ ਹੀ ਬਚਦਾ ਹੈ। ਪਰ ਇਹ ਸਾਹਿਬ ਤਾਂ ਆਪਣੀ ਇੰਟਰਵਿਊ ਵਿੱਚ ਕਾਮਿਆਂ ਨੂੰ ਇਹ ਕਹਿੰਦੇ ਹਨ ਕਿ "ਤੁਸੀਂ ਆਪਣੀਆਂ ਜਨਾਨੀਆਂ ਨੂੰ ਕਿੰਨਾ ਕੁ ਚਿਰ ਦੇਖੀ ਜਾ ਸਕਦੇ ਹੋ ?" (How long can you stare at your wife?) ਸੋ ਕੰਮ ਤੇ ਆਓ। ਹੁਣ ਇਸ ਬੰਦੇ ਨੂੰ ਪੁੱਛਿਆ ਜਾਵੇ ਕਿ ਇੱਕ ਕਾਮੇ ਨੂੰ ਆਪਣੀ ਪਤਨੀ ਵੇਖਣ ਤੋਂ ਬਿਨਾਂ ਹੋਰ ਕੋਈ ਕੰਮ ਨਹੀਂ ਹੁੰਦਾ ? ਕੀ ਉਸ ਦਾ ਆਪਣੇ ਮਾਤਾ ਪਿਤਾ ਪ੍ਰਤੀ ਕੋਈ ਫਰਜ ਨਹੀਂ ਹੁੰਦਾ ? ਉਸ ਨੇ ਆਪਣੇ ਬੱਚਿਆਂ ਨੂੰ ਸਮਾਂ ਨਹੀਂ ਦੇਣਾ ਹੁੰਦਾ ? ਉਸ ਦਾ ਕੋਈ ਸਮਾਜਿਕ ਦਾਇਰਾ ਨਹੀਂ ਹੁੰਦਾ ? ਉਸ ਨੂੰ ਸਮਾਜਿਕ ਕੰਮਾਂ ਵਿੱਚ ਹਿੱਸਾ ਲੈਣ, ਕਿਸੇ ਦੇ ਦੁੱਖ ਸੁੱਖ ਵਿੱਚ ਸ਼ਾਮਿਲ ਹੋਣ ਦਾ ਕੋਈ ਹੱਕ ਨਹੀਂ ਹੁੰਦਾ ? ਪਰ ਇਹ ਮੂਰਖ ਬੰਦਾ ਬੜੀ ਬੇਸ਼ਰਮੀ ਨਾਲ ਇਹ ਗੱਲਾਂ ਕਹਿ ਰਿਹਾ ਹੈ। ਇਸ ਲਈ 'ਮੂਰਖ' ਸ਼ਬਦ ਮੈਂ ਨਹੀਂ ਵਰਤਿਆ ਸਗੋਂ ਉਸ ਦੀ ਇੰਟਰਵਿਊ ਦੇ ਹੇਠ ਆਏ ਕੁਮੈਂਟਾਂ ਵਿੱਚ ਲੋਕਾਂ ਨੇ ਉਸ ਨੂੰ ਵਾਰ ਵਾਰ ਮੂਰਖ, ਪਾਗਲ, ਘਟੀਆ, ਘਰੋਂ ਦੁਖੀ ਬੰਦਾ ਕਿਹਾ ਹੈ। ਇੱਕ ਕੁਮੈਂਟ-ਕਰਤਾ ਨੇ ਲਿਖਿਆ, "ਜਦ ਇਹ ਮੂਰਖ ਬੰਦਾ ਟੀਵੀ ਉੱਤੇ ਅਜਿਹੀਆਂ ਗੱਲਾਂ ਕਰ ਰਿਹਾ ਸੀ ਤਾਂ ਮਨੁੱਖੀ ਅਧਿਕਾਰ ਕਮਿਸ਼ਨ ਕੀ ਕਰ ਰਿਹਾ ਸੀ ? ਇਸ ਦੇ ਖਿਲਾਫ ਸੁਪਰੀਮ ਕੋਰਟ ਵਿੱਚ ਲੋਕ-ਹਿਤ ਸ਼ਿਕਾਇਤ (P.I.L.) ਦਰਜ ਕਰਵਾਉਣੀ ਚਾਹੀਦੀ ਹੈ।

ਅੱਜ ਜਦ ਪਹਿਲੀ ਮਈ ਨੂੰ ਮਜ਼ਦੂਰ ਦਿਵਸ ਮੌਕੇ ਬੁਲਾਰੇ ਬੋਲਦੇ ਹਨ ਤਾਂ ਉਹ ਦੱਸਦੇ ਹਨ ਕਿ 18ਵੀਂ-19ਵੀਂ ਸਦੀ ਵਿੱਚ, ਜਦ ਅਮਰੀਕਾ ਅਤੇ ਯੂਰਪ ਦਾ ਸਨਅਤੀਕਰਨ ਹੋ ਰਿਹਾ ਸੀ ਤਾਂ ਮਜਦੂਰਾਂ ਤੋਂ ਕਿਵੇਂ 14-14, 16-16 ਘੰਟੇ ਕੰਮ ਲਿਆ ਜਾਂਦਾ ਸੀ। ਇਸ ਤਰ੍ਹਾਂ ਉਹਨਾਂ ਤੋਂ ਮਨੁੱਖ ਦੀ ਤਰ੍ਹਾਂ ਜੀਵਨ ਜਿਉਣ ਦਾ ਹੱਕ ਖੋਹਿਆ ਹੋਇਆ ਸੀ। ਅਜਿਹੇ ਅਣਮਨੁੱਖੀ ਵਰਤਾਰੇ ਦੇ ਖਿਲਾਫ ਮਜ਼ਦੂਰਾਂ ਵਿੱਚ ਰੋਹ ਉਠਿਆ ਅਤੇ ਉਹ ਅੱਠ ਘੰਟੇ ਦੀ ਕੰਮ ਦਿਹਾੜੀ ਦੀ ਮੰਗ ਕਰਨ ਲੱਗੇ ਜਿਸ ਤੋਂ ਭੜਕ ਕੇ 1886 ਦੀ 4 ਮਈ ਨੂੰ ਇਹ ਮੰਗ ਕਰਕੇ ਕਰ ਰਹੇ ਮਜ਼ਦੂਰਾਂ ਉੱਤੇ ਗੋਲੀ ਚਲਾ ਕੇ ਕਈ ਮਜਦੂਰ ਸ਼ਹੀਦ ਕਰ ਦਿੱਤੇ ਗਏ ਸਨ। ਪਰ ਇਸ ਨਾਲ ਇਹ ਮੰਗ ਕਰ ਰਹੇ ਮਜਦੂਰਾਂ ਨੂੰ ਦਬਾਇਆ ਨਾ ਜਾ ਸਕਿਆ ਅਤੇ ਆਖਰ ਅੱਠ ਘੰਟੇ ਕੰਮ ਦਿਹਾੜੀ ਦੀ ਮੰਗ ਲਗਭਗ ਸਾਰੀ ਦੁਨੀਆ ਵਿੱਚ ਮੰਨੀ ਗਈ। ਇਹ ਮਜ਼ਦੂਰ ਜਮਾਤ ਦੀ ਵੱਡੀ ਜਿੱਤ ਸੀ।

ਅਸੀਂ ਸੋਚਦੇ ਹਾਂ ਕਿ ਦੁਨੀਆ ਉਹਨਾਂ ਸਮਿਆਂ ਤੋਂ

ਬਹੁਤ ਅੱਗੇ ਆ ਚੁੱਕੀ ਹੈ। 14 ਜਾਂ 16 ਘੰਟੇ ਕੰਮ ਲੈਣਾ ਤਾਂ ਮਨੁੱਖ ਨੂੰ ਉਸ ਦੀ ਮਾਨਵੀ ਜ਼ਿੰਦਗੀ ਤੋਂ, ਉਸ ਦੀ ਪਰਿਵਾਰਿਕ ਅਤੇ ਸਮਾਜਿਕ ਜ਼ਿੰਦਗੀ ਤੋਂ ਵਾਂਝੇ ਰੱਖਣਾ ਸੀ। ਅੱਜ ਤਾਂ ਟੈਕਨਾਲੋਜੀ ਐਨੀ ਵਿਕਸਿਤ ਹੋ ਚੁੱਕੀ ਹੈ ਕਿ 12 ਜਾਂ 14 ਘੰਟੇ ਕੰਮ ਕਰਨਾ ਤਾਂ ਦੂਰ, ਅੱਠ ਘੰਟੇ ਕੰਮ ਕਰਨਾ ਵੀ ਬੇਲੋੜਾ ਹੈ। ਅੱਜ ਦੀਆਂ ਹਾਲਤਾਂ ਵਿੱਚ ਛੇ ਘੰਟੇ ਰੋਜ਼ਾਨਾ ਕੰਮ ਭਾਵ ਹਫਤੇ ਦੇ ਵੱਧ ਤੋਂ ਵੱਧ 36 ਘੰਟੇ ਕੰਮ ਕਰਨ ਨਾਲ ਹੀ ਪੈਦਾਵਾਰ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੋ ਸਕਦੀਆਂ ਹਨ। ਪਰ ਅੱਜ ਦੇ ਕਾਰਪੋਰੇਟ ਜਗਤ ਦੇ ਇਹ ਨਵੇਂ ਸਰਮਾਏਦਾਰ ਮਈ 1886 ਦੀ ਘਟਨਾ ਤੋਂ 150 ਸਾਲ ਬਾਅਦ ਮੁੜ ਉਹੋ ਜਿਹੀਆਂ ਅਣਮਨੁੱਖੀ ਹਾਲਤਾਂ ਮਜ਼ਦੂਰ ਜਮਾਤ ਲਈ ਲਿਆਉਣ ਲਈ ਯਤਨਸ਼ੀਲ ਹਨ। ਇੰਨੇ ਘੰਟੇ ਕੰਮ ਦੀ ਮੰਗ ਕਰਨੀ ਕੋਈ ਸਮਾਜ ਲਈ ਜਾਂ ਦੇਸ਼ ਦੀ ਤਰੱਕੀ ਲਈ ਨਹੀਂ ਹੈ, ਜਿਵੇਂ ਕਿ ਇਹ ਪੂੰਜੀਪਤੀ ਪੇਸ਼ ਕਰ ਰਹੇ ਹਨ। ਅਸਲ ਵਿੱਚ ਇਹਨਾਂ ਦਾ ਇੱਕੋ ਇੱਕ ਮਕਸਦ ਕੰਮ ਦੇ ਘੰਟੇ ਵਧਾ ਕੇ, ਕਾਮਿਆਂ ਦੀ ਗਿਣਤੀ ਘਟਾ ਕੇ, ਆਪਣੇ ਮੁਨਾਫਿਆਂ ਵਿੱਚ ਹੋਰ ਹੋਰ ਵਾਧਾ ਕਰਨਾ ਹੈ।

> *ਅਫ਼ਸੋਸ ਹੈ ਕਿ ਸਦੀਆਂ ਬੀਤ ਗਈਆਂ ਹਨ ਰੋਟੀ,*
> *ਕੰਮ ਤੇ ਸਿਵੇ ਅਜੇ ਵੀ ਸਮਝਦੇ ਹੋਣੇ ਨੇ*
> *ਕਿ ਅਸੀਂ ਇਨ੍ਹਾਂ ਦੀ ਖਾਤਿਰ ਹੀ ਹਾਂ -ਪਾਸ਼*

ਜਦ ਅਸੀਂ 70 ਜਾਂ 90 ਘੰਟੇ ਕੰਮ ਦੀ ਮੰਗ ਕਰਨ ਵਾਲੇ ਪੂੰਜੀਪਤੀਆਂ ਦਾ ਵਿਰੋਧ ਕਰਦੇ ਹਾਂ ਤਾਂ ਇਸ ਦਾ ਭਾਵ ਇਹ ਨਹੀਂ ਕਿ ਅਸੀਂ ਕਾਮਿਆਂ ਨੂੰ ਕੰਮ-ਚੋਰ ਬਣਨ ਲਈ ਕਹਿੰਦੇ ਹਾਂ ਜਾਂ ਸਮਾਜ ਅਤੇ ਦੇਸ਼ ਦੀ ਤਰੱਕੀ ਦਾ ਵਿਰੋਧ ਕਰਦੇ ਹਾਂ। ਅਸਲ ਵਿੱਚ ਅੱਜ ਤਕਨੀਕ ਦਾ ਜਿੰਨਾ ਵਿਕਾਸ ਹੋ ਚੁੱਕਾ ਹੈ ਅਤੇ ਜਿਵੇਂ ਇਹਨਾਂ ਨਵੀਆਂ ਤਕਨੀਕਾਂ ਨੂੰ ਵਰਤਿਆ ਜਾ ਰਿਹਾ ਹੈ ਉਸ ਹਾਲਾਤ ਵਿੱਚ ਕੰਮ ਦੇ ਘੰਟੇ ਘਟਾਉਣੇ ਵਿਅਕਤੀ ਲਈ ਵੀ ਚੰਗੇ ਹਨ ਅਤੇ ਸਮਾਜ ਲਈ ਵੀ ਜਰੂਰੀ ਹਨ। ਜੇ ਕੰਮ ਦੇ ਘੰਟੇ ਘਟਾਏ ਨਹੀਂ ਜਾਂਦੇ ਤਾਂ ਸਮਾਜ ਵਿੱਚ ਬੇਰੁਜ਼ਗਾਰੀ ਵਰਗੀਆਂ ਸਮੱਸਿਆਵਾਂ ਹੋਰ ਵਧਣਗੀਆਂ। ਅੱਜ ਵੀ ਇੱਕ ਪਾਸੇ ਬੈਂਕਾਂ, ਦਫਤਰਾਂ ਅਤੇ ਕਾਰਖਾਨਿਆਂ ਵਿੱਚ ਅਣ-ਐਲਾਨੀਆਂ ਤੌਰ ਤੇ 10-10, 12-12 ਘੰਟੇ ਕੰਮ ਲਿਆ ਜਾਂਦਾ ਹੈ। ਜਦ ਕੇ ਦੂਜੇ ਪਾਸੇ ਲੱਖਾਂ ਦੀ ਗਿਣਤੀ ਵਿੱਚ ਅਜਿਹੇ ਲੋਕ ਹਨ ਜਿਨਾਂ ਨੂੰ ਯੋਗਤਾਵਾਂ ਹੋਣ ਦੇ ਬਾਵਜੂਦ ਕੁਝ ਘੰਟੇ ਵੀ ਕੰਮ ਨਹੀਂ ਮਿਲ ਰਿਹਾ। ਇਸ ਤਰ੍ਹਾਂ ਕਰਨ ਨਾਲ ਜਿੱਥੇ ਇੱਕ ਪਾਸੇ ਰੁਜਗਾਰ ਉੱਤੇ ਲੱਗੇ ਵਿਅਕਤੀਆਂ ਦਾ ਖੂਨ ਬੁਰੀ ਤਰਾਂ ਨਿਚੋੜਿਆ ਜਾ ਰਿਹਾ ਹੈ, ਉਹਨਾਂ ਦੀ ਪਰਿਵਾਰਕ ਅਤੇ ਸਮਾਜਿਕ ਜ਼ਿੰਦਗੀ ਨੂੰ ਖਤਮ ਕੀਤਾ ਜਾ ਰਿਹਾ ਹੈ, ਦੂਜੇ ਪਾਸੇ ਵਿਹਲੇ ਫਿਰ ਰਹੇ ਲੱਖਾਂ ਲੋਕਾਂ ਨੂੰ ਸਮਾਜ ਵਿੱਚੋਂ ਗੈਰ-ਪ੍ਰਸੰਗਿਕ ਕਰ ਦਿੱਤਾ ਗਿਆ ਹੈ। ਜਿਸ ਦੇ ਸਿੱਟੇ ਵਜੋਂ ਇਨ੍ਹਾਂ ਵਿਹਲੇ ਫਿਰ ਰਹੇ ਨੌਜਵਾਨਾਂ ਵਿੱਚ ਨਸ਼ਿਆਂ ਅਤੇ ਗੈਂਗਸਟਰ ਵਾਦ ਦੇ ਰੁਝਾਨ ਭਾਰੂ ਹੋ ਰਹੇ ਹਨ।

ਅਸਲ ਵਿੱਚ ਕਾਰਪੋਰੇਟ ਵਰਗ ਆਮ ਲੋਕਾਂ ਨੂੰ ਅਣਮਨੁੱਖੀ ਜਿਉਣ ਹਾਲਤਾਂ ਵਿੱਚ ਧੱਕਣ ਲਈ ਬਹੁਤ ਹੀ ਨੰਗੇ ਚਿੱਟੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ। ਇਸਦਾ ਵਿਰੋਧ ਕਰਨ ਲਈ ਜਿੱਥੇ ਇਸ ਦੀ ਖਸਲਤ ਨੂੰ ਸਮਝਣ ਦੀ ਲੋੜ ਹੈ ਉਥੇ ਇਸਦੀ ਮਾਰ ਹੇਠ ਆ ਰਹੇ ਤਬਕਿਆਂ ਨੂੰ ਆਪਸੀ ਵਖਰੇਵਿਆਂ ਨੂੰ ਤਜ ਕੇ ਸਾਂਝੇ ਤੌਰ ‘ਤੇ ਲੜ੍ਹਨ ਦੀ ਲੋੜ ਹੈ।

**ਕੁਝ ਮਹੱਤਵਪੂਰਨ ਤੱਥ**

*ਚਾਹੇ 8 ਘੰਟੇ ਦੀ ਕੰਮ-ਦਿਹਾੜੀ ਦੀ ਮੰਗ ਲੈ ਕੇ ਪਹਿਲੀ ਮਈ 1886 ਤੋਂ ਹੜਤਾਲ ਅਤੇ ਫਿਰ ਮਜਦੂਰਾਂ ਦਾ ਕਤਲੇਆਮ ਅਮਰੀਕਾ ਵਿੱਚ ਹੋਇਆ ਸੀ ਜਿਸ ਨੂੰ ਲੈ ਕੇ ਸਾਰੀ ਦੁਨੀਆ ਵਿੱਚ 1 ਮਈ ਨੂੰ ਮਜਦੂਰ ਦਿਵਸ ਵਜੋਂ ਮਨਾਇਆ ਜਾਂਦਾ ਹੈ ਪਰ ਅਮਰੀਕਾ ਵਿੱਚ ਮਜਦੂਰ ਦਿਵਸ ਪਹਿਲੀ ਮਈ ਨੂੰ ਨਹੀਂ ਮਨਾਇਆ ਜਾਂਦਾ। ਉਥੇ ਮਜਦੂਰ ਦਿਵਸ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਮਨਾਇਆ ਜਾਂਦਾ ਹੈ। ਅਮਰੀਕਾ ਦਾ ਪਿਛਲੱਗ ਕੈਨੇਡਾ ਵੀ ਮਜਦੂਰ ਦਿਵਸ ਸਤੰਬਰ ਦੇ ਪਹਿਲੇ ਸੋਮਵਾਰ ਹੀ ਮਨਾਉਂਦਾ ਹੈ। ਕਾਰਣ ਇਹੀ ਹੈ ਕਿ ਮਜਦੂਰ ਜਮਾਤ ਦੇ ਦਬਾਅ ਹੇਠ ਉਨ੍ਹਾਂ ਇਹ ਦਿਨ ਮਨਾਉਣਾ ਤਾਂ ਪੈਂਦਾ ਹੈ ਪਰ ਆਪਣੀ ਇਤਿਹਾਸਕ ਕਰਤੂਤ ਲੁਕਾਉਣ ਲਈ ਅਤੇ ਬਾਕੀ ਦੁਨੀਆ ਦੇ ਮਜਦੂਰਾਂ ਤੋਂ ਆਪਣੇ ਮਜਦੂਰਾਂ ਨੂੰ ਵੱਖ ਰੱਖਣ ਲਈ ਉਹ ਮਜਦੂਰ ਦਿਵਸ ਮਈ ਦੀ ਬਜਾਏ ਸਤੰਬਰ ਵਿੱਚ ਮਨਾਉਂਦੇ ਹਨ।

**ਭਾਰਤ ਵਿੱਚ ਮਜਦੂਰ ਲਹਿਰ ਦੇ ਆਗੂਆਂ ਵੱਲੋਂ ਆਪਣੀਆਂ ਸਭਾਵਾਂ ਵਿੱਚ 8 ਘੰਟੇ ਦੀ ਕੰਮ-ਦਿਹਾੜੀ ਦੀ ਮੰਗ ਚਾਹੇ ਕਾਫੀ ਦੇਰ ਤੋਂ ਕੀਤੀ ਜਾ ਰਹੀ ਸੀ ਪਰ ਇਸ ਅਵਾਜ ਨੂੰ ਅੰਗਰੇਜ ਸਰਕਾਰ ਤੱਕ ਪਹੁੰਚਾਉਣ ਲਈ ਵਾਇਸਰਾਏ ਕੌਂਸਲ ਵਿੱਚ 8 ਘੰਟੇ ਦੀ ਕੰਮ-ਦਿਹਾੜੀ ਪਾਸ ਕਰਨ ਲਈ ਮਤਾ ਸਭ ਤੋਂ ਪਹਿਲਾਂ ਡਾ. ਬੀ.ਆਰ. ਅੰਬੇਦਕਰ ਨੇ 1942 ਵਿੱਚ ਰੱਖਿਆ ਸੀ। ਆਖਰ 1946 ਵਿੱਚ ਫੈਕਟਰੀ ਐਕਟ ਵਿੱਚ ਸੋਧ ਕਰਕੇ 8 ਘੰਟੇ ਦੀ ਕੰਮ ਦਿਹਾੜੀ ਦਾ ਕਾਨੂੰਨ ਪਾਸ ਕੀਤਾ ਗਿਆ।

# ਅਖਬਾਰੀ ਖ਼ਬਰਾਂ ਵਿੱਚੋਂ ਉੱਠਦਾ ਇੱਕ ਸਵਾਲ

ਤਰਕਸ਼ੀਲ ਦੇ ਪਾਠਕ ਅਖਬਾਰਾਂ ਵਿੱਚੋਂ ਸਾਧਾਂ ਬਾਬਿਆਂ ਨਾਲ ਸੰਬੰਧਿਤ ਜੋ ਖ਼ਬਰਾਂ ਅਕਸਰ ਪੜ੍ਹਦੇ ਹਨ ਉਹਨਾਂ ਵਿੱਚੋਂ ਖ਼ਬਰਾਂ ਦੀ ਇੱਕ ਕੈਟੇਗਰੀ ਇਹਨਾਂ ਸਾਧਾਂ ਬਾਬਿਆਂ ਵੱਲੋਂ ਆਪਣੀਆਂ ਔਰਤ ਸ਼ਰਧਾਲੂਆਂ ਨਾਲ ਕੀਤੇ ਸਰੀਰਕ ਸ਼ੋਸ਼ਣ ਦੀ ਹੁੰਦੀ ਹੈ। ਆਪਣੇ ਸ਼ਰਧਾਲੂਆਂ ਦੀ ਅੰਨ੍ਹੀ ਭਗਤੀ ਵਿੱਚੋਂ ਪੈਦਾ ਹੋਈ ਤਾਕਤ ਦਾ ਫਤੂਰ ਇਨ੍ਹਾਂ ਦੇ ਐਨਾ ਸਿਰ ਚੜ੍ਹ ਜਾਂਦਾ ਹੈ ਕਿ ਇਹ ਮਨਚਾਹੀ ਔਰਤ ਨਾਲ ਸਰੀਰਕ ਸੰਬੰਧ ਬਣਾਉਣਾ ਆਪਣਾ ਹੱਕ ਸਮਝਣ ਲੱਗ ਜਾਂਦੇ ਹਨ। ਇਸ ਫਤੂਰ ਤਹਿਤ ਬਹੁਤ ਵਾਰ ਇਹ ਧੱਕਾ ਵੀ ਕਰਦੇ ਹਨ ਜਿਸ ਦਾ ਸਿੱਟਾ ਫਿਰ ਉਹਨਾਂ ਦੇ ਜੇਲ੍ਹਾਂ ਜਾਣ ਵਿੱਚ ਨਿਕਲਦਾ ਹੈ। ਪਿਛਲੇ ਸਮੇਂ ਵਿੱਚ ਗੁਰਮੀਤ ਰਾਮ ਰਹੀਮ, ਆਸਾ ਰਾਮ ਅਤੇ ਨਿਤਿਆਨੰਦ ਵਰਗੇ ਸਾਧਾਂ ਨੂੰ ਮਿਲੀਆਂ ਸਜਾਵਾਂ ਇਸ ਦੀਆਂ ਉੱਘੀਆਂ ਉਦਾਹਰਨਾਂ ਹਨ।

ਅਜਿਹੇ ਕੇਸਾਂ ਵਿੱਚ ਹੁਣ ਤਾਜਾ ਮਾਮਲਾ ਪਾਸਟਰ ਬਜਿੰਦਰ ਸਿੰਘ ਨੂੰ ਹੋਈ ਉਮਰ ਕੈਦ ਦਾ ਹੈ। ਪਾਸਟਰ ਬਜਿੰਦਰ ਸਿੰਘ ਇਸਾਈ ਧਰਮ ਨਾਲ ਜੁੜ ਕੇ ਡੇਰੇ ਬਣਾਉਣ ਦੀ ਚੱਲੀ ਨਵੀਂ ਲਹਿਰ ਨਾਲ ਸਬੰਧਿਤ ਹੈ ਜੋ ਆਪਣੀਆਂ ਕਰਾਮਾਤੀ ਸ਼ਕਤੀਆਂ ਨਾਲ ਸ਼ਰਧਾਲੂਆਂ ਦੀ ਹਰ ਸਮੱਸਿਆ ਦਾ ਹੱਲ ਕਰਨ ਦਾ ਦਾਅਵਾ ਕਰਦੇ ਹਨ। ਇਸ ਪਾਸਟਰ ਨੇ ਜੀਰਕਪੁਰ ਦੀ ਇੱਕ ਲੜਕੀ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਉਸ ਨਾਲ ਸਰੀਰਕ ਸਬੰਧ ਬਣਾਏ। ਇਸ ਪੀੜਤ ਲੜਕੀ ਨੇ ਇਸ ਮਾਮਲੇ ਸਬੰਧੀ 20 ਅਪ੍ਰੈਲ 2018 ਨੂੰ ਜੀਰਕਪੁਰ ਥਾਣੇ ਵਿੱਚ ਕੇਸ ਦਰਜ ਕਰਵਾਇਆ ਸੀ। ਆਖਰ ਸੱਤ ਸਾਲ ਬਾਅਦ ਇਸ ਪਹਿਲੀ ਅਪ੍ਰੈਲ ਨੂੰ ਮੋਹਾਲੀ ਦੀ ਵਿਸ਼ੇਸ਼ ਅਦਾਲਤ ਨੇ ਇਸ ਕੇਸ ਦਾ ਨਿਬੇੜਾ ਕਰਦਿਆਂ ਪਾਸਟਰ ਬਜਿੰਦਰ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਵਰਣਨਯੋਗ ਹੈ ਕਿ ਲੋਕਾਂ ਦੀਆਂ ਸਾਰੀਆਂ ਸਮੱਸਿਆਵਾਂ ਆਪਣੀਆਂ ਕਰਾਮਾਤੀ ਸ਼ਕਤੀਆਂ ਨਾਲ ਹੱਲ ਕਰਨ ਦਾ ਦਾਅਵਾ ਕਰਨ ਵਾਲਾ ਇਹ ਪਾਸਟਰ ਸੁਣਵਾਈ ਦੌਰਾਨ ਅਦਾਲਤ ਤੋਂ ਇਹ ਕਹਿ ਕੇ ਰਹਿਮ ਦੀ ਭੀਖ ਮੰਗਦਾ ਰਿਹਾ ਕਿ ਉਸ ਦੀ ਪਤਨੀ ਬਿਮਾਰ ਰਹਿੰਦੀ ਹੈ ਅਤੇ ਉਸਦੀ ਲੱਤ ਵਿੱਚ ਵੀ ਰਾਡ ਪਈ ਹੋਈ ਹੈ। ਇਹੀ ਪਾਸਟਰ ਆਪਣੀਆਂ ਸਭਾਵਾਂ ਵਿੱਚ ਅੰਨ੍ਹਿਆਂ ਨੂੰ ਦਿਸਣ ਲਗਾਉਣ ਅਤੇ ਲੰਗੜਿਆਂ ਨੂੰ ਚੱਲਣ ਲਾਉਣ ਦਾ ਦਾਅਵਾ ਕਰਦਾ ਹੁੰਦਾ ਸੀ। ਉਂਜ ਇਸ ਕੇਸ ਤੋਂ ਇਲਾਵਾ ਇਸ ਉੱਤੇ ਦੋ ਹੋਰ ਔਰਤਾਂ ਵੱਲੋਂ ਵੀ ਇਸੇ ਤਰ੍ਹਾਂ ਦੇ ਕੇਸ ਕਪੂਰਥਲਾ ਥਾਣੇ ਅਤੇ ਮਾਜਰੀ ਥਾਣੇ ਵਿੱਚ ਦਰਜ ਕਰਵਾਏ ਹੋਏ ਹਨ ਜਿਨ੍ਹਾਂ ਉੱਤੇ ਕਾਰਵਾਈ ਚੱਲ ਰਹੀ ਹੈ।

ਇਸੇ ਤਰ੍ਹਾਂ 29 ਮਾਰਚ ਨੂੰ ਲੁਧਿਆਣਾ ਦੀ ਅਦਾਲਤ ਨੇ ਇੱਕ ਸਾਧ ਸੁਮੇਧ ਦਾਸ ਨੂੰ ਵੀ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸ ਵਿੱਚ ਸਾਧ ਨੇ ਜਬਰ-ਜਨਾਹ ਉਪਰੰਤ ਲੜਕੀ ਦਾ ਕਤਲ ਹੀ ਕਰ ਦਿੱਤਾ। ਲੜਕੀ ਦੇ ਪਿਤਾ ਵੱਲੋਂ ਦਰਜ ਕਰਵਾਈ ਰਪਟ ਅਨੁਸਾਰ '26 ਫਰਵਰੀ 2021 ਨੂੰ ਉਸ ਦੀ 22 ਸਾਲ ਦੀ ਲੜਕੀ ਘਰੋਂ ਨੌਕਰੀ ਲਈ ਇੰਟਰਵਿਊ ਦੇਣ ਲਈ ਗਈ ਸੀ ਪਰ ਵਾਪਸ ਨਹੀਂ ਆਈ। 28 ਫਰਵਰੀ ਨੂੰ ਉਸ ਨੇ ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ ਤਾਂ ਜਾਂਚ ਦੌਰਾਨ ਪਤਾ ਲੱਗਾ ਕਿ ਲੜਕੀ ਬਸੰਤ ਐਵਨਿਊ ਨੇੜੇ ਸਥਿਤ ਸੰਤ ਸੁਮੇਧ ਦਾਸ ਦੇ ਆਸ਼ਰਮ ਵਿੱਚ ਗਈ ਸੀ। ਪੁਲੀਸ ਵੱਲੋਂ ਇਸ ਸਾਧ ਨੂੰ ਗ੍ਰਿਫਤਾਰ ਕਰਕੇ ਪੁੱਛਗਿਛ ਕੀਤੀ ਗਈ ਤਾਂ ਉਸ ਨੇ ਦੱਸਿਆ ਕਿ ਉਸ ਨੇ ਲੜਕੀ ਦਾ ਕਤਲ ਕਰਨ ਉਪਰੰਤ ਲਾਸ਼ ਬੋਰੀ ਵਿੱਚ ਪਾ ਕੇ ਪਿੰਡ ਦਾਦ ਨੇੜੇ ਸੁੱਟ ਦਿੱਤੀ ਹੈ। ਉਸ ਦੀ ਨਿਸ਼ਾਨਦੇਹੀ ਤੇ ਲੜਕੀ ਦੀ ਲਾਸ਼ ਬਰਾਮਦ ਕਰ ਲਈ ਗਈ ਅਤੇ ਉਸ ਦਾ ਪੋਸਟਮਾਰਟਮ ਕਰਵਾਇਆ ਗਿਆ ਤਾਂ ਲੜਕੀ ਨਾਲ ਜਬਰ-ਜਨਾਹ ਦੀ ਵੀ ਪੁਸ਼ਟੀ ਹੋਈ। ਪੁਲਸ ਅਨੁਸਾਰ ਉਕਤ ਲੜਕੀ ਦੋਸ਼ੀ ਕੋਲ ਨੌਕਰੀ ਲਈ ਅਰਦਾਸ ਕਰਵਾਉਣ ਲਈ ਗਈ ਸੀ ਕਿ ਦੋਸ਼ੀ ਨੇ ਉਸ ਨੂੰ ਆਪਣੇ ਝਾਂਸੇ ਵਿੱਚ ਲੈ ਲਿਆ ਅਤੇ ਉਸ ਨਾਲ ਜਬਰ-ਜਨਾਹ ਕਰਨ ਉਪਰੰਤ ਉਸ ਦਾ ਕਤਲ ਕਰ ਦਿੱਤਾ।'

-----

ਦੂਜੀ ਕੈਟੇਗਰੀ ਉਹਨਾਂ ਖ਼ਬਰਾਂ ਦੀ ਹੁੰਦੀ ਹੈ ਜਿਨ੍ਹਾਂ ਵਿੱਚ ਕੋਈ ਸੁੱਖ ਲਾਹੁਣ ਜਾਂ ਸ਼ਰਧਾ ਵੱਸ ਧਾਰਮਿਕ ਸਥਾਨਾਂ 'ਤੇ ਜਾ ਰਹੇ ਸ਼ਰਧਾਲੂਆਂ ਦੀ ਦੁਰਘਟਨਾਵਾਂ ਵਿੱਚ ਮੌਤ ਹੋ ਜਾਂਦੀ ਹੈ। ਇਸ ਤਰ੍ਹਾਂ ਦੀ ਇੱਕ ਬੜੀ ਦੁਖਦਾਈ ਪਰ ਦਿਲਚਸਪ ਖ਼ਬਰ ਪਿਛਲੇ ਦਿਨੀਂ ਚਰਚਾ ਦਾ ਵਿਸ਼ਾ ਬਣੀ ਹੈ। ਇਸ ਖ਼ਬਰ ਅਨੁਸਾਰ ਮੱਧ ਪ੍ਰਦੇਸ਼ ਦੇ ਜਬਲਪੁਰ ਜਿਲ੍ਹੇ ਵਿੱਚ ਇੱਕ ਪਰਿਵਾਰ ਵੱਡੀ ਕਾਰ ਵਿੱਚ ਸਵਾਰ ਹੋ ਕੇ ਬੱਕਰੇ ਦੀ ਬਲੀ ਦੇਣ ਲਈ

ਕਿਸੇ ਧਾਰਮਿਕ ਸਥਾਨ 'ਤੇ ਜਾ ਰਿਹਾ ਸੀ। ਕਾਰ ਤੇਜ ਰਫਤਾਰ ਹੋਣ ਕਾਰਨ ਇਕ ਨਦੀ ਉੱਤੋਂ ਲੰਘਣ ਸਮੇਂ ਬੇਕਾਬੂ ਹੋ ਕੇ ਪੁਲ ਦੀ ਰੇਲਿੰਗ ਨਾਲ ਟਕਰਾ ਗਈ ਅਤੇ ਰੇਲਿੰਗ ਤੋੜ ਕੇ ਨਦੀ ਵਿੱਚ ਜਾ ਡਿੱਗੀ। ਇਸ ਨਾਲ ਕਾਰ ਵਿੱਚ ਸਵਾਰ ਚਾਰ ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਪਰ ਬਲੀ ਲਈ ਲਿਜਾਇਆ ਜਾ ਰਿਹਾ ਬੱਕਰਾ ਬਚ ਗਿਆ।

ਇਸੇ ਤਰ੍ਹਾਂ ਮੁਕਤਸਰ ਤੋਂ ਸਾਲਾਸਰ ਧਾਮ ਵਿਖੇ 'ਡਾਕ ਧਵੱਜ' (ਝੰਡਾ) ਲੈ ਕੇ ਪੈਦਲ ਜਾ ਰਹੇ ਦੋ ਸ਼ਰਧਾਲੂ ਇਕ ਕਾਰ ਹੇਠ ਆ ਕੇ ਮੌਤ ਦਾ ਸ਼ਿਕਾਰ ਹੋ ਗਏ। ਖ਼ਬਰ ਅਨੁਸਾਰ ਇਹ ਸ਼ਰਧਾਲੂ ਸੁਭ੍ਹਾ ਚਾਰ ਵਜੇ ਧਨਾਸਰ ਅਤੇ ਰਾਵਤਸਰ ਵਿਚਕਾਰ ਸੜਕ ਉੱਤੇ 'ਧਵੱਜ' ਦੀ ਅਦਲਾ ਬਦਲੀ ਕਰ ਰਹੇ ਸਨ ਜਦ ਇਹ ਹਾਦਸਾ ਵਾਪਰਿਆ। ਮੁਕਤਸਰ ਸਾਹਿਬ ਦੇ ਵਸਨੀਕ ਇਹਨਾਂ ਦੋਹਾਂ ਸ਼ਰਧਾਲੂਆਂ ਕਪਿਲ ਅਰੋੜਾ ਅਤੇ ਅਸ਼ੋਕ ਕੁਮਾਰ ਵਿੱਚੋਂ ਅਸ਼ੋਕ ਕੁਮਾਰ ਸਰਕਾਰੀ ਅਧਿਆਪਕ ਸੀ।

-----

ਖ਼ਬਰਾਂ ਦੀ ਤੀਜੀ ਕੈਟੇਗਰੀ ਧਾਰਮਿਕ ਸਥਾਨਾਂ/ਡੇਰਿਆਂ ਉੱਤੇ ਸਾਧਾਂ ਬਾਬਿਆਂ ਵੱਲੋਂ ਸ਼ਰਧਾਲੂਆਂ ਦੀ ਹੋਈ ਆਰਥਿਕ ਲੁੱਟ ਨਾਲ ਸੰਬੰਧਿਤ ਹੁੰਦੀ ਹੈ। ਇਸ ਤਰ੍ਹਾਂ ਦੇ ਅਨੇਕਾਂ ਕੇਸ ਤਰਕਸ਼ੀਲ ਸੋਸਾਇਟੀ ਕੋਲ ਵੀ ਆਉਂਦੇ ਹਨ ਜਿਨ੍ਹਾਂ ਵਿੱਚ ਉਹਨਾਂ ਦੇ ਕਸ਼ਟ ਦੂਰ ਕਰਨ ਲਈ ਵੱਡੀਆਂ ਰਕਮਾਂ ਲੈ ਲੈਣ ਦੇ ਮਾਮਲੇ ਦੱਸੇ ਜਾਂਦੇ ਹਨ। ਪਰ ਜਦ ਕਸ਼ਟ ਫਿਰ ਵੀ ਦੂਰ ਨਹੀਂ ਹੁੰਦੇ ਤਾਂ ਉਹ ਤਰਕਸ਼ੀਲ ਸੋਸਾਇਟੀ ਕੋਲ ਆਉਂਦੇ ਹਨ ਜਾਂ ਕਈ ਵਾਰ ਥਾਨਿਆਂ ਵਿੱਚ ਵੀ ਜਾਂਦੇ ਹਨ। ਇਸ ਤਰ੍ਹਾਂ ਦੀਆਂ ਖ਼ਬਰਾਂ ਸੈਂਕੜਿਆਂ ਵਿੱਚ ਹੁੰਦੀਆਂ ਹਨ ਸੋ ਉਦਾਹਰਨਾਂ ਦੇ ਕੇ ਪਾਠਕਾਂ ਦਾ ਸਮਾਂ ਖਰਾਬ ਨਹੀਂ ਕਰਨਾ।

## ਪਾਠਕਾਂ ਦੇ ਸੋਚਣ ਲਈ ਸਵਾਲ

ਇਹਨਾਂ ਸਾਰੀਆਂ ਖ਼ਬਰਾਂ ਵਿੱਚੋਂ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਤਰ੍ਹਾਂ ਦੀਆਂ ਐਨੀਆਂ ਖ਼ਬਰਾਂ ਆਉਣ ਦੇ ਬਾਵਜੂਦ, ਅਜਿਹੀਆਂ ਐਨੀਆਂ ਘਟਨਾਵਾਂ ਤੋਂ ਜਾਣੂ ਹੋਣ ਦੇ ਬਾਵਜੂਦ, ਔਰਤਾਂ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਕਿਵੇਂ ਬਣ ਜਾਂਦੀਆਂ ਹਨ? ਭਗਤੀ ਵਿੱਚ ਸ਼ਕਤੀ ਹੋਣ ਦਾ ਵਿਸ਼ਵਾਸ ਰੱਖਣ ਵਾਲੇ ਭਗਤ ਭਿਆਨਕ ਹਾਦਸਿਆਂ ਦਾ ਸ਼ਿਕਾਰ ਕਿਉਂ ਹੋ ਜਾਂਦੇ ਹਨ? ਸ਼ਰਧਾਲੂ ਧਾਰਮਿਕ ਲੋਕਾਂ ਹੱਥੋਂ ਠੱਗੀਆਂ ਦਾ ਸ਼ਿਕਾਰ ਕਿਵੇਂ ਬਣ ਜਾਂਦੇ ਹਨ?

ਕਿਹਾ ਜਾ ਸਕਦਾ ਹੈ ਕਿ ਹਾਦਸੇ ਤਾਂ ਰਾਜਨੀਤਿਕ ਰੈਲੀਆਂ ਵਿੱਚ ਜਾ ਰਹੇ ਲੋਕਾਂ ਦੇ ਵੀ ਹੋ ਜਾਂਦੇ ਹਨ, ਧਰਨੇ ਮੁਜਾਹਰੇ ਕਰਨ ਜਾ ਰਹੇ ਕਾਰਕੁੰਨਾਂ ਦੇ ਵੀ ਹੋ ਜਾਂਦੇ ਹਨ। ਔਰਤਾਂ ਦਾ ਸ਼ੋਸ਼ਣ ਕੰਮ ਵਾਲੀਆਂ ਥਾਵਾਂ ਉੱਤੇ ਵੀ ਹੋ ਜਾਂਦਾ ਹੈ। ਠੱਗੀਆਂ ਮਾਰਨ ਵਾਲੇ ਗੈਰ ਧਾਰਮਿਕ ਲੋਕ ਵੀ ਬਹੁਤ ਹਨ।

ਇਹ ਗੱਲਾਂ ਤੱਥਾਂ ਪੱਖੋਂ ਤਾਂ ਠੀਕ ਹਨ ਪਰ ਸਵਾਲ ਹੈ ਕਿ ਜੇ ਸਾਰਾ ਕੁਝ ਉਵੇਂ ਹੀ ਹੋਣਾ ਹੈ, ਜਿਵੇਂ ਗੈਰ ਸ਼ਰਧਾਲੂ ਲੋਕਾਂ ਨਾਲ ਹੁੰਦਾ ਹੈ ਤਾਂ ਫਿਰ ਤੁਹਾਡੇ ਵੱਲੋਂ ਮੰਨੇ ਜਾਂਦੇ ਰੱਬ ਦੀ ਸ਼ਕਤੀ ਕੀ ਹੋਈ? ਜਿਹੜੇ ਤੁਹਾਡੀਆਂ ਬਿਮਾਰੀਆਂ ਆਪਣੀਆਂ ਕਰਾਮਾਤੀ ਸ਼ਕਤੀਆਂ ਨਾਲ ਦੂਰ ਕਰਨ ਦਾ ਦਾਅਵਾ ਕਰਦੇ ਹਨ, ਉਹ ਆਪਣੇ ਅਤੇ ਆਪਣੇ ਪਰਿਵਾਰ ਦੇ ਇਲਾਜ ਲਈ ਹਸਪਤਾਲਾਂ ਨੂੰ ਕਿਉਂ ਭੱਜਦੇ ਹਨ? ਲੋਕਾਂ ਨੂੰ ਸਿੱਖਿਆ ਦੇਣ ਵਾਲੇ ਇਹਨਾਂ ਸਾਧਾਂ ਸੰਤਾਂ ਦੇ ਆਪਣੇ ਕਿਰਦਾਰ ਐਨੇ ਮਾੜੇ ਕਿਉਂ ਹੁੰਦੇ ਹਨ?

ਇਹ ਸਵਾਲ ਤੁਹਾਡੇ ਮਨਾਂ ਵਿੱਚ ਆਉਣੇ ਚਾਹੀਦੇ ਹਨ। ਇਹ ਸਵਾਲ ਪੈਦਾ ਕਰਨੇ ਤਰਕਸ਼ੀਲ ਸੋਸਾਇਟੀ ਦਾ ਮਕਸਦ ਹੈ। ਇਨ੍ਹਾਂ ਖ਼ਬਰਾਂ ਬਾਰੇ ਗੱਲ ਕਰਨ ਦਾ ਮਕਸਦ ਤੁਹਾਡੇ ਮਨਾਂ ਵਿੱਚ ਇਹ ਸਵਾਲ ਪੈਦਾ ਕਰਨਾ ਹੀ ਹੈ। ਇਹਨਾਂ ਸਵਾਲਾਂ ਵਿੱਚੋਂ ਹੀ ਤੁਹਾਡੀਆਂ ਸਮੱਸਿਆਵਾਂ ਦਾ ਸਹੀ ਹੱਲ ਨਿਕਲੇਗਾ।

---

**ਸਫ਼ਾ 3 ਦਾ ਬਾਕੀ**

ਤਬਦੀਲੀ ਤਾਂ ਹੋ ਰਹੀ ਹੈ। ਗਤੀ ਦੀ ਤੇਜੀ ਜਾਂ ਸੁਸਤੀ ਨਾਲ ਤਬਦੀਲੀ ਦਾ ਪਤਾ ਲਗਦਾ ਹੈ। ਆਮ ਨਜ਼ਰੇ ਦੇਖਿਆਂ, ਵਰਤਾਰਿਆਂ ਦੀ ਬਾਹਰੀ ਤਬਦੀਲੀ ਛੇਤੀ ਦਿਸ ਪੈਂਦੀ ਹੈ, ਜਦੋਂ ਕਿ ਇਸ ਤਬਦੀਲੀ ਨੂੰ ਸੰਚਾਲਿਤ ਕਰਨ ਵਾਲੇ ਅੰਦਰਲੇ ਜ਼ੁਜਾਂ ਨੂੰ ਦੇਖਣ ਵਾਸਤੇ ਵਿਸ਼ੇਸ਼ ਅਭਿਆਸ ਦੀ ਲੋੜ ਹੈ। ਉਹ ਨੰਗੀ ਅੱਖ ਤੋਂ ਲੁਕੇ ਰਹਿੰਦੇ ਹਨ।

ਜੇ ਅਸੀਂ ਇੱਛਤ ਤਬਦੀਲੀ ਚਾਹੁੰਦੇ ਹਾਂ, ਤਾਂ ਸਾਨੂੰ ਹਰ ਤਬਦੀਲੀ ਮਗਰ ਲੁਕੇ ਕਾਰਨ ਦੇਖਣ ਦਾ ਗੁਰ ਸਿੱਖਣਾ ਪਊ। ਅਤੇ ਸਿੱਖੇ ਗੁਰਾਂ ਨੇ ਹੀ ਸਾਡੇ ਅਮਲ ਨੂੰ ਸੇਧ ਦੇਣੀ ਹੈ। ਜੇ ਅਸੀਂ ਭਵਿੱਖਮੁਖੀ ਯੁੱਧਨੀਤੀ ਨਹੀਂ ਘੜਨੀ, ਬੀਤੇ ਨੂੰ ਵਾਜਾਂ ਮਾਰੀ ਜਾਣੀਆਂ ਹਨ ਤਾਂ ਫੇਰ ਵਾਕਿਆ ਹੀ ਕੁਝ ਨਹੀਂ ਬਦਲਣਾ।

ਫੋਨ +1 559 375 2589

# ‘ਤਰਕਸ਼ੀਲ’ ਝੂਠੀਆਂ ਪੋਸਟਾਂ ਦੀ ਪੜਤਾਲ ਕਰਕੇ ਸੱਚ ਸਾਹਮਣੇ ਲਿਆਵੇਗਾ

ਅੱਜ ਕੱਲ੍ਹ ਇੰਟਰਨੈੱਟ ਰਾਹੀਂ ਝੂਠੇ ਬਿਰਤਾਂਤ ਉਸਾਰਨ ਦਾ ਕੰਮ ਜੋਰ ਸ਼ੋਰ ਨਾਲ ਕੀਤਾ ਜਾ ਰਿਹਾ ਹੈ। ਇਸ ਪਿੱਛੇ ਕਈ ਕਾਰਨ ਕੰਮ ਕਰ ਰਹੇ ਹਨ – ਜਿਵੇਂ ਕੁਝ ਲੋਕਾਂ ਵੱਲੋਂ ਆਪਣੇ ਸੋਸ਼ਲ ਮੀਡੀਆ ਅਕਾਊਂਟ ਦੇ ਵਿਊ ਵਧਾਉਣ ਲਈ ਕੋਈ ਸਨਸਨੀਖੇਜ਼ ਬਿਆਨਬਾਜੀ ਜਾਂ ਕਲਪਿਤ ਘਟਨਾ ਦਾ ਵਰਣਨ ਘੜ ਕੇ ਪਾ ਦਿੱਤਾ ਜਾਂਦਾ ਹੈ। ਆਮ ਲੋਕ ਉਸ ਨੂੰ ਉਤਸੁਕਤਾ ਵੱਸ ਪੜ੍ਹਦੇ ਹਨ ਅਤੇ ਅੱਗੇ ਸ਼ੇਅਰ ਕਰਦੇ ਰਹਿੰਦੇ ਹਨ। ਅਜਿਹੀਆਂ ਪੋਸਟਾਂ ਗਲਤ ਧਾਰਨਾਵਾਂ ਅਤੇ ਅੰਧਵਿਸ਼ਵਾਸ ਫੈਲਾਉਣ ਦਾ ਸਾਧਨ ਬਣਦੀਆਂ ਹਨ। ਪਰ ਇਹਨਾਂ ਤੋਂ ਵੀ ਵੱਧ ਖਤਰਨਾਕ ਹੈ ਕੁਝ ਫਿਰਕਾਪ੍ਰਸਤ ਧਿਰਾਂ ਵੱਲੋਂ ਦੂਜੇ ਫਿਰਕਿਆਂ ਪ੍ਰਤੀ ਨਫਰਤ ਪੈਦਾ ਕਰਨ ਲਈ ਗਲਤ ਸੂਚਨਾਵਾਂ ਫੈਲਾਉਣੀਆਂ। ਅਜਿਹੀਆਂ ਪੋਸਟਾਂ ਲਿਖਣ ਲਈ ਬਕਾਇਦਾ ਟੀਮਾਂ ਬਣਾਈਆਂ ਹੋਈਆਂ ਹਨ ਅਤੇ ਉਹਨਾਂ ਨੂੰ ਫਿਰਕੂ ਸੰਸਥਾਵਾਂ ਵੱਲੋਂ ਤਨਖਾਹ ਵੀ ਦਿੱਤੀ ਜਾਂਦੀ ਹੈ। ਇਹ ਲੋਕ ਕੇਵਲ ਲਿਖਤੀ ਪੋਸਟਾਂ ਹੀ ਨਹੀਂ ਪਾਉਂਦੇ ਬਲਕਿ ਆਪਣੀ ਗੱਲ ਨੂੰ ਵੱਧ ਜਚਾਉਣ ਲਈ ਨਾਲ ਫੋਟੋਆਂ ਅਤੇ ਵੀਡੀਓ ਬਣਾ ਕੇ ਵੀ ਪਾਉਂਦੇ ਹਨ। ਅੱਜ ਕੱਲ੍ਹ ਤਾਂ ਏ.ਆਈ. ਦੀ ਮਦਦ ਨਾਲ ਅਜਿਹੀਆਂ ਜਾਅਲੀ ਫੋਟੋਆਂ ਅਤੇ ਵੀਡੀਓ ਬਣਾਉਣੀਆਂ ਹੋਰ ਵੀ ਸੌਖੀਆਂ ਹੋ ਗਈਆਂ ਹਨ।

ਅਜਿਹੀਆਂ ਪੋਸਟਾਂ ਜਿਆਦਾਤਰ ਤਾਂ ਮੁਸਲਮਾਨਾਂ ਖਿਲਾਫ ਬਣਾਈਆਂ ਜਾਂਦੀਆਂ ਹਨ ਜਿਵੇਂ ਕਿ ਦੋ ਕੁ ਸਾਲ ਪਹਿਲਾਂ ਇੱਕ ਰੇੜ੍ਹੀ ਉੱਤੇ ਫਲ ਵੇਚਣ ਵਾਲਾ ਫਲਾਂ ਉੱਤੇ ਆਪਣਾ ਥੁੱਕ ਲਗਾਉਂਦਾ ਦਿਖਾਇਆ ਗਿਆ ਸੀ। ਇਸ ਦਾ ਮਕਸਦ ਮੁਸਲਮਾਨ ਫੇਰੀ ਵਾਲਿਆਂ ਨੂੰ ਕਾਰੋਬਾਰ ਕਰਨ ਤੋਂ ਰੋਕਣਾ ਸੀ। ਕੱਟੜ ਹਿੰਦੂ ਲੋਕਾਂ ਉੱਤੇ ਇਸ ਦਾ ਅਸਰ ਵੀ ਦੇਖਣ ਨੂੰ ਮਿਲਿਆ। ਇਵੇਂ ਹੀ 2018 ਵਿੱਚ ਅੰਮ੍ਰਿਤਸਰ ਵਿਖੇ ਇੱਕ ਰੇਲ ਹਾਦਸਾ ਹੋਇਆ ਸੀ ਜਿਸ ਵਿੱਚ ਦੁਸਹਿਰਾ ਵੇਖ ਕੇ ਮੁੜੇ ਜਾਂਦੇ ਲੋਕ ਟ੍ਰੇਨ ਹੇਠ ਆ ਕੇ ਮਾਰੇ ਗਏ ਸਨ। ਇਸ ਗੱਡੀ ਦਾ ਡਰਾਈਵਰ ਅਰਵਿੰਦ ਕੁਮਾਰ ਸੀ ਪਰ ਸੋਸ਼ਲ ਮੀਡੀਆ ਉੱਤੇ ਇਹ ਧੁਮਾਇਆ ਗਿਆ ਕਿ ਇਸ ਦਾ ਡਰਾਈਵਰ ਇੱਕ ਮੁਸਲਮਾਨ ਇਮਤਿਆਜ਼ ਅਲੀ ਸੀ, ਜਿਸ ਨੇ ਲੋਕਾਂ ਲਈ ਭੀੜ ਵੇਖ ਕੇ ਵੀ ਟ੍ਰੇਨ ਰੋਕੀ ਨਹੀਂ। ਇਸ ਗਲਤ ਅਫਵਾਹ ਦਾ ਪਰਦਾਫਾਸ਼ ਅਜਿਹੀਆਂ ਪੋਸਟਾਂ ਦੀ ਪੜਤਾਲ ਕਰਨ ਵਾਲੀ ਸੰਸਥਾ ਆਲਟ ਨਿਊਜ਼ ਨੇ ਕੀਤਾ ਸੀ ਅਤੇ ਡਰਾਈਵਰ ਦਾ ਅਸਲ ਨਾਮ ਲੱਭ ਕੇ ਦੱਸਿਆ ਕਿ ਡਰਾਈਵਰ ਤਾਂ ਖੁਦ ਹਿੰਦੂ ਸੀ।

ਅਜਿਹੀਆਂ ਪੋਸਟਾਂ ਫਿਰਕੂ ਗਰੁੱਪਾਂ ਵੱਲੋਂ ਬਣਾ ਕੇ ਯੂਟਿਊਬ ਜਾਂ ਆਪਣੀਆਂ ਵੈਬਸਾਈਟਾਂ ਉੱਤੇ ਪਾਈਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਅੱਗੇ ਉਸ ਸੋਚ ਦੇ ਬੰਦਿਆਂ ਵੱਲੋਂ ਫੇਸ-ਬੁੱਕ, ਵਟਸਐਪ, ਇੰਸਟਾਗਰਾਮ ਆਦਿ ਸੋਸ਼ਲ ਮੀਡੀਆ ਮੰਚਾਂ ਰਾਹੀਂ ਫੈਲਾਇਆ ਜਾਂਦਾ ਹੈ, ਜਿਨ੍ਹਾਂ ਨੂੰ ਸੋਸ਼ਲ ਮੀਡੀਆ ਦੀ ਭਾਸ਼ਾ ਵਿੱਚ ‘ਵਾਇਰਲ ਕਰਨਾ’ ਕਿਹਾ ਜਾਂਦਾ ਹੈ।

ਝੂਠ ਅਤੇ ਅਫਵਾਹਾਂ ਫੈਲਾਉਣ ਦਾ ਕੰਮ ਪਹਿਲਾਂ ਵੀ ਚੱਲਦਾ ਰਿਹਾ ਸੀ ਅਤੇ ਉਹਨਾਂ ਦਾ ਖੰਡਨ ਕਰਨ ਵਾਲੇ ਲੋਕ ਵੀ ਅੱਗੇ ਆਉਂਦੇ ਰਹੇ ਹਨ। ਪਰ ਹੁਣ ਗੱਲ ਇਸ ਤੋਂ ਵੀ ਅੱਗੇ ਵਧ ਗਈ ਹੈ ਕਿ ਅਜਿਹੀਆਂ ਅਫਵਾਹਾਂ ਦਾ ਖੰਡਨ ਕਰਨ ਵਾਲਿਆਂ ਉੱਤੇ ਰੋਕਾਂ ਲਗਾ ਦਿੱਤੀਆਂ ਜਾਂਦੀਆਂ ਹਨ, ਉਹਨਾਂ ਨੂੰ ਡਰਾਇਆ ਧਮਕਾਇਆ ਜਾਂਦਾ ਹੈ ਅਤੇ ਆਖਰ ਇੰਟਰਨੈੱਟ ਕੰਪਨੀਆਂ ਨਾਲ ਮਿਲ ਕੇ ਸੱਚ ਦੱਸਣ ਵਾਲੀਆਂ ਉਹਨਾਂ ਦੀਆਂ ਸਾਈਟਾਂ ਜਾਂ ਪੋਸਟਾਂ ਨੂੰ ਬਲਾਕ ਕਰਵਾ ਦਿੱਤਾ ਜਾਂਦਾ ਹੈ।

ਇਸ ਦੀ ਇੱਕ ਉਦਾਹਰਨ ਪੇਸ਼ ਕਰ ਰਹੇ ਹਾਂ ਜਿਸ ਤੋਂ ਇਸ ਸਾਰੇ ਵਰਤਾਰੇ ਨੂੰ ਸਮਝਿਆ ਜਾ ਸਕਦਾ ਹੈ। ਇੱਕ ਹਿੰਦੂਤਵੀ ਵੈੱਬਸਾਈਟ ‘ਉਗਤਾ ਭਾਰਤ’ ਉੱਤੇ ਕਾਫੀ ਸਮਾਂ ਪਹਿਲਾਂ ਕਾਨਵੈਂਟ ਸਕੂਲਾਂ ਬਾਰੇ ਇੱਕ ਪੋਸਟ ਪਾਈ ਗਈ ਸੀ। ਇਹ ਪੋਸਟ ਕਿਸੇ ਤੱਥ ਉੱਤੇ ਅਧਾਰਤ ਨਹੀਂ ਸੀ ਬਲਕਿ ਇਹ ਪੋਸਟ ਇਸਾਈ ਸੰਸਥਾਵਾਂ ਨੂੰ ਘਟੀਆ ਅਤੇ ਅਨੈਤਿਕ ਕੰਮ ਕਰਨ ਵਾਲੀਆਂ ਦਿਖਾਉਣ ਲਈ ਤਿਆਰ ਕੀਤੀ ਗਈ ਸੀ। ਪੋਸਟ ਵਿੱਚ ਲਿਖਿਆ ਗਿਆ ਸੀ

**“ਕਾਨਵੈਂਟ ਦੇ ਅਰਥ ਸਮਝੋਗੇ ਤਾਂ ਤੁਸੀਂ ਚੌਂਕ ਜਾਓਗੇ**
**ਇਹ ਕਾਨਵੈਂਟ ਸ਼ਬਦ ਕਿੱਥੋਂ ਆਇਆ ?**

ਅੱਗੇ ਇਸਦਾ ਉੱਤਰ ਦਿੱਤਾ ਗਿਆ ਹੈ, “ਬ੍ਰਿਟੇਨ ਵਿੱਚ ਇੱਕ ਕਾਨੂੰਨ ਸੀ ਕਿ ਇੱਕ ਮੁੰਡਾ ਤੇ ਕੁੜੀ ਵਿਆਹ ਤੋਂ ਬਿਨਾਂ ਇਕੱਠੇ ਰਹਿ ਸਕਦੇ ਹਨ। ਜਦ ਲੜਕਾ ਲੜਕੀ ਇਕੱਠੇ ਰਹਿਣਗੇ ਤਾਂ ਉਹਨਾਂ ਦੇ ਸਰੀਰਕ ਸੰਬੰਧ ਬਣਨੇ ਵੀ ਸੁਭਾਵਿਕ ਹਨ। ਇਸ ਵਿੱਚੋਂ ਬੱਚੇ ਪੈਦਾ ਹੁੰਦੇ ਸਨ। ਬ੍ਰਿਟਿਸ਼ ਸਮਾਜ ਲਈ ਇਹਨਾਂ ਬੱਚਿਆਂ ਦੀ ਸਾਂਭ ਸੰਭਾਲ ਸਮੱਸਿਆ ਬਣ ਗਈ ਇਸ

ਲਈ ਅਜਿਹੇ ਨਜਾਇਜ਼ ਬੱਚਿਆਂ ਨੂੰ ਸਾਂਭਣ ਲਈ ਇਹ ਕਾਨਵੈਂਟ ਸਕੂਲ ਬਣਾਏ ਗਏ। ਕਿਉਂਕਿ ਇਹ ਬੱਚੇ ਨਜਾਇਜ਼ ਸਨ, ਉਹਨਾਂ ਦੇ ਕੋਈ ਜਾਇਜ਼ ਮਾਤਾ ਪਿਤਾ ਨਹੀਂ ਸਨ, ਇਸ ਲਈ ਇਹਨਾਂ ਸਕੂਲਾਂ ਦੇ ਵਿੱਚ ਹੀ ਫਾਦਰ, ਮਦਰ ਅਤੇ ਸਿਸਟਰ ਨਿਯੁਕਤ ਕੀਤੇ ਗਏ ਤਾਂ ਜੋ ਬੱਚਿਆਂ ਨੂੰ ਇਹਨਾਂ ਰਿਸ਼ਤਿਆਂ ਦਾ ਅਹਿਸਾਸ ਹੋ ਸਕੇ।" ਪੋਸਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਚਲੋ ਅੰਗਰੇਜ਼ਾਂ ਨੇ ਤਾਂ ਆਪਣੀਆਂ ਨਜਾਇਜ਼ ਔਲਾਦਾਂ ਨੂੰ ਸੰਭਾਲਣ ਲਈ ਇਹ ਕਾਨਵੈਂਟ ਸਕੂਲ ਬਣਾ ਦਿੱਤੇ, ਪਰ ਸਾਡੇ ਬੱਚੇ ਜੋ ਸਾਡੀਆਂ ਜਾਇਜ਼ ਉਲਾਦਾਂ ਹਨ, ਉਹ ਕਿਉਂ ਇਹਨਾਂ ਵਿੱਚ ਦਾਖਲ ਕਰਵਾਏ ਜਾ ਰਹੇ ਹਨ।

ਸਪਸ਼ਟ ਤੌਰ ਤੇ ਇਹ ਪੋਸਟ ਸਿਰਫ ਇਸਾਈ ਸੰਸਥਾਵਾਂ ਪ੍ਰਤੀ ਨਫਰਤ ਪੈਦਾ ਕਰਨ ਲਈ ਲਿਖੀ ਅਤੇ ਪ੍ਰਚਾਰੀ ਗਈ। ਕੋਈ ਵੀ ਵਿਅਕਤੀ ਇੰਟਰਨੈੱਟ ਉੱਤੇ ਕਾਨਵੈਂਟ ਸਕੂਲਾਂ ਦਾ ਇਤਿਹਾਸ ਦੇਖ ਸਕਦਾ ਹੈ ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਇਹਨਾਂ ਸਕੂਲਾਂ ਦਾ ਨਜਾਇਜ਼ ਸੰਬੰਧਾਂ ਵਿੱਚੋਂ ਪੈਦਾ ਹੋਏ ਬੱਚਿਆਂ ਨਾਲ ਕੋਈ ਵਾਸਤਾ ਨਹੀਂ ਸੀ। ਅਜਿਹੀਆਂ ਨਫਰਤੀ ਪੋਸਟਾਂ ਉੱਤੇ ਨਿਗ੍ਹਾ ਰੱਖਣ ਵਾਲੀ ਇੱਕ ਸਾਈਟ digiteye.in ਨੇ ਇਸ ਪੋਸਟ ਦਾ ਨੋਟਿਸ ਲੈ ਕੇ ਇਸ ਬਾਰੇ ਅਸਲ ਤੱਥ ਸਾਹਮਣੇ ਰੱਖੇ ਕਿ ਇਸ ਵਿੱਚ ਜੋ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਹ ਵਿਆਹ ਬਾਹਰੇ ਜੋੜਿਆਂ ਦੇ ਪੈਦਾ ਹੋਏ ਨਜਾਇਜ਼ ਬੱਚਿਆਂ ਲਈ ਖੋਲ੍ਹੇ ਗਏ ਸਨ, ਇਹ ਕੋਰਾ ਝੂਠ ਹੈ। ਅਸਲ ਵਿੱਚ ਕਾਨਵੈਂਟ ਇਸਾਈ ਧਰਮ ਦੇ ਪ੍ਰਚਾਰ ਵਿੱਚ ਜੁਟੇ ਲੋਕਾਂ ਦੇ ਰਹਿਣ ਲਈ ਉਸਾਰੇ ਗਏ ਸਨ। ਵਿਸ਼ੇਸ਼ ਤੌਰ 'ਤੇ ਇਹ ਇਸਾਈ ਭਿਕਸ਼ਣੀਆ ਜਿਨ੍ਹਾਂ ਨੂੰ ਨੰਨਜ਼ ਕਿਹਾ ਜਾਂਦਾ ਹੈ ਉਹਨਾਂ ਲਈ ਸਨ ਤਾਂ ਕਿ ਉਹ ਸੰਸਾਰਕ ਕਾਰਜਾਂ ਤੋਂ ਦੂਰ ਰਹਿ ਕੇ ਆਪਣਾ ਸਮਾਂ ਧਾਰਮਿਕ ਕਿਰਿਆਵਾਂ ਨੂੰ ਵਿੱਚ ਲਗਾ ਸਕਣ। ਸਮੇਂ ਨਾਲ ਇਹਨਾਂ ਨਾਲ ਬੱਚਿਆਂ ਦੀ ਸਿੱਖਿਆ ਵਰਗੇ ਹੋਰ ਸਮਾਜਿਕ ਕਾਰਜ ਵੀ ਜੁੜ ਗਏ। ਸੰਖੇਪ ਵਿੱਚ ਕਿਹਾ ਜਾਵੇ ਤਾਂ ਕਾਨਵੈਂਟ ਸੰਸਥਾਵਾਂ ਇਸਾਈ ਧਾਰਮਿਕ ਪ੍ਰਚਾਰ ਅਤੇ ਸਿੱਖਿਆ ਲਈ ਚਲਾਈਆਂ ਗਈਆਂ ਸਨ ਨਾ ਕਿ ਨਜਾਇਜ਼ ਸਬੰਧਾਂ ਵਿੱਚੋਂ ਪੈਦਾ ਹੋਏ ਬੱਚਿਆਂ ਨੂੰ ਸਾਂਭਣ ਲਈ।

ਹੈਰਾਨੀ ਦੀ ਗੱਲ ਹੈ ਕਿ ਇਸ ਪੋਸਟ ਦੀ ਪੜਤਾਲ ਲਈ ਜਸਵੰਤ ਮੋਹਾਲੀ ਨੇ digiteye.in ਸਾਈਟ 11 ਅਪ੍ਰੈਲ ਨੂੰ ਖੋਲ੍ਹ ਕੇ ਦੇਖੀ ਸੀ ਪਰ ਜਦ 15 ਅਪ੍ਰੈਲ ਨੂੰ ਇਹ ਆਰਟੀਕਲ ਲਿਖਣ ਲਈ ਇਹ ਸਾਈਟ ਮੁੜ ਖੋਲ੍ਹੀ ਗਈ ਤਾਂ ਉਸ ਨੂੰ ਬਲਾਕ ਕੀਤਾ ਹੋਇਆ ਸੀ। ਇਸ ਤੋਂ ਪਤਾ ਚਲਦਾ ਹੈ ਕਿ ਇਹ ਝੂਠ ਦੇ ਵਪਾਰੀ ਕਿੰਨੀ ਪਹੁੰਚ ਵਾਲੇ ਹਨ। ਉਹ ਜਿਹੜੀ ਵੀ ਸਾਈਟ ਜਾਂ ਸੋਸ਼ਲ ਮੀਡੀਆ ਅਕਾਊਂਟ ਉਹਨਾਂ ਦੇ ਝੂਠ ਦਾ ਖੰਡਨ ਕਰਦਾ ਹੈ, ਉਸ ਨੂੰ ਬੰਦ ਕਰਵਾ ਦਿੰਦੇ ਹਨ।

ਤੁਹਾਡੇ ਕੋਲ ਵੀ ਅਜਿਹੀਆਂ ਬਹੁਤ ਸਾਰੀਆਂ ਪੋਸਟਾਂ ਆਉਂਦੀਆਂ ਹੋਣਗੀਆਂ ਜੋ ਕਿਸੇ ਅੰਧਵਿਸ਼ਵਾਸ ਦੀ ਪ੍ਰੋੜਤਾ ਕਰਦੀਆਂ ਹੋਣਗੀਆਂ ਜਾਂ ਕਿਸੇ ਧਰਮ ਫਿਰਕੇ ਪ੍ਰਤੀ ਨਫਰਤ ਫੈਲਾਉਂਦੀਆਂ ਹੋਣਗੀਆਂ। ਅਜਿਹੀਆਂ ਪੋਸਟਾਂ ਨੂੰ ਅੱਗੇ ਭੇਜਣ ਦੀ ਬਜਾਏ ਉਹਨਾਂ ਦੀ ਅਸਲੀਅਤ ਨੂੰ ਜਾਣੋ ਅਤੇ ਉਹਨਾਂ ਪਿੱਛੇ ਛੁਪੇ ਮਕਸਦ ਨੂੰ ਪਹਿਚਾਣੋ। ਅਜਿਹੀਆਂ ਪੋਸਟਾਂ ਤੁਸੀਂ ਸਾਨੂੰ ਵੀ ਭੇਜ ਸਕਦੇ ਹੋ। ਅਸੀਂ ਉਹਨਾਂ ਦੀ ਪੜਤਾਲ ਕਰਕੇ ਅਸਲੀਅਤ ਤੁਹਾਡੇ ਸਾਹਮਣੇ ਰੱਖਾਂਗੇ ਕਿਉਂਕਿ ਤਰਕਸ਼ੀਲਤਾ ਦਾ ਮਕਸਦ ਹਰ ਤਰ੍ਹਾਂ ਦੇ ਝੂਠ ਦੀ ਪਰਖ ਕਰਕੇ ਉਸ ਦੀ ਅਸਲੀਅਤ ਲੋਕਾਂ ਸਾਹਮਣੇ ਰੱਖਣੀ ਹੈ। ਅਜਿਹੀ ਕੋਈ ਵੀ ਗਲਤ ਸੂਚਨਾ ਦੇਣ ਵਾਲੀ ਪੋਸਟ ਪੜਤਾਲ ਵਾਸਤੇ ਤੁਸੀਂ 95018-83486 ਉੱਤੇ ਵਟਸਐਪ ਕਰ ਸਕਦੇ ਹੋ।

ਨੋਟ- ਅਸੀਂ ਧਾਰਮਿਕ ਸੰਸਥਾਵਾਂ ਵੱਲੋਂ ਸਕੂਲ ਚਲਾਏ ਜਾਣ ਦੇ ਹੱਕ ਵਿੱਚ ਨਹੀਂ ਹਾਂ। ਸਕੂਲੀ ਸਿੱਖਿਆ ਸਰਕਾਰ ਵੱਲੋਂ ਪੂਰੀ ਤਰ੍ਹਾਂ ਧਰਮ-ਨਿਰਪੱਖ ਮਾਹੌਲ ਵਿੱਚ ਦਿੱਤੀ ਜਾਣੀ ਚਾਹੀਦੀ ਹੈ। ਪਰ ਕਿਸੇ ਵਿਸ਼ੇਸ਼ ਧਰਮ ਪ੍ਰਤੀ ਨਫ਼ਰਤ ਪੈਦਾ ਕਰਨ ਵਾਲੀਆਂ ਅਫਵਾਹਾਂ ਦਾ ਖੰਡਨ ਕਰਕੇ ਪਾਠਕਾਂ ਅੱਗੇ ਸਚਾਈ ਪੇਸ਼ ਕਰਨੀ ਸਾਡਾ ਫਰਜ਼ ਹੈ।


## ਵਿਆਹ-ਸਬੰਧੀ ਇਸ਼ਤਿਹਾਰ

ਅੰਤਰ-ਜਾਤੀ ਅਤੇ ਅੰਤਰ-ਧਰਮੀ ਜੋੜੇ ਦੇ 30 ਸਾਲਾ, ਬਹੁਤ ਸੋਹਣੇ, ਟਰਿੰਮ ਦਾੜ੍ਹੀ, ਵਾਲ ਕੱਟੇ, ਕੱਦ 5.8", ਐਮ.ਐਸ-ਸੀ, ਐਮ. ਫਿਲ., 10 ਲੱਖ ਸਾਲਾਨਾ ਪੈਕੇਜ 'ਤੇ ਭਾਰਤ ਵਿਚ ਕੰਮ ਕਰ ਰਹੇ ਕਲੀਨੀਕਲ ਸਾਈਕੌਲੋਜਿਸਟ ਸਪੁੱਤਰ ਲਈ ਬਰਾਬਰ ਦੀ ਯੋਗਤਾ ਜਾਂ ਨੌਕਰੀ ਪੇਸ਼ਾ ਲੜਕੀ ਦੀ ਜ਼ਰੂਰਤ ਹੈ। ਭੈਣ ਇਸੇ ਖੇਤਰ ਵਿਚ ਰਿਸਰਚ ਕਰ ਰਹੀ ਹੈ। ਮਾਪੇ ਅਧਿਆਪਨ ਕਿੱਤੇ ਵਿਚ, ਆਪਣਾ ਮਕਾਨ। ਜਾਤ, ਧਰਮ, ਦਾਜ ਦਾ ਕੋਈ ਬੰਧਨ ਨਹੀਂ।

ਸੰਪਰਕ 98883 82910

# ਸਕੂਲਾਂ ਵਿੱਚ ਸਵੇਰ ਦੀ ਸਭਾ ਲਈ ਇੱਕ ਗੀਤ - ਚਾਨਣ

ਅਸੀਂ ਅਕਸਰ ਵੇਖਦੇ ਹਾਂ ਕਿ ਸਾਡੇ ਸਕੂਲਾਂ ਵਿੱਚ ਸਵੇਰ ਦੀ ਸਭਾ ਜਾਂ ਹੋਰ ਸਭਿਆਚਾਰਕ ਸਮਾਗਮਾਂ ਦੇ ਮੌਕਿਆਂ ਉੱਤੇ ਵਧੀਆ ਸੇਧ ਦੇਣ ਵਾਲੇ ਗੀਤ ਬਹੁਤ ਘੱਟ ਗਾਏ ਜਾਂਦੇ ਹਨ। ਸਵੇਰ ਦੀ ਸਭਾ ਵਿੱਚ ਰਾਸ਼ਟਰੀ ਗਾਨ ਤੋਂ ਇਲਾਵਾ ਜੋ ਹੋਰ ਗੀਤ ਬੋਲੇ ਜਾਂਦੇ ਹਨ ਉਹਨਾਂ ਵਿੱਚ ਅਕਸਰ ਜਾਂ ਤਾਂ ਕਿਸੇ ਕਲਪਿਤ ਸ਼ਕਤੀ ਕੋਲੋਂ ਵਰਦਾਨ ਮੰਗਣ ਲਈ ਪ੍ਰਾਰਥਨਾ ਕੀਤੀ ਹੁੰਦੀ ਹੈ ਜਾਂ ਆਪਣੇ ਸਾਥੀਆਂ ਤੋਂ ਅੱਗੇ ਲੰਘ ਜਾਣ ਦੀ ਇੱਛਾ ਦਾ ਪ੍ਰਗਟਾਵਾ ਹੁੰਦਾ ਹੈ। ਵਿਦਿਆਰਥੀਆਂ ਦੇ ਮਨਾਂ ਵਿੱਚ ਆਪਸੀ ਸਹਿਯੋਗ, ਵਿਗਿਆਨਕ ਸੋਚ ਅਤੇ ਧਰਮ ਅਤੇ ਜਾਤੀ ਦੇ ਵੰਡਾਂ ਵਖਰੇਵਿਆਂ ਤੋਂ ਉਪਰ ਉੱਠ ਕੇ ਮਾਨਵਵਾਦੀ ਨਜ਼ਰੀਆ ਪੈਦਾ ਕਰਨ ਵਾਲੇ ਢੁਕਵੇਂ ਗੀਤਾਂ ਦੀ ਬਹੁਤ ਘਾਟ ਹੈ। ਕੁਝ ਚੰਗੇ ਗੀਤ ਕਿਤਾਬਾਂ ਵਿੱਚ ਮਿਲਦੇ ਹਨ ਪਰ ਉਨ੍ਹਾਂ ਨੂੰ ਕਿਵੇਂ ਗਾਇਆ ਜਾਵੇ, ਉਨ੍ਹਾਂ ਦੀ ਧੁਨ ਕੀ ਹੋਵੇ, ਇਹ ਕੰਮ ਆਮ ਵਿਦਿਆਰਥੀ ਜਾਂ ਅਧਿਆਪਕ ਦੇ ਵੱਸ ਵਿੱਚ ਨਹੀਂ ਹੁੰਦੇ ਜਿਸ ਕਰਕੇ ਉਹ ਗੀਤ ਕਿਤਾਬਾਂ ਵਿੱਚ ਹੀ ਪਏ ਰਹਿੰਦੇ ਹਨ, ਆਮ ਵਰਤੋਂ ਵਿੱਚ ਨਹੀਂ ਆਉਂਦੇ। ਇਹ ਖੁਸ਼ੀ ਦੀ ਗੱਲ ਹੈ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਖਰੜ ਦੇ ਮੀਡੀਆ ਮੁਖੀ ਕਰਮਜੀਤ ਸਕਰੁੱਲਾਂਪੁਰੀ ਨੇ ਇਸ ਮਸਲੇ ਨੂੰ ਹੱਥ ਵਿੱਚ ਲਿਆ ਅਤੇ ਇੱਕ ਬਹੁਤ ਵਧੀਆ ਗੀਤ ਸਿਰਜਿਆ ਹੈ। ਵੱਡੀ ਗੱਲ ਇਹ ਹੈ ਕਿ ਉਨ੍ਹਾਂ ਨੇ ਸਿਰਫ ਗੀਤ ਲਿਖ ਕੇ ਹੀ ਆਪਣਾ ਫਰਜ਼ ਪੂਰਾ ਹੋ ਗਿਆ ਨਹੀਂ ਸਮਝਿਆ ਬਲਕਿ ਇਸ ਗੀਤ ਦੀ ਧੁਨ ਬਣਾਈ, ਗੀਤ ਗਾਉਣ ਲਈ ਵਧੀਆ ਅਵਾਜਾਂ ਅਤੇ ਸੰਗੀਤਕਾਰ ਦੀ ਚੋਣ ਕੀਤੀ ਅਤੇ ਬਹੁਤ ਸ਼ਾਨਦਾਰ ਵੀਡੀਓ ਬਣਾਈ। ਇਸ ਉੱਦਮ ਸਦਕਾ ਇਹ ਗੀਤ ਬਹੁਤ ਸਾਰੇ ਸਕੂਲਾਂ ਵਿੱਚ ਗਾਇਆ ਜਾ ਰਿਹਾ ਹੈ।

ਅਸੀਂ ਨਾ ਸਿਰਫ ਤਰਕਸ਼ੀਲ ਸੁਸਾਇਟੀ ਦੇ ਕਾਰਕੁੰਨਾਂ ਬਲਕਿ ਅਗਾਂਹਵਧੂ ਸੋਚ ਵਾਲੇ ਸਾਰੇ ਅਧਿਆਪਕਾਂ ਲਈ ਵੀ ਸੁਝਾਅ ਦਿੰਦੇ ਹਾਂ ਕਿ ਸਵੇਰ ਦੀ ਸਭਾ, ਸਨਿੱਚਰਵਾਰ ਦੀ ਬਾਲ ਸਭਾ ਅਤੇ ਹੋਰ ਪ੍ਰੋਗਰਾਮਾਂ ਲਈ ਵਿਦਿਆਰਥੀਆਂ ਨੂੰ ਇਹੋ ਜਿਹੇ ਗੀਤ ਤਿਆਰ ਕਰਵਾਏ ਜਾਣੇ ਚਾਹੀਦੇ ਹਨ।

ਇਸ ਗੀਤ ਨੂੰ ਯੂਟਿਊਬ ਉਤੇ 'ਚਾਨਣ ਗੀਤ' ਜਾਂ Assembly song for schools – Chaanan' ਲਿਖ ਕੇ ਲੱਭਿਆ ਅਤੇ ਸੁਣਿਆ ਜਾ ਸਕਦਾ ਹੈ।

## ਚਾਨਣ

ਅਸੀਂ ਚਾਨਣ ਵੰਡਣਾ ਏ, ਚੰਨ ਸੂਰਜ ਤਾਰੇ ਬਣ ਕੇ ਜੀ।
ਹਰ ਦਿਲ ਵਿੱਚ ਵੱਸਣਾ ਏ, ਸਭਨਾਂ ਦੇ ਦੁਲਾਰੇ ਬਣ ਕੇ ਜੀ

ਨਵਿਆਂ ਨਾਲ਼ ਦੋਸਤੀਆਂ, ਰੁੱਸਿਆਂ ਨੂੰ ਮਨਾਵਾਂਗੇ।
ਜੋ ਬਹਿ ਗਏ ਵੱਖ ਹੋ ਕੇ, ਅਸੀਂ ਨਾਲ਼ ਰਲ਼ਾਵਾਂਗੇ।
ਰਹਿਣਾ ਹੈ ਮਿਲਜੁਲ ਕੇ, ਬੱਸ ਮਿੱਤਰ ਪਿਆਰੇ ਬਣ ਕੇ ਜੀ ....
ਅਸੀਂ ਚਾਨਣ ਵੰਡਣਾ ਏਂ, ਚੰਨ ਸੂਰਜ ਤਾਰੇ ਬਣ ਕੇ ਜੀ।

ਕਿਸੇ ਕੁੱਝ ਵੀ ਨਹੀਂ ਲਿਖਿਆ, ਮੱਥੇ ਜਾਂ ਹੱਥਾਂ 'ਤੇ।
ਸਭ ਭਰਮ-ਭੁਲੇਖੇ ਨੇ, ਤਰਕਾਂ ਨਾਲ਼ ਦੱਸਾਂਗੇ ।
ਸਭ ਝੂਠ ਮਿਟਾਵਾਂਗੇ, ਸੱਚ ਦੇ ਵਣਜ਼ਾਰੇ ਬਣ ਕੇ ਜੀ।
ਅਸੀਂ ਚਾਨਣ ਵੰਡਣਾ ਏ, ਚੰਨ ਸੂਰਜ ਤਾਰੇ ਬਣ ਕੇ ਜੀ।

ਅਸੀਂ ਮਜ਼ਹਬ ਨਹੀਂ ਪੁੱਛਣੇ, ਨਾ ਪੁੱਛਣੈਂ ਜਾਤਾਂ ਨੂੰ,
ਜੋ ਝਗੜੇ ਛੇੜਦੀਆਂ, ਰੱਦ ਕਰਨੈਂ ਬਾਤਾਂ ਨੂੰ,
ਨਫ਼ਰਤ ਦੀ ਅਗਨੀ ਨੂੰ, ਰੋਕਾਂਗੇ ਫ਼ੁਹਾਰੇ ਬਣ ਕੇ ਜੀ ।
ਅਸੀਂ ਚਾਨਣ ਵੰਡਣਾ ਏ, ਚੰਨ ਸੂਰਜ ਤਾਰੇ ਬਣ ਕੇ ਜੀ।

ਰਸਤੇ ਹੀ ਔਖੇ ਨੇ, ਮੰਜ਼ਲਾਂ ਤਾਂ ਦੂਰ ਨਹੀਂ,
ਪਰ ਅਸੀਂ ਵੀ ਮੁੜਨੇ ਦਾ, ਚੁਣਿਆ ਦਸਤੂਰ ਨਹੀਂ ।
ਹਿੰਮਤਾਂ ਦੀਆਂ ਬਾਤਾਂ ਦੇ, ਰਹਿਣਾ ਹੈ ਹੁੰਗਾਰੇ ਬਣ ਕੇ ਜੀ
ਅਸੀਂ ਚਾਨਣ ਵੰਡਣਾ ਏ, ਚੰਨ ਸੂਰਜ ਤਾਰੇ ਬਣ ਕੇ ਜੀ ।

*ਗੀਤ ਦੇ ਬੋਲ, ਧੁਨ ਅਤੇ ਪ੍ਰੋਡਿਊਸਰ*
*ਕਰਮਜੀਤ ਸਕਰੁੱਲਾਂਪੁਰੀ (94632-89212)*
*ਗਾਇਕੀ- ਪ੍ਰਿਯੰਕਾ ਰਾਜਪੂਤ,*
*ਸੁੱਖੀ ਅਟਵਾਲ, ਜਗਦੀਪ ਬਰਾੜ*
*ਸੰਗੀਤ -ਪ੍ਰਿਆਂਸ਼ ਰਾਜਪੂਤ*

***

ਹਰ ਮਾਪੇ ਲਈ ਪੜ੍ਹਨਯੋਗ ਪੁਸਤਕ-

# ਬੱਚਿਆਂ ਸੰਗ ਮੁਸਕਰਾਈਏ

ਪਿਛਲੇ 30-40 ਸਾਲਾਂ ਦੌਰਾਨ ਸਾਡਾ ਜੀਵਨ ਢੰਗ ਅਤੇ ਸਮਾਜਿਕ ਮਾਹੌਲ ਬਹੁਤ ਬਦਲ ਗਿਆ ਹੈ। ਇਸ ਬਦਲੇ ਹੋਏ ਮਾਹੌਲ ਵਿੱਚ ਬੱਚਿਆਂ ਦੇ ਪਾਲਣ-ਪੋਸ਼ਣ ਦਾ ਢੰਗ ਵੀ ਬਦਲ ਗਿਆ ਹੈ। ਜਿੱਥੇ ਪਹਿਲਾਂ ਬੱਚੇ ਆਪਣੇ ਹਾਣੀਆਂ ਨਾਲ ਖੇਡਦੇ ਕੁੱਦਦੇ ਵੱਡੇ ਹੁੰਦੇ ਸਨ। ਘਰ ਦੇ ਅੰਦਰ ਵੀ ਵੱਖ ਵੱਖ ਉਮਰਾਂ ਦੇ ਬੱਚੇ ਮੌਜੂਦ ਹੁੰਦੇ ਸਨ। ਚਾਚੇ ਚਾਚੀਆਂ, ਤਾਏ ਤਾਈਆਂ, ਭੂਆ, ਦਾਦਾ, ਦਾਦੀ ਆਦਿ ਨਾਲ ਹਰ ਵਕਤ ਮੇਲ ਜੋਲ ਬਣਿਆ ਰਹਿੰਦਾ ਸੀ, ਉੱਥੇ ਹੁਣ ਆਧੁਨਿਕ ਪਰਿਵਾਰਾਂ ਵਿੱਚ ਇੱਕ ਜਾਂ ਦੋ ਹੀ ਬੱਚੇ ਹੁੰਦੇ ਹਨ। ਨਿਊਕਲੀਅਰ ਫੈਮਲੀ ਹੋਣ ਕਾਰਨ ਚਾਚੇ ਤਾਇਆਂ ਦੇ ਪਰਿਵਾਰਾਂ ਨਾਲ ਮੇਲ ਜੋਲ ਨਹੀਂ ਹੁੰਦਾ। ਕੁੱਲ ਮਿਲਾ ਕੇ ਬੱਚੇ ਨੂੰ ਮਾਂ ਪਿਓ ਹੀ ਪਾਲਦੇ ਹਨ। ਇਸ ਲਈ ਉਹ ਬੱਚੇ ਨੂੰ ਖਿਡਾਉਣਿਆਂ, ਫੋਨਾਂ ਜਾਂ ਟੀਵੀ ਆਦਿ ਉੱਤੇ ਵੱਧ ਨਿਰਭਰ ਕਰ ਦਿੰਦੇ ਹਨ, ਜਿਸ ਨਾਲ ਉਸ ਦਾ ਸਮਾਜਿਕ ਵਿਕਾਸ ਸਹੀ ਤਰ੍ਹਾਂ ਨਹੀਂ ਹੁੰਦਾ।

ਹੋਰ ਅਨੇਕਾਂ ਮਸਲੇ ਹਨ ਜਿਵੇਂ ਮਾਪਿਆਂ ਨੂੰ ਸ਼ਿਕਾਇਤ ਰਹਿੰਦੀ ਹੈ ਕਿ ਬੱਚੇ ਜਿੱਦੀ ਹੋ ਰਹੇ ਨੇ। ਉਹ ਆਏ ਗਏ ਨਾਲ ਠੀਕ ਵਿਵਹਾਰ ਨਹੀਂ ਕਰਦੇ, ਵੱਡਿਆਂ ਦੀ ਇੱਜਤ ਨਹੀਂ ਕਰਦੇ, ਹਰ ਸਮੇਂ ਫੋਨ ਨਾਲ ਚਿੰਬੜੇ ਰਹਿੰਦੇ ਹਨ ਆਦਿ।

ਦੂਜੇ ਪਾਸੇ ਮਾਪਿਆਂ ਉੱਤੇ ਵੀ ਇਲਜ਼ਾਮ ਲੱਗਦਾ ਹੈ ਕਿ ਉਹ ਬੱਚਿਆਂ ਦੀ ਰੁਚੀ ਦਾ ਖਿਆਲ ਰੱਖੇ ਬਿਨਾਂ ਆਪਣੀਆਂ ਇਛਾਵਾਂ ਉਹਨਾਂ ਉੱਤੇ ਥੋਪਦੇ ਹਨ, ਉਹਨਾਂ ਦੀਆਂ ਖੇਡਣ ਕੁੱਦਣ, ਸਵਾਲ ਪੁੱਛਣ, ਗੱਲਾਂ ਕਰਦੇ ਰਹਿਣ ਵਰਗੀਆਂ ਕੁਦਰਤੀ ਪ੍ਰਵਿਰਤੀਆਂ ਨੂੰ ਕੁਚਲਦੇ ਹਨ, ਉਹਨਾਂ ਨੂੰ ਖੋਪੇ ਲੱਗੇ ਘੋੜੇ ਵਾਂਗ ਬਣਾ ਕੇ ਖੁਸ਼ ਰਹਿੰਦੇ ਹਨ ਆਦਿ ਆਦਿ।

ਬੱਚਿਆਂ ਦੀ ਪਰਵਰਿਸ਼ ਨਾਲ ਸਬੰਧਤ ਅਜਿਹੇ ਮਸਲਿਆਂ ਨੂੰ ਸੰਬੋਧਿਤ ਹੁੰਦੀ ਹੈ ਡਾਕਟਰ ਸ਼ਿਆਮ ਸੁੰਦਰ ਦੀਪਤੀ ਜੀ ਦੀ ਨਵੀਂ ਪੁਸਤਕ 'ਬੱਚਿਆਂ ਸੰਗ ਮੁਸਕਰਾਈਏ'। ਡਾਕਟਰ ਦੀਪਤੀ ਵੱਲੋਂ ਇਹ ਪੁਸਤਕ ਇੱਕ ਵੱਖਰੀ ਕਾਵਿਕ ਸ਼ੈਲੀ ਵਿੱਚ ਲਿਖੀ ਗਈ ਹੈ, ਵਿੱਚ ਵਿੱਚ ਮਿੰਨੀ ਕਹਾਣੀਆਂ ਵੀ ਹਨ, ਬੋਲ ਚਾਲ ਦੀ ਭਾਸ਼ਾ ਹੈ, ਛੋਟੇ ਛੋਟੇ ਫਿਕਰੇ ਹਨ।

ਲੇਖਕ ਪੁਸਤਕ ਦੇ ਸ਼ੁਰੂ ਵਿੱਚ ਲਿਖਦਾ ਹੈ ਕਿ ਬੱਚਿਆਂ ਦੇ ਪਾਲਣ ਲਈ ਹੁਣ ਸਿਖਲਾਈ ਦੀ ਲੋੜ ਹੈ। ਲੇਖਕ ਇਸ ਬਾਰੇ ਵੀ ਸੁਚੇਤ ਹੈ ਕਿ ਅੱਗੋਂ ਸਵਾਲ ਕੀਤਾ ਜਾਵੇਗਾ ਕਿ ਹਜ਼ਾਰਾਂ ਸਾਲਾਂ ਤੋਂ ਵੀ ਬੱਚੇ ਪਲਦੇ ਆਏ ਹਨ, ਹੁਣ ਇਸ ਦੀ ਕਿਉਂ ਅਤੇ ਕੀ ਲੋੜ ਹੈ ? ਪਹਿਲਾਂ ਇਸ ਦੀ ਕਿਹੜੀ ਸਿਖਲਾਈ ਹੁੰਦੀ ਸੀ ? ਇਸ ਬਾਰੇ ਸਮਾਜ ਵਿੱਚ ਆਈਆਂ ਤਬਦੀਲੀਆਂ ਬਾਰੇ ਗੱਲ ਕਰਦੇ ਹੋਏ ਲੇਖਕ ਅਜੋਕੇ ਮਾਪਿਆਂ ਦਾ ਚਿੱਤਰ ਪੇਸ਼ ਕਰਦਾ ਹੈ

***'ਪਤੀ ਪਤਨੀ ਸ਼ਹਿਰ ਰਹਿੰਦੇ ਨੇ। ਪਹਿਲਾ ਬੱਚਾ ਹੈ। ਸਾਂਭ ਸੰਭਾਲ ਬਾਰੇ ਪਤਾ ਨਹੀਂ ਹੈ। ਦੂਰੋਂ ਪਰਿਉਂ ਵਧਾਈਆਂ ਆ ਰਹੀਆਂ ਨੇ। ਦਾਦੀ-ਨਾਨੀ-ਭੂਆ, ਇੱਕ ਇੱਕ ਦਿਨ ਰਹਿ ਕੇ ਮੁੜ ਗਏ ਨੇ। ਦਾਦੀ ਦਸ-ਪੰਦਰਾਂ ਦਿਨ ਰਹਿਣਾ ਚਾਹੁੰਦੀ ਸੀ ਪਰ.....***

***ਬੱਚੇ ਦੀ ਮਾਂ ਨੂੰ ਉਸ ਵੱਲੋਂ ਕੀਤੀ ਜਾ ਰਹੀ ਸਾਂਭ ਸੰਭਾਲ ਪਸੰਦ ਨਹੀਂ ਤੇ ਫਿਰ ਉਸ ਦਾ ਰਹਿਣਾ ਪ੍ਰਵਾਨ ਨਹੀਂ।***

***ਨਾ ਖੁਦ ਨੂੰ ਪਤਾ ਹੈ ਤੇ ਨਾ ਹੀ ਬਜ਼ੁਰਗ ਬਰਦਾਸ਼ਤ ਨੇ। ਨਾ ਹੀ ਆਪ ਉਚੇਚੇ ਤੌਰ ਤੇ ਕਿਸੇ ਕਿਤਾਬ, ਕਿਸੇ ਪਰਿਵਾਰ ਜਾਂ ਮਨੋਵਿਗਿਆਨ ਦੇ ਮਾਹਰ ਨਾਲ ਗੱਲ ਕੀਤੀ ਹੈ। ਨਾ ਹੀ ਆਪਣੀ ਮਾਂ ਨਾਲ ਕਿਸੇ ਨੁਕਤੇ ਨੂੰ ਵਿਚਾਰਨ ਲਈ ਤਿਆਰ ਹੈ।'***

ਸੋ ਇਹਨਾਂ ਸਥਿਤੀਆਂ ਵਿੱਚ ਨਵੇਂ ਯੁੱਗ ਦੇ ਨਵੇਂ ਬਣੇ ਮਾਪਿਆਂ ਨੂੰ ਪਾਲਣਾ ਪੋਸ਼ਣਾ ਸਿੱਖਣ ਦੀ ਲੋੜ ਪੈਂਦੀ ਹੈ। ਇਹ ਕਿਤਾਬ ਇਸ ਲੋੜ ਨੂੰ ਸੋਹਣੇ ਢੰਗ ਨਾਲ ਪੂਰਾ ਕਰਦੀ ਹੈ।

ਇੱਕ ਹੋਰ ਮੁੱਦਾ ਹੈ ਕਿ ਬੱਚਿਆਂ ਦੀਆਂ ਕੰਮ ਕਰਨ ਦੀਆਂ ਪ੍ਰਵਿਰਤੀਆਂ ਨੂੰ ਸ਼ੁਰੂ ਵਿੱਚ ਬੁਰੀ ਤਰ੍ਹਾਂ ਕੁਚਲਿਆ ਜਾਂਦਾ ਹੈ ਅਤੇ ਫਿਰ ਜਦ ਬੱਚੇ ਵੱਡੇ ਹੋ ਜਾਂਦੇ ਹਨ, ਉਹਨਾਂ ਦੀ ਆਪਣੇ ਨਿੱਕੇ ਮੋਟੇ ਘਰੇਲੂ ਕੰਮ ਕਰਨ ਦੀ ਰੁਚੀ ਮਰ ਜਾਂਦੀ ਹੈ, ਤਦ ਮਾਪੇ ਉਸਨੂੰ ਕੋਸਦੇ ਹਨ ਕਿ ਇਹ ਤਾਂ ਆਪਣੀਆਂ ਚੀਜ਼ਾਂ ਵੀ ਸਾਫ ਨਹੀਂ ਰੱਖਦਾ। ਉਹਨਾਂ ਨੂੰ ਸਾਂਭਦਾ ਨਹੀਂ। ਘਰ ਦੇ ਕੰਮਾਂ ਵੱਲ ਕੋਈ ਧਿਆਨ ਨਹੀਂ ਦਿੰਦਾ ਆਦਿ। ਪੁਸਤਕ ਵਿੱਚ ਇਸ ਨੂੰ ਕਿਵੇ ਪੇਸ਼ ਕੀਤਾ ਗਿਆ ਹੈ, ਇਸਦੀ ਇੱਕ ਉਦਾਹਰਨ -

***'ਮਾਂ ਕੱਪੜੇ ਧੋ ਰਹੀ ਹੈ। ਬੱਚਾ ਵੀ ਬਾਲਟੀ ਵਿੱਚੋਂ ਇੱਕ ਕੱਪੜਾ ਚੁੱਕ ਕੇ ਮਸਲਨ ਲੱਗਦਾ ਹੈ। ਬੱਚਾ ਮਾਂ ਨੂੰ ਝਾੜੂ ਮਾਰਦਾ ਦੇਖ ਝਾੜੂ ਮੰਗਦਾ ਹੈ ਕਿ ਮੈਂ ਕਰਾਂਗਾ ਇਹ। ਮਾਂ ਕਹਿੰਦੀ ਹੈ- ਰਹਿਣ ਦੇ, ਰਹਿਣ ਦੇ, ਮੇਰਾ ਕੰਮ ਨਾ ਵਧਾ, ਐਵੇਂ ਕਿਉਂ ਖਿਲਾਰਾ ਪਾ ਰਿਹਾ ਹੈਂ, ਗੰਦ ਵਧਾ ਰਿਹਾ ਹੈਂ।***

***ਬੱਚਾ ਪਿਤਾ ਨੂੰ ਕੁਰਸੀ ਵਿੱਚ ਕਿੱਲ ਠੋਕਦੇ ਦੇਖਦਾ ਹੈ, ਪੇਚਕਸ ਨਾਲ ਪੇਚ ਕਸਦੇ ਵੇਖਦਾ ਹੈ ਅਤੇ ਉਸੇ ਤਰ੍ਹਾਂ ਕਰਨ ਦੀ ਕੋਸ਼ਿਸ਼ ਕਰਦਾ ਹੈ, ਬੱਚਾ ਆਪਣਾ ਹਿੱਸਾ ਪਾ ਰਿਹਾ ਹੈ। ਪਿਓ***

*ਕਹਿੰਦਾ ਹੈ- ਦੂਰ ਹੋ ਕੇ ਬੈਠ, ਸੱਟ ਲਵਾ ਲਵੇਂਗਾ। ਜਾਂ ਪਤਨੀ ਨੂੰ ਆਵਾਜ਼ ਪੈਂਦੀ ਹੈ, 'ਤੂੰ ਦੋ ਮਿੰਟ ਇਸ ਨੂੰ ਫੜ ਨਹੀਂ ਸਕਦੀ।'*

*ਬੱਚਾ ਫਰੋਲਾ ਫਰਾਲੀ ਕਰ ਰਿਹਾ ਹੈ। 'ਟਿਕ ਕੇ ਬਹਿ ਜਾਇਆ ਕਰ, ਦੋ ਮਿੰਟ ਪਾਸੇ ਹੋਏ ਨਹੀਂ ਕਿ ਤੇਰਾ ਖਿਲਾਰਾ ਸ਼ੁਰੂ'।*

*ਕਿਉਂ ਟਿਕ ਕੇ ਬਿਠਾਉਣਾ ਚਾਹੁੰਦੇ ਹਾਂ ਅਸੀਂ ਆਪਣੇ ਬੱਚੇ ਨੂੰ ? ਦਰਅਸਲ ਸਾਨੂੰ ਉਸਦੀਆਂ ਮਾਨਸਿਕ ਬਿਰਤੀਆਂ ਦਾ ਪਤਾ ਨਹੀਂ।*

*ਚਾਹੀਦਾ ਤਾਂ ਇਹ ਹੈ ਕਿ ਅਸੀਂ ਉਸਦਾ ਸਾਥ ਦਈਏ, ਸਾਨੂੰ ਵੀ ਮਜ਼ਾ ਆਵੇਗਾ ਉਹ ਵੀ ਖੁਸ਼ ਰਹੇਗਾ। ਇਹ ਬੱਚੇ ਦੀ ਨਕਲ ਕਰਨ ਦੀ ਆਦਤ ਤੋਂ ਅੱਗੇ ਉਸ ਦੀ ਹੱਥੀਂ ਕੰਮ ਕਰਨ ਦੀ ਭਾਵਨਾ ਹੈ।*

*ਕੱਪੜੇ ਧੋਣ ਲੱਗਿਆਂ ਮਾਂ ਉਸਨੂੰ ਨਿੱਕਾ ਜਿਹਾ ਰੁਮਾਲ ਦੇ ਕੇ ਉਸ ਨੂੰ ਆਪਣੇ ਨਾਲ ਕੰਮ ਤੇ ਲਗਾ ਸਕਦੀ ਹੈ ਤੇ ਉਸ ਦੀ ਇਸ ਪ੍ਰਵਿਰਤੀ ਨੂੰ ਵੀ ਸੰਤੁਸ਼ਟ ਕਰ ਸਕਦੀ ਹੈ। ਆਪਣੇ ਨਾਲ ਹੀ ਪੋਚਾ ਮਰਵਾਉਣ ਜਾਂ ਭਾਂਡੇ ਮੰਜਵਾਉਣ ਵਿੱਚ ਕੀ ਹਰਜ ਹੈ ?*

*ਪਿਤਾ ਆਪਣੇ ਸਕੂਟਰ ਨੂੰ ਧੋਂਦੇ ਹੋਏ ਬੱਚੇ ਨੂੰ ਪਾਣੀ ਦਾ ਡੱਬਾ ਭਰ ਭਰ ਕੇ ਦੇਣ ਲਈ ਕਿਉਂ ਨਹੀਂ ਕਹਿ ਸਕਦਾ ?'*

ਪੁਸਤਕ ਵਿੱਚੋਂ ਇਸ ਤਰ੍ਹਾਂ ਲੰਬੀ ਉਦਾਹਰਨ ਦੇਣ ਦਾ ਮਕਸਦ ਕਿਤਾਬ ਦੀ ਸ਼ੈਲੀ ਨੂੰ ਪਾਠਕਾਂ ਦੇ ਸਾਹਮਣੇ ਰੱਖਣਾ ਹੈ ਤਾਂ ਕਿ ਪਾਠਕ ਇਹ ਨਾ ਸਮਝਣ ਕਿ ਇਹ ਪੁਸਤਕ ਬੱਚਿਆਂ ਦੀ ਪਰਵਰਿਸ਼ ਬਾਰੇ ਮਾਪਿਆਂ ਨੂੰ ਹਦਾਇਤਾਂ ਦੇਣ ਵਾਲੇ ਖੁਸ਼ਕ ਜਿਹੇ ਲੇਖਾਂ ਦੀ ਕੋਈ ਪੁਸਤਕ ਹੈ।

ਪੁਸਤਕ ਦੇ ਦੋ ਭਾਗ ਹਨ – ਪਹਿਲੇ ਭਾਗ ਵਿੱਚ ਛੋਟੇ ਬੱਚਿਆਂ ਦੀ ਪਰਵਰਿਸ਼ ਸਬੰਧੀ ਗੱਲਾਂ ਹਨ ਅਤੇ ਦੂਸਰੇ ਭਾਗ ਵਿੱਚ ਕਿਸ਼ੋਰ ਉਮਰ ਦੇ ਬੱਚਿਆਂ ਨੂੰ ਚੰਗੇ ਇਨਸਾਨ ਬਣਾਉਣ ਲਈ ਨੁਕਤੇ ਹਨ। ਸੋ ਸਾਰੇ ਮਾਪਿਆਂ ਨੂੰ ਇਹ ਪੁਸਤਕ ਜਰੂਰ ਘਰੇ ਰੱਖਣੀ ਚਾਹੀਦੀ ਹੈ। ਸਮੇਂ ਸਮੇਂ 'ਤੇ ਪੜ੍ਹਦੇ ਰਹਿਣ ਨਾਲ ਤੁਹਾਡਾ ਬੱਚਿਆਂ ਪ੍ਰਤੀ ਵਿਵਹਾਰ ਜਰੂਰ ਕੁਝ ਨਾ ਕੁਝ ਬਦਲ ਜਾਵੇਗਾ, ਜਿਸ ਦਾ ਬੱਚੇ ਉੱਤੇ ਚੰਗਾ ਪ੍ਰਭਾਵ ਪਾਏਗਾ ਅਤੇ ਤੁਹਾਡੀ ਖਿਝ ਵੀ ਦੂਰ ਹੋਵੇਗੀ। 144 ਸਫਿਆਂ ਦੀ ਇਹ ਕਿਤਾਬ ਤੁਸੀਂ ਇੱਕ ਸੌ ਰੁਪਏ ਵਿੱਚ ਤਰਕਸ਼ੀਲ ਸੋਸਾਇਟੀ ਦੀ ਕਿਸੇ ਇਕਾਈ ਜਾਂ ਤਰਕਸ਼ੀਲ ਸਾਹਿਤ ਵੈਨ ਤੋਂ ਖਰੀਦ ਸਕਦੇ ਹੋ।

---

## ਮਾਰਚ–ਅਪ੍ਰੈਲ 2025 ਅੰਕ ਬਾਰੇ ਇੱਕ ਪ੍ਰਤੀਕਰਮ

1. ਮੁੱਖ ਪੰਨੇ ਤੇ ਦਰਸਾਈ ਅੰਤਰ ਝਾਤ, ਵਿਗਿਆਨ ਦਾ ਸਫ਼ਰ, ਅਛੂਤ ਦਾ ਸਵਾਲ, ਜੱਗ ਬੀਤੀ, ਸ਼ਬਦ ਚਿੱਤਰ ਅਤੇ ਮਹਾਂ ਕੁੰਭ ਮੇਲਾ ਦੇ ਅੱਖਰ ਡਬਲਸ਼ੇਡ ਵਾਲੇ ਤੇ ਫਿੱਕੇ ਰੰਗਾਂ ਵਾਲੇ ਹੋਣ ਕਾਰਨ ਉੱਘੜਦੇ ਨਹੀਂ ਹਨ ਤੇ ਪੜ੍ਹਨ ਵਿੱਚ ਦਿੱਕਤ ਆਉਂਦੀ ਹੈ। ਇਹ ਇੱਕੋ ਰੰਗ ਵਾਲੇ ਤੇ ਉੱਘੜਵੇਂ ਹੋਣੇ ਚਾਹੀਦੇ ਹਨ ਤਾਂ ਕਿ ਪੜ੍ਹਨਾ ਆਸਾਨ ਹੋਵੇ।
2. ਮੁੱਖ ਪੰਨੇ ਤੇ ਖ਼ੂਨ ਸੰਘਣਾ ਜਾਂ ਗਾੜ੍ਹਾ ਹੋਣ ਵਰਗੇ ਸਿਰਲੇਖ ਵੀ ਅੰਤਰ ਝਾਤ ਦਾ ਹਿੱਸਾ ਬਣਨੇ ਚਾਹੀਦੇ ਹਨ।
3. ਅੰਤਰ ਝਾਤ ਵਿੱਚ ਪਹਿਲਾ ਸਿਰਲੇਖ 'ਵਿਗਿਆਨ ਦਾ ਸਫ਼ਰ' ਲਿਖਣ ਦੀ ਥਾਂ ਲਿਖਣਾ ਚਾਹੀਦਾ ਸੀ 'ਦੂਰਬੀਨ ਦੀ ਕਹਾਣੀ'।
4. ਵਿਦਿਆਰਥੀ ਕੋਨਾ – ਨਿਊਟਨ ਦੀ ਮਹਾਨਤਾ ਵਾਲੀ ਲਿਖਤ 'ਤੇ ਗਲਤੀ ਨਾਲ ਫ਼ੋਟੋ ਆਈਨਸਟਾਈਨ ਦੀ ਲੱਗ ਗਈ ਤੇ ਆਈਨਸਟਾਈਨ ਦੇ ਬੋਲ ਵਾਲੀ ਲਿਖਤ 'ਤੇ ਨਿਊਟਨ ਦੀ। ਫ਼ੋਟੋਆਂ ਉਲਟ ਪੁਲਟ ਹੋ ਗਈਆਂ।
5. 'ਕਿੱਟੀ ' ਡਾਇਰੀ ਵਾਲੀ ਐਨੇ ਫਰਾਂਕ ਅਤੇ ਸ਼ਾਹ ਦੌਲੇ ਦਾ ਚੂਹਾ ਲਿਖਤਾਂ ਦਿਲਚਸਪ ਨਹੀਂ ਸਨ। ਇਹ ਲਿਖਤਾਂ ਰੁੱਖੀਆਂ, ਖੁਸ਼ਕ ਤੇ ਬੇਸੁਆਦੀਆਂ ਸਨ।
6. ਕਿਤੇ ਕਿਤੇ ਪਰੂਫ਼ ਰੀਡਿੰਗ ਦੀਆਂ ਗਲਤੀਆਂ ਨਜ਼ਰ ਆਈਆਂ।
7. ਮੈਗਜ਼ੀਨ ਦਾ ਬਾਕੀ ਕਾਫ਼ੀ ਮੈਟਰ ਪ੍ਰੇਰਨਾਦਾਇਕ ਤੇ ਵਧੀਆ ਜਾਣਕਾਰੀ ਭਰਪੂਰ ਸੀ।
8. ਮੈਗਜ਼ੀਨ ਵਿੱਚ ਵਿਦਿਆਰਥੀਆਂ ਤੇ ਨੌਜਵਾਨਾਂ ਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਹੱਲ ਵਾਲੀਆਂ ਲਿਖਤਾਂ ਤੇ ਵੱਧ ਜ਼ੋਰ ਦੇਣਾ ਚਾਹੀਦਾ ਹੈ।
9. ਮਾਨਸਿਕ ਤੇ ਸਰੀਰਕ ਬਿਮਾਰੀਆਂ ਤੇ ਉਪਾਅ ਬਾਰੇ ਵੀ ਮੈਗਜ਼ੀਨ ਵਿੱਚ ਦਿੰਦੇ ਰਹਿਣਾ ਚਾਹੀਦਾ ਹੈ।

**ਅਜੀਤ ਪ੍ਰਦੇਸੀ ਰੋਪੜ।**

# ਸ਼੍ਰੋਮਣੀ ਅਕਾਲੀ ਦਲ ਦਾ ਕਲੇਸ਼

- ਹੇਮ ਰਾਜ ਸਟੈਨੋ

ਅੱਜ ਅਸੀਂ ਪੰਜਾਬ ਅੰਦਰਲੇ ਅਕਾਲੀ ਦਲ 'ਚ ਚੱਲ ਰਹੇ ਝਗੜੇ ਬਾਰੇ ਗੱਲ ਕਰਨ ਜਾ ਰਹੇ ਹਾਂ। ਇੱਥੇ ਕਿਸੇ ਨੂੰ ਲੱਗ ਸਕਦਾ ਹੈ ਕਿ ਇਹ ਤਾਂ ਸਿਆਸੀ ਮੁੱਦਾ ਹੈ। ਹਾਂ, ਇਹ ਇੱਕ ਸਿਆਸੀ ਮੁੱਦਾ ਹੈ। ਪਰ ਜ਼ਰਾ ਸੋਚੋ ਕਿ ਕਿਸੇ ਵੀ ਇਨਸਾਨ ਦੇ ਮੂੰਹ 'ਚ ਪੈਣ ਵਾਲੀ ਰੋਟੀ ਦੀ ਬੁਰਕੀ ਪਵੇਗੀ ਕਿ ਨਹੀਂ ਜਾਂ ਕਿੰਨੇ ਦੀ ਪਵੇਗੀ, ਇਸ ਸਾਰੇ ਕਾਸੇ ਨੂੰ ਕੌਣ ਨਿਰਧਾਰਤ ਕਰਦਾ ਹੈ ? ਸਿਰਫ ਤੇ ਸਿਰਫ ਸਿਆਸਤ। ਇਸ ਲਈ ਸਿਆਸਤ 'ਤੇ ਗੱਲ ਕਰਨੀ ਸਾਡੇ ਲਈ ਅਛੂਤ ਨਹੀਂ ਹੈ। ਹਾਂ, ਅਸੀਂ ਹਾਂ-ਪੱਖੀ ਪੱਖ ਤੋਂ ਇਸ ਮੁੱਦੇ ਬਾਰੇ ਆਪਣੇ ਵਿਚਾਰ ਰੱਖਾਂਗੇ। ਚਲੋ ਫਿਰ ਮੁੱਦੇ 'ਤੇ ਗੱਲ ਕਰਦੇ ਹਾਂ।

ਪਿਛਲੇ ਕਈ ਮਹੀਨਿਆਂ ਤੋਂ ਸ਼੍ਰੋਮਣੀ ਅਕਾਲੀ ਦਲ ਵਿਚਕਾਰ ਕਲੇਸ਼ ਵਧਿਆ ਹੋਇਆ ਸੀ। ਜਿਹੜਾ ਹੁਣ ਕਿਤੇ ਜਾ ਕੇ ਸੁਖਬੀਰ ਬਾਦਲ ਦੇ ਮੁੜ ਪ੍ਰਧਾਨ ਬਣ ਜਾਣ ਨਾਲ ਕੁੱਝ ਥਮ ਜਾਣ ਦੀ ਸੰਭਾਵਨਾ ਬਣੀ ਜਾਪਦੀ ਹੈ। ਭਾਵੇਂ ਕਿ ਹਾਲੇ ਵੀ ਵਿਰੋਧੀ ਧਿਰਾਂ ਵਾਲੇ ਆਪੋ-ਆਪਣੇ ਪੈਂਤੜਿਆਂ ਤੋਂ ਵੱਖੋ ਵੱਖਰੇ ਬਿਆਨ ਦੇ ਰਹੇ ਹਨ।

ਅਕਾਲੀ ਦਲ ਦਾ ਇਹ ਝਗੜਾ ਸਿਰਫ ਅਕਾਲੀ ਦਲ ਦੇ ਮੈਂਬਰਾਂ ਅਤੇ ਵਰਕਰਾਂ ਤੱਕ ਹੀ ਸੀਮਤ ਨਹੀਂ ਸੀ ਬਲਕਿ ਸਿੱਖ ਧਰਮ ਦੇ ਸਰਵ-ਉੱਚ ਮੰਨੇ ਜਾਂਦੇ ਅਕਾਲ ਤਖਤ ਤੱਕ ਪਹੁੰਚ ਗਿਆ ਸੀ। ਅਕਾਲ ਤਖਤ 'ਤੇ ਇਹ ਮਸਲਾ ਪੁੱਜ ਜਾਣ 'ਤੇ ਜਥੇਦਾਰ ਗਿਆਨੀ ਰਘੁਬੀਰ ਸਿੰਘ ਜੀ ਦੀ ਅਗਵਾਈ ਵਿੱਚ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵੇਲੇ ਸੁਖਬੀਰ ਬਾਦਲ ਨੇ 2015 ਵਿੱਚ ਬਹਿਬਲ ਕਲਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਗਰੋਂ ਕੀਤੇ ਗਏ ਗੋਲੀ ਕਾਂਡ ਵਿੱਚ ਦੋ ਨੌਜਵਾਨਾਂ ਦੀ ਮੌਤ, ਕੋਟਕਪੂਰਾ ਲਾਠੀਚਾਰਜ, ਸਿਰਸਾ ਵਾਲੇ ਗੁਰਮੀਤ ਰਾਮ ਰਹੀਮ ਨੂੰ ਮੁਆਫੀ ਦੁਆਉਣ ਆਦਿ ਦੇ ਸਾਰੇ ਦੋਸ਼ ਕਬੂਲ ਕਰ ਲਏ ਸਨ। ਇਸ ਇਕਬਾਲਨਾਮੇ ਮਗਰੋਂ ਅਨੇਕਾਂ ਅਕਾਲੀ ਦਲ ਆਗੂਆਂ ਨੂੰ ਅਕਾਲ ਤਖਤ ਨੇ ਤਨਖਾਹੀਏ ਕਰਾਰ ਦਿੱਤਾ। ਤਨਖਾਹੀਆਂ ਨੂੰ ਵੱਖ-ਵੱਖ ਗੁਰਦੁਆਰਿਆਂ ਵਿੱਚ ਭਾਂਡੇ ਮਾਂਜਣ, ਜੁੱਤੀਆਂ ਸਾਫ ਕਰਨ, ਗਲਾਂ ਵਿੱਚ ਤਖਤੀਆਂ ਲਟਕਾਉਣ ਅਤੇ ਪਹਿਰੇਦਾਰ ਵਜੋਂ ਸੇਵਾ ਕਰਨ ਆਦਿ ਵਰਗੀਆਂ ਧਾਰਮਿਕ ਸਜ਼ਾਵਾਂ ਦਿੱਤੀਆਂ ਗਈਆਂ। ਸਿੰਘ ਸਾਹਿਬਾਨ ਨੇ ਕੁੱਝ ਹੋਰ ਹੁਕਮਨਾਮੇ ਜਾਰੀ ਕਰਦਿਆਂ ਆਦੇਸ਼ ਦਿੱਤਾ ਕਿ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਤਿੰਨ ਦਿਨਾਂ ਵਿੱਚ ਪ੍ਰਧਾਨਗੀ ਪਦ ਤੋਂ ਅਸਤੀਫਾ ਦੇਵੇ, ਅਗਲੇ 6 ਮਹੀਨੇ ਵਿੱਚ ਨਵੇਂ ਪ੍ਰਧਾਨ ਦੀ ਚੋਣ ਕੀਤੀ ਜਾਵੇ, ਸਾਰੇ ਅਕਾਲੀ ਦਲ ਭੰਗ ਕੀਤੇ ਜਾਣ, ਅਕਾਲ ਤਖਤ ਵੱਲੋਂ ਬਣਾਈ ਜਾਣ ਵਾਲੀ ਇੱਕ ਕਮੇਟੀ ਦੀ ਨਿਗਰਾਨੀ ਵਿੱਚ ਅਕਾਲੀ ਦਲ ਦੀ ਮੈਂਬਰਸ਼ਿੱਪ ਕੀਤੀ ਜਾਵੇਗੀ, ਸ੍ਰੀ ਪ੍ਰਕਾਸ਼ ਸਿੰਘ ਬਾਦਲ ਤੋਂ ਪੰਥ ਰਤਨ, ਫਖਰ-ਇ-ਕੌਮ ਦਾ ਖਿਤਾਬ ਵਾਪਸ ਲਿਆ ਜਾਵੇ। ਇਸੇ ਹੁਕਮਨਾਮੇ ਨੂੰ ਲਾਗੂ ਕਰਕੇ ਸ. ਗੁਰਪ੍ਰਤਾਪ ਸਿੰਘ ਵਡਾਲਾ ਨੇ ਆਪਣਾ ਦਲ ਭੰਗ ਕਰ ਦਿੱਤਾ।

ਇਹ ਤਾਂ ਸੀ ਅਕਾਲੀ ਦਲ ਦੇ ਸੰਕਟ 'ਤੇ ਇੱਕ ਪੰਛੀ ਝਾਤ। ਹੁਣ ਆਪਾਂ ਅੱਗੇ ਗੱਲ ਕਰਦੇ ਹਾਂ।

ਕੁੱਝ ਅਗਾਂਹਵਧੂ ਹਲਕਿਆਂ ਵਿੱਚ ਕੰਮ ਕਰਦੇ ਰਹੇ ਸਾਥੀਆਂ ਵੱਲੋਂ ਵੀ ਇਸ ਬਾਰੇ ਵਿਚਾਰ ਪ੍ਰਗਟ ਕੀਤੇ ਜਾਂਦੇ ਰਹੇ। ਉਨ੍ਹਾਂ ਦੇ ਵਿਚਾਰਾਂ ਦਾ ਸਾਰ ਇਹ ਸੀ ਕਿ ਕੋਈ ਕਿਸੇ ਇੱਕ ਅਕਾਲੀ ਧਿਰ ਦਾ ਨੁਕਸ ਕੱਢਦਾ ਸੀ ਅਤੇ ਦੂਸਰਾ ਕਿਸੇ ਹੋਰ ਅਕਾਲੀ ਧਿਰ ਦਾ।

ਹੁਣ ਅੱਗੇ। ਇੱਕ ਸਮੇਂ ਯੂਰਪ ਵਿੱਚ ਕੈਥੋਲਿਕ ਚਰਚ ਦਾ ਦਬਦਬਾ ਸੀ। ਉਦੋਂ ਉੱਥੇ ਜਗੀਰੂ ਯੁੱਗ ਭਾਰੂ ਸੀ। ਪਰ ਉੱਥੇ ਹੌਲੀ ਹੌਲੀ ਸਰਮਾਏਦਾਰੀ ਭਾਰੂ ਹੋਣ ਲੱਗੀ ਤਾਂ ਉੱਥੇ ਪਰੋਟੈਸਟੈਂਟ ਮੱਤ ਵਾਲਿਆਂ ਨੇ ਕੈਥੋਲਿਕ ਚਰਚ ਦੀ ਵਿਰੋਧਤਾ ਕਰਨੀ ਸ਼ੁਰੂ ਕਰ ਦਿੱਤੀ। ਇਹ ਗੱਲ ਅਸੀਂ ਤਾਂ ਕੀਤੀ ਹੈ ਤਾਂਕਿ ਸਾਡੇ ਇਹ ਗੱਲ ਸਮਝ 'ਚ ਆ ਜਾਵੇ ਕਿ ਜਦੋਂ ਸਾਡੇ ਦੇਸ਼ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਸਥਾਪਤ ਕੀਤਾ ਉਦੋਂ ਸਾਡੇ ਦੇਸ਼ 'ਚ ਵੀ ਜਗੀਰਦਾਰੀ ਦਾ ਬੋਲਬਾਲਾ ਸੀ। ਜਗੀਰਦਾਰੀ 'ਚ ਆਮ ਤੌਰ 'ਤੇ ਇਹ ਹੁੰਦਾ ਹੈ ਕਿ ਉਸਨੂੰ ਕੋਈ ਬਹੁਤੀਆਂ ਸਾਇੰਸ ਦੀਆਂ ਖੋਜਾਂ ਦੀ ਲੋੜ ਨਹੀਂ ਹੁੰਦੀ। ਉਹ ਤਾਂ ਪੰਜਾਬ ਦੀ ਇੱਕ ਕਹਾਵਤ "ਰੱਬ ਦੀਆਂ ਦਿੱਤੀਆਂ ਖਾਣ ਵਾਲੇ" ਵਾਂਗ ਹੀ ਹੁੰਦੀ ਹੈ। ਕਿਉਂਕਿ ਜਗੀਰਦਾਰੀ ਪ੍ਰਬੰਧ ਅੰਦਰ ਜ਼ਮੀਨਾਂ ਦੀ ਮਾਲਕੀ ਵੱਡੇ ਜਗੀਰਦਾਰਾਂ ਕੋਲ ਹੁੰਦੀ ਹੈ ਅਤੇ ਉੱਥੇ ਜਿੰਨੀ ਵੀ ਪੈਦਾਵਾਰ ਹੋ ਜਾਵੇ ਉਸ 'ਤੇ ਮੋਟੇ ਤੌਰ 'ਤੇ ਕਾਫੀ ਵੱਡੇ ਹਿੱਸੇ 'ਤੇ ਜਗੀਰਦਾਰਾਂ ਦਾ ਹੀ ਹੱਕ ਹੁੰਦਾ ਹੈ,ਜਿਸ ਨਾਲ ਉਨ੍ਹਾਂ ਦਾ ਆਪਣਾ ਜੀਵਨ ਵਧੀਆ ਬਣਿਆ ਰਹਿੰਦਾ ਹੈ। ਜਿਵੇਂ ਅਸੀਂ ਆਪਣੇ ਪਿਛਲੇ ਰਾਜਿਆਂ-

ਮਹਾਰਾਜਿਆਂ ਦੀ ਜੀਵਨ ਦੀ ਮਿਸਾਲ ਨੂੰ ਦੇਖ ਸਕਦੇ ਹਾਂ। ਉਨ੍ਹਾਂ ਨੂੰ ਇਸ ਦੀ ਕੋਈ ਚਿੰਤਾ ਨਹੀਂ ਹੁੰਦੀ ਕਿ ਆਮ ਲੋਕਾਈ ਦਾ ਕੀ ਹਾਲ ਹੈ। ਇਸ ਲਈ ਪੈਦਾਵਾਰ ਕਿਵੇਂ ਵਧੇ, ਇਸ ਵਿੱਚ ਉਨ੍ਹਾਂ ਦੀ ਕੋਈ ਖਾਸ ਦਿਲਚਸਪੀ ਨਹੀਂ ਹੁੰਦੀ। ਇਸਦੇ ਨਾਲ ਹੀ ਆਰਥਕ ਆਧਾਰ ’ਤੇ ਕਾਬਜ਼ ਹੋਣ ਕਰਕੇ ਹੀ ਰਾਜੇ-ਮਹਾਂਰਾਜੇ ਕਿਸੇ ਕਿਸਮ ਦੀ ਕਿੰਤੂ-ਪ੍ਰੰਤੂ ਹੋਣ ਤੋਂ ਬੇਫਿਕਰ ਸਨ। ਹਰੇਕ ਰਾਜੇ ਦਾ ਆਪਣਾ ਜਾਨਸ਼ੀਨ ਹੁੰਦਾ ਸੀ ਅਤੇ ਗੱਦੀ ਉਸ ਕੋਲ ਚਲੀ ਜਾਂਦੀ ਸੀ। ਇਹ ਪੀੜ੍ਹੀ-ਦਰ-ਪੀੜ੍ਹੀ ਹੁੰਦਾ ਰਹਿੰਦਾ ਸੀ। ਇਸ ਲਈ ਆਮ ਜਨਤਾ ਦਾ ਇਸ ਵਿੱਚ ਕੋਈ ਰੋਲ ਨਹੀਂ ਹੁੰਦਾ ਸੀ ਭਾਵ ਉਸਦੀ ਕੋਈ ਪੁੱਗਤ ਨਹੀਂ ਹੁੰਦੀ ਸੀ। ਉਸ ਕੋਲ ਕੋਈ ਅਧਿਕਾਰ ਨਹੀਂ ਹੁੰਦਾ ਸੀ ਕਿ ਉਹ ਕਿਸੇ ਰਾਜੇ ਦੀ ਚੋਣ ਕਰ ਸਕੇ। ਉਹ ਤਾਂ ਬਸ ਸਿਰ ਨੀਵਾਂ ਕਰਕੇ ਨਵੇਂ ਬਣੇ ਰਾਜੇ ਅੱਗੇ ਆਪਣਾ ਸਿਰ ਝੁਕਾਉਣ ’ਤੇ ਹੀ ਮਜ਼ਬੂਰ ਹੁੰਦੀ ਸੀ। ਨਾ ਹੀ ਉਹ ਰਾਜੇ ਦੇ ਕਹੇ ਤੋਂ ਬਾਹਰ ਹੋ ਸਕਦੀ ਸੀ। ਉਹ ਤਾਂ ਰਾਜੇ ਵੱਲ ਅੱਖ ਪੱਟ ਕੇ ਦੇਖ ਤੱਕ ਨਹੀਂ ਸਕਦੀ ਸੀ ਤਾਂਹੀਓਂ ਉਦੋਂ ਇੱਕ ਕਹਾਵਤ ਬਣੀ ਸੀ ਕਿ “ਕੌਣ ਕਹੇ ਰਾਣੀਏ ਅੱਗਾ ਢਕ”।

ਪਰ ਸਰਮਾਏਦਾਰੀ ਦੌਰ ਅੰਦਰ ਸਰਮਾਏਦਾਰੀ ਦਾ ਸਾਰਾ ਢਾਂਚਾ ਹੀ ਸਾਇੰਸ ’ਤੇ ਟਿਕਿਆ ਹੁੰਦਾ ਹੈ, ਇਸ ਲਈ ਇਸ ਦੌਰ ਅੰਦਰ ਉਨ੍ਹਾਂ ਨੂੰ (ਸਰਮਾਏਦਾਰੀ ਨੂੰ) ਪੈਦਾਵਾਰ ਵਧਾਉਣ ਲਈ ਸਾਇੰਸ ਅਤੇ ਸਾਇੰਸੀ ਤਕਨੀਕਾਂ ਅਤੇ ਇਸ ਦੁਆਰਾ ਕੰਮ ਕਰਨ ਵਾਲੇ ਤਕਨੀਕੀ ਕਾਮਿਆਂ ਦੀ ਲੋੜ ਹੁੰਦੀ ਹੈ। ਇਸ ਲਈ ਸਰਮਾਏਦਾਰੀ ਯੁੱਗ ਅੰਦਰ ਸਾਇੰਸ ਦਾ ਉਭਾਰ ਅਤੇ ਵਿਕਾਸ ਹੋਣਾ ਲਾਜ਼ਮੀ ਬਣ ਜਾਂਦਾ ਹੈ। ਜਗੀਰਦਾਰੀ ਦੌਰ ਦੇ ਧਰਮ ਪੂਰੇ ਸਮਾਜ ਨੂੰ ਇੱਕ ਥਾਂ ’ਤੇ ਪਰੋ ਕੇ (ਅਸਲ ’ਚ ਬੰਨ ਕੇ) ਰੱਖਦੇ ਹਨ ਅਤੇ ਕਿਸੇ ਉੱਪਰਲੇ ਦੀ ਝਾਕ ਵਾਲੇ ਹੁੰਦੇ ਹਨ। ਇਨ੍ਹਾਂ ਧਰਮਾਂ ਦੇ ਪ੍ਰਵਚਨ ਕਰਨ ਵਾਲੇ ਵੀ ਲੋਕਾਂ ਨੂੰ ਇੱਕੋ ਜਗ੍ਹਾ ਬੰਨ ਕੇ ਰੱਖਣ ਵਾਲੇ ਬਣਦੇ ਹਨ। ਜਿਵੇਂ ਕਿ ਗੁਲਾਮਾਂ ਵੇਲੇ ਹੁੰਦਾ ਸੀ ਕਿ ਗੁਲਾਮ ਉਦੋਂ ਆਪਣੇ ਗੁਲਾਮ-ਮਾਲਕ ਤੋਂ ਪਿੱਛਾ ਨਹੀਂ ਛੁਡਾ ਸਕਦਾ ਸੀ। ਉਹ ਕਿਸੇ ਹੋਰ ਗੁਲਾਮ-ਮਾਲਕ ਕੋਲ ਜਾ ਕੇ ਕੰਮ ਨਹੀਂ ਕਰ ਸਕਦਾ ਸੀ। ਉਦੋਂ ਦਾ ਧਰਮ ਇਹੀ ਕਹਿੰਦਾ ਅਤੇ ਆਗਿਆ ਦਿੰਦਾ ਸੀ। ਪਰ ਸਰਮਾਏਦਾਰੀ ਅੰਦਰ ਕੋਈ ਵੀ ਸਨਅਤੀ ਕਾਮਾ ਕਿਸੇ ਹੋਰ ਸਰਮਾਏਦਾਰ ਕੋਲ ਜਾ ਕੇ ਕੰਮ ਕਰਨ ਲਈ ਆਜ਼ਾਦ ਹੁੰਦਾ ਹੈ। ਇਸ ਕਰਕੇ ਉਸ ਨੂੰ, ਇੱਥੋਂ ਤੱਕ ਕਿ ਸਰਮਾਏਦਾਰ ਨੂੰ ਵੀ, ਪੁਰਾਣਾ ਜਗੀਰੂ ਧਰਮ ਰਾਸ ਨਹੀਂ ਆਉਂਦਾ। ਇਸ ਲਈ ਜਗੀਰੂ ਧਰਮਾਂ ਦੀ ਜਗ੍ਹਾ ਸਰਮਾਏਦਾਰੀ ਆਪਣਾ ਨਵਾਂ ਧਰਮ ਸਥਾਪਤ ਕਰਦੀ ਹੈ। ਪੁਰਾਣਿਆਂ ਧਰਮਾਂ ਦੀ ਜਗ੍ਹਾ ਨਵੇਂ ਧਰਮ ਆਉਂਦੇ ਹਨ। ਜਿਵੇਂ ਸਾਡੇ ਭਾਰਤ ਅੰਦਰ ਪਹਿਲਾਂ ਬਹੁ-ਦੇਵਵਾਦ ਦੀ ਜਗ੍ਹਾ ਇੱਕੋ ਸਰਵ-ਸ਼ਕਤੀਮਾਨ ਪ੍ਰਮਾਤਮਾ ਨੇ ਲਈ ਉਸੇ ਤਰ੍ਹਾਂ ਹੁਣ ਵਾਲੇ ਧਾਰਮਿਕ ਜਗਤ ਅੰਦਰ ਇੱਕੋ-ਇੱਕ ਪ੍ਰਮਾਤਮਾ ਦੀ ਜਗ੍ਹਾ ਵੱਖੋ-ਵੱਖਰੇ ਗੌਡ-ਮੈਨ (God-men) ਨੇ ਲੈ ਲਈ ਹੈ ਅਤੇ ਥਾਂ-ਪੁਰ-ਥਾਂ ਨਵੇਂ ਤੋਂ ਨਵੇਂ ਧਾਰਮਿਕ ਡੇਰੇ ਬਣੇ ਹੋਏ ਹਨ ਅਤੇ ਹੋਰ ਬਣੀ ਜਾ ਰਹੇ ਹਨ। ਸਰਮਾਏਦਾਰੀ ਦੌਰ ਅੰਦਰ ਧਰਮਾਂ ਦੇ ਪੁਜਾਰੀ ਵੀ ਤਨਖਾਹਾਂ ’ਤੇ ਰੱਖੇ ਜਾਣ ਲੱਗਦੇ ਹਨ। ਭਾਵ ਕਿ ਉਹ ਸਨਅਤੀ ਕਾਮਿਆਂ ਦੀ ਤਰ੍ਹਾਂ ਹੀ ਇੱਕ ਭੱਤੇ ’ਤੇ ਜ਼ਿੰਦਗੀ ਗੁਜ਼ਾਰਨ ਵਾਲੇ ਬਣ ਜਾਂਦੇ ਹਨ।

ਸਾਡੀ ਇਸ ਸਾਰੀ ਗੱਲਬਾਤ ਦਾ ਸਾਰ-ਤੱਤ ਇਹ ਹੈ ਕਿ ਜਿਹੋ-ਜਿਹਾ ਆਰਥਕ-ਸਮਾਜਕ ਢਾਂਚਾ ਹੁੰਦਾ ਹੈ, ਉਹੋ-ਜਿਹਾ ਹੀ ਉਸ ਉੱਪਰ ਧਾਰਮਿਕ ਵਿਚਾਰਧਾਰਾ ਦਾ ਉਸਾਰ ਉੱਸਰਦਾ ਹੈ। ਨਵੀਂ ਵਿਚਾਰਧਾਰਾ ਦੇ ਉਤਪੰਨ ਹੋਣ ’ਤੇ ਪੁਰਾਣਿਆਂ ਨਾਲ ਉਸਦਾ ਟਕਰਾ ਪੈਦਾ ਹੁੰਦਾ ਹੈ। ਧਾਰਮਿਕ ਟਕਰਾਅ ਨੂੰ ਵੀ ਇਸੇ ਨਜ਼ਰੀਏ ਨਾਲ ਦੇਖਿਆ ਜਾਣਾ ਚਾਹੀਦਾ ਹੈ। ਸਿੱਖ ਧਰਮ ਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਟਕਰਾਅ ਵੀ ਪੁਰਾਣੇ ਸਮਾਜਕ-ਆਰਥਕ ਢਾਂਚੇ ਦੇ ਨਵੇਂ ਉੱਭਰ ਰਹੇ ਸਮਾਜਕ-ਆਰਥਕ ਢਾਂਚੇ ’ਚੋਂ ਪਣਪੀ ਨਵੀਂ ਵਿਚਾਰਧਾਰਾ ਨਾਲ ਟਕਰਾਅ ਵਜੋਂ ਹੀ ਦੇਖਿਆ ਜਾਣਾ ਚਾਹੀਦਾ ਹੈ।

ਅੱਜ ਦੇ ਦੌਰ ਵਿੱਚ ਅਸੀਂ ਧਰਮ ਅਧਾਰਿਤ ਪਾਰਟੀਆਂ ਬਣਨ ਦੇ ਹੱਕ ਵਿੱਚ ਨਹੀਂ ਹਾਂ। ਸਿਆਸੀ ਪਾਰਟੀਆਂ ਦੀਆਂ ਨੀਤੀਆਂ ਕਿਸੇ ਧਰਮ ਵੱਲੋਂ ਨਿਰਧਾਰਤ ਹੋਣ ਦੀ ਬਜਾਏ ਰਾਜਨੀਤਕ ਵਿਚਾਰਧਾਰਾ ਉੱਤੇ ਅਧਾਰਿਤ ਹੋਣੀਆਂ ਚਾਹੀਦੀਆਂ ਹਨ। ਬਾਦਲ ਪਰਿਵਾਰ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਇੱਕ ਸਮੇਂ ਇਸ ਗੱਲ ਨੂੰ ਮਹਿਸੂਸ ਕੀਤਾ ਕਿ ਧਰਮ ਅਧਾਰਿਤ ਪਾਰਟੀਆਂ ਅਜੋਕੇ ਸਮੇਂ ਦੀਆਂ ਹਾਲਤਾਂ ਨਾਲ ਬੇਮੇਲ ਹਨ। ਸੋ ਉਸ ਵੱਲੋਂ ਸਿੱਖੀ ਮੁਹਾਵਰੇ ਨੂੰ ਛੱਡੇ ਬਗੈਰ ਇਸ ਨੂੰ ਪੰਜਾਬੀ ਪਾਰਟੀ ਵਜੋਂ ਮੋੜ ਦਿੱਤਾ ਗਿਆ ਜਿਸ ਦਾ ਇਸ ਨੂੰ ਰਾਜਨੀਤਕ ਫਾਇਦਾ ਵੀ ਹੋਇਆ। ਪਰ ਦੂਜੇ ਪਾਸੇ ਸਰਮਾਏਦਾਰੀ ਪ੍ਰਬੰਧ ਦਾ ਵੱਧ ਤੋਂ ਵੱਧ ਸਰਮਾਇਆ ਇਕੱਠਾ ਕਰਨ ਦਾ ਵਰਤਾਰਾ ਰਾਜਨੀਤਕ ਪਾਰਟੀਆਂ ਵਿੱਚ ਵੀ ਕਾਰਜਸ਼ੀਲ ਹੁੰਦਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਹਰ ਪੱਧਰ ਦੇ ਆਗੂ, ਵਿਸ਼ੇਸ਼ ਤੌਰ ‘ਤੇ ਬਾਦਲ ਪਰਿਵਾਰ ਇਸ ਵਰਤਾਰੇ ਦਾ ਬੁਰੀ ਤਰ੍ਹਾਂ ਸ਼ਿਕਾਰ ਹੋਇਆ ਜਿਸ ਕਰਕੇ ਆਮ ਲੋਕਾਂ ਦਾ

ਇਸ ਤੋਂ ਮੋਹ ਭੰਗ ਹੋ ਗਿਆ। ਇਸ ਤੋਂ ਇਲਾਵਾ ਇਸ ਨੇ ਭਾਰਤ ਦੀ ਵੱਡੀ ਸਰਮਾਏਦਾਰੀ ਤੋਂ ਲਾਹਾ ਲੈਣ ਲਈ ਉਸ ਨਾਲ ਆਪਣੇ ਸਬੰਧ ਜੋੜ ਲਏ ਜਿਸ ਦੇ ਸਿੱਟੇ ਵਜੋਂ ਇਹ ਪੰਜਾਬ ਦੇ ਖੇਤਰੀ ਹਿਤਾਂ ਲਈ ਲੜ੍ਹਨ ਤੋਂ ਪਿੱਛੇ ਹਟ ਗਿਆ। ਵੱਡੀ ਸਰਮਾਏਦਾਰੀ ਜਦ ਹਿੰਦੂ ਫਾਸ਼ੀਵਾਦੀ ਪੈਂਤੜੇ 'ਤੇ ਆ ਗਈ ਤਾਂ ਇਸ ਲਈ ਕਸੂਤੀ ਹਾਲਤ ਪੈਦਾ ਹੋ ਗਈ।

ਅਸਲ ਵਿੱਚ ਇਸਦੀ ਆਗੂ ਧਿਰ ਦੇ ਜਮਾਤੀ ਹਿਤ ਵੱਡੀ ਸਰਮਾਏਦਾਰੀ ਨਾਲ ਜੁੜ ਕੇ ਪੂਰੇ ਹੁੰਦੇ ਹਨ ਜਦ ਕਿ ਇਸਦਾ ਕਾਡਰ ਜਿਆਦਾਤਰ ਸਿੱਖ ਕਿਸਾਨੀ ਨਾਲ ਸਬੰਧਿਤ ਹੈ। ਕਿਸਾਨੀ ਦੇ ਹਿਤ ਸਰਮਾਏਦਾਰੀ ਨਾਲ ਟਕਰਾਵੇਂ ਹਨ ਅਤੇ ਇਸਦਾ ਸਿੱਖੀ ਵਾਲਾ ਮੁਹਾਵਰਾ ਹਿੰਦੂਤਵ ਨਾਲ ਬੇਮੇਲ ਹੈ। ਇਸ ਅੰਦਰੂਨੀ ਵਿਰੋਧ ਵਿਚੋਂ ਹੀ ਇਸਦਾ ਮੌਜੂਦਾ ਸੰਕਟ ਸ਼ੁਰੂ ਹੋਇਆ। ਲੀਡਰਸ਼ਿੱਪ ਦੇ ਹਿਤਾਂ ਕਰਕੇ ਇਹ ਨਾ ਤਾਂ ਕਾਰਪੋਰੇਟ ਵਰਗ ਦੇ ਹਿਤਾਂ ਵਿੱਚ ਜਾਂਦੀਆਂ ਨੀਤੀਆਂ ਦਾ ਅਤੇ ਨਾ ਹੀ ਕਾਰਪੋਰੇਟ ਹਿਤਾਂ ਨੂੰ ਪਾਲਣ ਵਾਲੀ ਕੇਂਦਰ ਸਰਕਾਰ ਦੇ ਫਾਸ਼ੀਵਾਦੀ ਰੁਝਾਨਾਂ ਦਾ ਡਟ ਕੇ ਵਿਰੋਧ ਕਰ ਸਕਿਆ। ਦੂਜੇ ਪਾਸੇ ਕਿਸਾਨੀ ਆਧਾਰ ਦੇ ਪੂਰੀ ਤਰ੍ਹਾਂ ਖੁੱਸ ਜਾਣ ਦੇ ਡਰੋਂ ਇਹ ਕੇਂਦਰ ਸਰਕਾਰ ਨੂੰ ਬੇਸ਼ਰਤ ਹਮਾਇਤ ਦੇਣੀ ਵੀ ਜਾਰੀ ਨਾ ਰੱਖ ਸਕਿਆ ਅਤੇ ਇਸ ਨੂੰ ਭਾਜਪਾ ਸਰਕਾਰ ਨਾਲੋਂ ਤੋੜ ਵਿਛੋੜਾ ਕਰਨਾ ਪਿਆ।

ਇਸ ਦੀ ਲੀਡਰਸ਼ਿਪ ਦੀ ਕਮਜੋਰ ਹੋਈ ਪਕੜ ਦਾ ਲਾਹਾ ਲੈਣ ਲਈ ਅਕਾਲੀਆਂ ਦੇ ਜੋ ਹੋਰ ਧੜੇ ਅੱਗੇ ਆ ਰਹੇ ਹਨ, ਉਨ੍ਹਾਂ ਕੋਲ ਵੀ ਕੋਈ ਠੋਸ ਬਦਲਵਾਂ ਆਰਥਿਕ ਰਾਜਨੀਤਕ ਪ੍ਰੋਗਰਾਮ ਨਹੀਂ ਹੈ ਜਿਸ ਕਰਕੇ ਉਹ ਕੇਵਲ ਧਰਮ ਦਾ ਪੱਤਾ ਖੇਡ ਕੇ ਅਕਾਲੀ ਦਲ ਉੱਤੇ ਕਾਬਜ ਹੋਣ ਨੂੰ ਫਿਰਦੇ ਹਨ। ਕੇਂਦਰ ਦੀ ਭਾਜਪਾ ਸਰਕਾਰ ਲਈ ਇਹ ਅਕਾਲੀ ਦਲ ਦਾ ਇਹ ਸੰਕਟ ਬਹੁਤ ਲਾਹੇਵੰਦ ਹੈ ਇਸ ਲਈ ਉਹ ਇਸ ਕਲੇਸ਼ ਨੂੰ ਹੋਰ ਹਵਾ ਦੇਣ ਲਈ ਅੰਦਰਖਾਤੇ ਸਰਗਰਮੀਆਂ ਕਰਦੀ ਆ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਦਾ ਕੌਣ ਪ੍ਰਧਾਨ ਬਣਦਾ ਹੈ ਜਾਂ ਕੌਣ ਨਹੀਂ, ਸਾਡੇ ਲਈ ਇਹ ਮਹੱਤਵਪੂਰਨ ਗੱਲ ਨਹੀਂ ਹੈ। ਸਾਡੇ ਲਈ ਮਹੱਤਵਪੂਰਨ ਇਹ ਹੈ ਕਿ ਕੇਂਦਰ ਦੇ ਫਾਸ਼ੀਵਾਦੀ ਰੁਝਾਨਾਂ ਨੂੰ ਨਕਾਰਨ ਵਾਲੀ ਸਿਆਸਤ ਦਾ ਉਭਾਰ ਹੋਵੇ।

**ਮੋ : 98769-53561**

## ਸਰੀਰ ਪ੍ਰਦਾਨੀ ਸ਼੍ਰੀ ਰਮੇਸ਼ ਦਾਸ ਜੀ ਦੀ ਯਾਦ ਵਿੱਚ ਸਤਿਕਾਰ ਸਮਾਗਮ

ਬਠਿੰਡਾ ਇਕਾਈ ਦੇ ਵਿਤ ਮੁਖੀ ਵਿਪਨ ਕੁਮਾਰ ਦੇ ਪਿਤਾ ਸ਼੍ਰੀ ਰਮੇਸ਼ ਦਾਸ ਜੀ ਦਾ ਦਿਹਾਂਤ ਹੋਣ ਉਪਰੰਤ ਉਨ੍ਹਾਂ ਦਾ ਮ੍ਰਿਤਕ ਸਰੀਰ ਮੈਡੀਕਲ ਖੋਜ ਕਾਰਜਾਂ ਲਈ ਆਦੇਸ਼ ਮੈਡੀਕਲ ਕਾਲਜ ਅਤੇ ਹਸਪਤਾਲ ਨੂੰ ਪ੍ਰਦਾਨ ਕੀਤਾ ਗਿਆ ਸੀ। ਉਨ੍ਹਾਂ ਦੀ ਯਾਦ ਵਿੱਚ ਪਹਿਲੀ ਅਪ੍ਰੈਲ ਨੂੰ ਲਾਰਡ ਰਾਮਾ ਹਾਲ, ਬਠਿੰਡਾ ਵਿੱਚ ਸਤਿਕਾਰ ਸਮਾਗਮ ਰੱਖਿਆ ਗਿਆ ਜਿਸ ਵਿੱਚ ਉਨ੍ਹਾਂ ਦੇ ਪਰਿਵਾਰਕ ਮੈਂਬਰ, ਰਿਸ਼ਤੇਦਾਰ, ਸੱਜਣ ਸਨੇਹੀ, ਤਰਕਸ਼ੀਲ ਸੋਸਾਇਟੀ ਦੇ ਮੈਂਬਰ, ਸਮਾਜਸੇਵੀ ਕਾਰਕੁੰਨ, ਜਨਤਕ ਅਤੇ ਸਿਆਸੀ ਪਾਰਟੀਆਂ ਦੇ ਆਗੂ ਅਤੇ ਵਰਕਰ ਪਹੁੰਚੇ।

ਇਸ ਮੌਕੇ ਆਦੇਸ਼ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਡਾ. ਪ੍ਰਮੋਦ ਗੋਇਲ ਨੇ ਮਨੁੱਖੀ ਮ੍ਰਿਤਕ ਦੇਹ ਦੀ ਮੈਡੀਕਲ ਖੋਜ ਵਿੱਚ ਮਹੱਤਤਾ ਅਤੇ ਇਸਦੇ ਸਮਾਜ ਨੂੰ ਲਾਭਾਂ ਬਾਰੇ ਵਿਚਾਰ ਸਾਂਝੇ ਕਰਦਿਆਂ ਪਰਿਵਾਰ ਅਤੇ ਤਰਕਸ਼ੀਲ ਸੋਸਾਇਟੀ ਦਾ ਧੰਨਵਾਦ ਕੀਤਾ। ਵਿਕਾਸ ਮੰਚ ਬਠਿੰਡਾ ਦੇ ਸ਼੍ਰੀ ਨਰੂਲਾ ਅਤੇ ਸਾਥੀਆਂ ਵੱਲੋਂ ਇਸ ਕਾਰਜ ਲਈ ਪਰਿਵਾਰ ਦਾ ਦੁਸ਼ਾਲਾ ਦੇ ਕੇ ਸਨਮਾਨ ਕੀਤਾ ਗਿਆ।

ਤਰਕਸ਼ੀਲ ਸੋਸਾਇਟੀ ਪੰਜਾਬ ਦੇ ਸੂਬਾ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਨੇ ਵੇਲਾ ਵਿਹਾ ਚੁੱਕੀਆਂ ਨਿਰਾਰਥਕ ਕਰਮਕਾਂਡੀ ਰਸਮਾਂ ਨੂੰ ਤਿਲਾਂਜਲੀ ਦੇ ਕੇ ਬਗੈਰ ਕਿਸੇ ਧਾਰਮਿਕ ਪੂਜਾਪਾਠ ਦੇ ਕੀਤੇ ਇਸ ਅਗਾਂਹਵਧੂ ਤਰਕਸ਼ੀਲ ਪ੍ਰੋਗਰਾਮ ਲਈ ਪਰਿਵਾਰ ਦੀ ਬਹੁਤ ਸ਼ਲਾਘਾ ਅਤੇ ਧੰਨਵਾਦ ਕੀਤਾ। ਇਸ ਮੌਕੇ ਤਰਕਸ਼ੀਲ ਆਗੂ ਰਾਜਪਾਲ ਸਿੰਘ ਅਤੇ ਸੀ.ਪੀ.ਆਈ. ਦੇ ਆਗੂ ਕਾਮਰੇਡ ਜਗਜੀਤ ਜੋਗਾ ਨੇ ਵੀ ਸਤਿਕਾਰ ਸਮਾਗਮ ਵਿੱਚ ਪਹੁੰਚੇ ਲੋਕਾਂ ਨੂੰ ਸੰਬੋਧਨ ਕੀਤਾ। ਮੰਚ ਸੰਚਾਲਨ ਕਰਦਿਆਂ ਬਠਿੰਡਾ ਜ਼ੋਨ ਦੇ ਤਰਕਸ਼ੀਲ ਆਗੂ ਰਾਮ ਸਿੰਘ ਨਿਰਮਾਣ ਨੇ ਸਰੀਰਦਾਨ ਦੀ ਮਹੱਤਤਾ ਸਬੰਧੀ ਆਪਣੀਆਂ ਕਾਵਿ-ਟੁਕੜੀਆਂ ਪੇਸ਼ ਕਰਕੇ ਇਹ ਫੈਸਲਾ ਲੈਣ ਲਈ ਸ਼੍ਰੀ ਰਮੇਸ਼ ਦਾਸ ਅਤੇ ਪਰਿਵਾਰ ਦੀ ਭਰਪੂਰ ਪ੍ਰਸੰਸਾ ਕੀਤੀ। ਅਖੀਰ ਵਿੱਚ ਸ਼੍ਰੀ ਰਮੇਸ਼ ਦਾਸ ਜੀ ਦੇ ਸਪੁੱਤਰ ਵਿਪਨ ਕੁਮਾਰ ਨੇ ਸਤਿਕਾਰ ਸਭਾ ਵਿੱਚ ਪਹੁੰਚੇ ਸਾਰੇ ਭੈਣ ਭਰਾਵਾਂ, ਰਿਸ਼ਤੇਦਾਰਾਂ ਅਤੇ ਤਰਕਸ਼ੀਲ ਆਗੂਆਂ ਦਾ ਧੰਨਵਾਦ ਕੀਤਾ।

ਇਸ ਮੌਕੇ ਮਾ. ਗਿਆਨ ਸਿੰਘ ਦੀ ਅਗਵਾਈ ਵਿੱਚ ਕੁਲਵੰਤ ਸਿੰਘ, ਬਿਕਰਮਜੀਤ, ਹਾਕਮ ਸਿੰਘ, ਕੇਵਲ ਕ੍ਰਿਸ਼ਨ, ਕੁਲਵਿੰਦਰ ਹੈਪੀ, ਬਲਵੰਤ ਰਾਏ, ਸੁਰਿੰਦਰ ਕੁਮਾਰ ਅਤੇ ਹੋਰ ਮੈਂਬਰਾਂ ਨੇ ਤਰਕਸ਼ੀਲ ਸਾਹਿਤ ਦੀ ਸਟਾਲ ਲਗਾਈ।

**ਵਿਦਿਆਰਥੀ ਕੋਨਾ**



# ਅਨੰਨਿਆ ਦੀ ਪ੍ਰਵਾਜ਼

ਉੱਤਰ ਪ੍ਰਦੇਸ਼ ਵਿੱਚ ਕਾਨੂੰਨ ਦੀ ਪਾਲਣਾ ਦੇ ਨਾਂ ਹੇਠ ਬੁਲਡੋਜ਼ਰ ਨਾਲ ਦੁਕਾਨ, ਮਕਾਨ ਢਾਹੁਣ ਦਾ ਵਰਤਾਰਾ ਆਮ ਵੇਖਣ ਨੂੰ ਮਿਲਦਾ ਹੈ। ਸਰਕਾਰ ਦਾ ਇਹ ਬੁਲਡੋਜ਼ਰ ਲੋਕਾਂ ਦੇ ਮਕਾਨ ਢਾਹ ਕੇ ਉਨ੍ਹਾਂ ਨੂੰ ਬੇਘਰ ਤਾਂ ਕਰਦਾ ਹੀ ਹੈ। ਨਾਲ ਹੀ ਬੱਚਿਆਂ ਦੇ ਜਿਉਣ, ਅੱਗੇ ਵਧਣ ਦੇ ਸੁਪਨਿਆਂ ਨੂੰ ਵੀ ਚਕਨਾਚੂਰ ਕਰਦਾ ਹੈ। ਬੀਤੇ ਦਿਨੀਂ ਜਿਲ੍ਹਾ ਅੰਬੇਡਕਰ ਨਗਰ ਦੇ ਜਲਾਲਪੁਰ ਖ਼ੇਤਰ ਵਿੱਚ ਅਜੀਤਪੁਰ ਪਿੰਡ ਦੀ ਘਟਨਾ ਸ਼ੋਸ਼ਲ ਮੀਡੀਆ ਰਾਹੀਂ ਦੇਸ਼ ਦੁਨੀਆਂ ਵਿੱਚ ਵਾਇਰਲ ਹੋਈ। ਜਿਸ ਨੇ ਪਹਿਲੀ ਜਮਾਤ ਵਿੱਚ ਪੜ੍ਹਦੀ ਬਾਲੜੀ ਅਨੰਨਿਆ ਦੇ ਅੰਬਰ ਨੂੰ ਛੂਹਣ ਦੇ ਇਰਾਦੇ ਨੂੰ ਉਜਾਗਰ ਕੀਤਾ।

ਪਿੰਡ ਦੀ ਇੱਕ ਗਰੀਬ ਬਸਤੀ ਵਿੱਚ ਲੰਬੇ ਸਮੇਂ ਤੋਂ ਰਹਿੰਦੇ ਕਿਰਤੀਆਂ ਦੀਆਂ ਝੌਂਪੜੀਆਂ ਤੇ ਘਰਾਂ ਦੀ ਮਾਲਕੀ ਨਾ ਹੋਣ ਸਦਕਾ ਬੁਲਡੋਜ਼ਰ ਚੱਲਿਆ। ਲੋਕਾਂ ਨੂੰ ਘਰਾਂ ਵਿੱਚੋਂ ਬਾਹਰ ਕੱਢ ਕੇ ਝੌਂਪੜੀਆਂ ਢਾਹ ਢੇਰੀ ਕਰਨ ਤੇ ਅੱਗ ਲਗਾਉਣ ਦਾ ਦੌਰ ਚੱਲਿਆ। ਗਰੀਬ ਤੇ ਬੇਵੱਸ ਲੋਕ ਆਪਣੀਆਂ ਅੱਖਾਂ ਸਾਹਮਣੇ ਡਿੱਗਦੇ, ਧੁਖਦੇ ਘਰ ਵੇਖਣ ਲਈ ਮਜਬੂਰ ਸਨ। ਬਸਤੀ ਦੀ ਪਹਿਲੀ ਜਮਾਤ ਵਿੱਚ ਪੜ੍ਹਦੀ ਬੱਚੀ ਅਨੰਨਿਆ ਨੇ ਆਪਣੇ ਬਸਤੇ ਬਾਰੇ ਮਾਂ ਨੂੰ ਪੁੱਛਿਆ। ਮਾਂ ਦਾ ਕਹਿਣਾ ਸੀ ਕਿ ਪੁਲਿਸ ਨੇ ਆਪਣੀ ਬਸਤੀ ਉਜਾੜ ਦਿੱਤੀ ਹੈ। ਸਾਰੇ ਲੋਕਾਂ ਨੂੰ ਘਰਾਂ ਤੋਂ ਬਾਹਰ ਕਰ ਦਿੱਤਾ ਹੈ। ਘਰ ਦੇ ਸਮਾਨ ਵਿੱਚ ਤੇਰਾ ਬਸਤਾ ਵੀ ਉੱਥੇ ਹੀ ਰਹਿ ਗਿਆ ਹੈ।



ਅਨੰਨਿਆ ਕਹਿਣ ਲੱਗੀ ਕਿ ਹੁਣ ਮੈਂ ਕਿੰਜ ਪੜ੍ਹਾਂਗੀ, ਮੇਰਾ ਬਸਤਾ ਤੇ ਕਿਤਾਬਾਂ ਵੀ ਜਲ ਜਾਣਗੀਆਂ।

ਨਿਰਾਸ਼ ਤੇ ਬੇਵੱਸ ਮਾਂ ਨੇ ਆਖਿਆ ਕਿ ਉਹ ਤੇਰਾ ਬਸਤਾ ਨਹੀਂ ਲਿਆ ਕੇ ਦੇ ਸਕਦੀ ਕਿਉਂਕਿ ਬਸਤੀ ਤੇ ਪੁਲਿਸ ਦਾ ਕਬਜ਼ਾ ਹੈ। ਅਨੰਨਿਆ ਇੱਕਦਮ ਉੱਠੀ ਤੇ ਨੰਗੇ ਪੈਰੀਂ ਆਪਣੀ ਬਸਤੀ ਵੱਲ ਦੌੜੀ। ਆਪਣੀ ਝੌਂਪੜੀ ਵਿੱਚ ਪਹੁੰਚ ਬਿਨਾਂ ਕਿਸੇ ਡਰ, ਭੈਅ ਦੇ ਅੰਦਰ ਵੜ ਕੇ ਅਪਣੀ ਬਸਤਾ ਚੁੱਕ ਲਿਆਈ। ਬਸਤਾ ਚੁੱਕ ਕੇ ਦੌੜਦੀ ਅਨੰਨਿਆ ਦੀ ਵੀਡੀਓ ਵਾਇਰਲ ਹੋ ਗਈ। ਦੇਸ਼, ਦੁਨੀਆਂ ਨੇ ਉਸਦੇ ਸੁਪਨੇ ਦੀ ਉਡਾਣ ਨੂੰ ਵੇਖਿਆ ਤੇ ਸਰਾਹਿਆ। ਮੀਡੀਆ ਬੇਘਰ ਹੋਈ ਉਸ ਬਾਲੜੀ ਦੇ ਘਰ ਪਹੁੰਚਿਆ। ਉਸ ਨੇ ਮੀਡੀਆ ਨੂੰ ਦੱਸਿਆ ਕਿ ਉਹ ਵੱਡੀ ਹੋ ਕੇ ਆਈ.ਏ.ਐੱਸ .ਅਫ਼ਸਰ ਬਣਕੇ ਗਰੀਬਾਂ ਦੀ ਸੇਵਾ ਕਰਨਾ ਚਾਹੁੰਦੀ ਹੈ। ਉਸ ਨੇ ਆਪਣੇ ਘਰ ਦੀ ਇੱਛਾ ਜਾਹਰ ਕਰਦਿਆਂ ਆਖਿਆ ਕਿ ਮੈਂ ਚਾਹੁੰਦੀ ਹਾਂ ਕਿ ਮੇਰੇ ਪਾਪਾ ਕਿਸੇ ਵੱਡੇ ਸ਼ਹਿਰ ਵਿੱਚ ਕੰਮ ਕਰਨ ਤੇ ਉਨ੍ਹਾਂ ਦਾ ਆਪਣਾ ਘਰ ਹੋਵੇ।

ਆਪਣੀ ਬੱਚੀ ਦੀ ਵੀਡੀਓ ਵਾਇਰਲ ਹੋਣ ਤੇ ਅਨੰਨਿਆ ਦੇ ਮਜ਼ਦੂਰ ਪਿਤਾ ਦਾ ਕਹਿਣਾ ਸੀ ਕਿ ਉਹ ਹਰ ਸੰਭਵ ਕੋਸ਼ਿਸ਼ ਕਰਕੇ ਆਪਣੀ ਬੇਟੀ ਨੂੰ ਪੜ੍ਹਾਵੇਗਾ। ਮਾਂ ਨੇ ਦੱਸਿਆ ਕਿ ਅਨੰਨਿਆ ਦੀ ਪੜ੍ਹਨ ਵਿੱਚ ਬਹੁਤ ਲਗਨ ਹੈ। ਅੰਗਰੇਜ਼ੀ ਉਸਦਾ ਮਨਪਸੰਦ ਵਿਸ਼ਾ ਹੈ। ਉਹ ਮਨ ਲਾ ਕੇ ਪੜ੍ਹਾਈ ਕਰਦੀ ਹੈ। ਵੀਡੀਓ ਵਾਇਰਲ ਹੋਣ ਤੇ ਅਨੰਨਿਆ ਦੀ ਉਚੇਰੀ ਪੜ੍ਹਾਈ ਲਈ ਬਹੁਤ ਸਾਰੇ ਲੋਕ ਤੇ ਸਮਾਜਿਕ, ਸਿਆਸੀ ਸੰਸਥਾਵਾਂ ਸਾਹਮਣੇ ਆਈਆਂ। ਝੌਂਪੜੀ ਵਿੱਚ ਪੈਦਾ ਹੋਈ, ਪਲੀ ਇਸ ਬਾਲੜੀ ਨੇ ਆਪਣੀ ਇੱਛਾ ਤੇ ਅੱਗੇ ਵਧਣ ਦੀ ਤਾਂਘ ਨਾਲ ਵਿਦਿਆਰਥੀਆਂ ਤੱਕ ਸੁਤੇ ਸਿਧ ਇਹ ਸੁਨੇਹਾ ਭੇਜ ਦਿੱਤਾ।

ਕੋਸ਼ਿਸ਼ ਕਦੇ ਨਹੀਂ ਛੱਡਣੀ ਚਾਹੀਦੀ। ਸਫਲ ਹੋਈ ਕੋਸ਼ਿਸ਼ ਇਰਾਦਾ ਪੱਕਾ ਕਰਦੀ ਹੈ। ਮਿਹਨਤ ਤੇ ਲਗਨ ਨਾਲ ਹਾਲਤਾਂ ਨੂੰ ਬਦਲਿਆ ਜਾ ਸਕਦਾ ਹੈ। ਮਨ ਵਿੱਚ ਇੱਛਾ ਹੋਵੇ ਤਾਂ ਰਸਤੇ ਨਿਕਲ ਆਉਂਦੇ ਹਨ। ਮੰਜਿਲ ਹੱਥ ਤੇ ਹੱਥ ਧਰਨ ਜਾਂ ਨਿਰਾਸ਼ ਹੋ ਕੇ ਬੈਠਣ ਨਾਲ ਨਹੀਂ ਮਿਲਦੀ। ਮੰਜ਼ਿਲ ਤੇ ਪਹੁੰਚਣ ਲਈ ਮਿਹਨਤ, ਲਗਨ ਤੇ ਪੱਕੇ ਇਰਾਦੇ ਦੀ ਲੋੜ ਹੁੰਦੀ ਹੈ।

**ਪੇਸ਼ਕਸ਼ : ਰਾਮ ਸਵਰਨ ਲੱਖੇਵਾਲੀ**

**ਸ੍ਰੋਤ ਇੰਟਰਨੈੱਟ (ਬੀ. ਬੀ. ਸੀ. ਪੰਜਾਬੀ : ਨੀਤੂ ਸਿੰਘ ਤਾਰਿਕ ਖਾਨ ਰਿਪੋਰਟ ਤੇ ਆਧਾਰਿਤ)**

# ਤਿਤਲੀਆਂ ਅਤੇ ਪਤੰਗੇ

- ਬੂਟਾ ਸਿੰਘ ਵਾਕਫ਼

ਫੁੱਲਾਂ ਦੁਆਲੇ ਰੰਗ ਬਿਰੰਗੀਆਂ ਤਿਤਲੀਆਂ ਉਡਦੀਆਂ ਸਭ ਨੂੰ ਸੋਹਣੀਆਂ ਲਗਦੀਆਂ ਹਨ। ਤਿਤਲੀਆਂ ਅਤੇ ਪਤੰਗੇ ਉੱਡਣ ਵਾਲੇ ਕੀੜਿਆਂ ਦੀ ਪ੍ਰਜਾਤੀ ਨਾਲ ਸਬੰਧ ਰੱਖਦੇ ਹਨ। ਇਹ ਵਿਗਿਆਨਕ ਨਾਂ ਲੇਪੀਡੋਪਟੇਰਾ ਨਾਲ ਸਬੰਧਤ ਹਨ, ਜਿਸ ਦਾ ਅਰਥ ਹੈ 'ਖੰਭਾਂ ਵਾਲਾ ਕੀੜਾ'।

**ਕੀਟਾਂ ਦਾ ਜੀਵਨ ਚੱਕਰ** : ਤਿਤਲੀਆਂ ਅਤੇ ਪਤੰਗੇ ਜੀਵਨ ਦੇ ਚਾਰ ਪੜਾਵਾਂ ਵਿੱਚੋਂ ਲੰਘਦੇ ਹਨ: ਅੰਡੇ, ਲਾਰਵਾ (ਕੈਟਰਪਿਲਰ), ਪਿਊਪਾ (ਕ੍ਰਿਸਲਿਸ), ਅਤੇ ਬਾਲਗ। ਇਨ੍ਹਾਂ ਪੜਾਵਾਂ ਵਿੱਚੋਂ ਲੰਘਣਾ ਕਿਸੇ ਕੀਟ ਦੇ ਪੂਰਨ ਰੂਪਾਂਤਰ ਵਜੋਂ ਜਾਣਿਆ ਜਾਂਦਾ ਹੈ।




ਜੀਵਨ ਦਾ ਪਹਿਲਾ ਪੜਾਅ ਆਂਡਾ ਹੈ। ਮਾਦਾ ਬਹੁਤ ਸਾਰੇ ਅੰਡੇ ਦਿੰਦੀ ਹੈ। ਕੁਝ ਪ੍ਰਜਾਤੀਆਂ ਸੌ ਤੋਂ ਘੱਟ ਅਤੇ ਕੁਝ ਇੱਕ ਹਜ਼ਾਰ ਤੋਂ ਵੱਧ ਅੰਡੇ ਦਿੰਦੀਆਂ ਹਨ। ਦੂਜੇ ਪੜਾਅ ਵਿੱਚ ਅੰਡੇ ਛੋਟੇ ਲਾਰਵੇ ਵਿੱਚ ਨਿਕਲਦੇ ਹਨ ਜਿਨ੍ਹਾਂ ਨੂੰ ਕੈਟਰਪਿਲਰ ਕਿਹਾ ਜਾਂਦਾ ਹੈ। ਕੈਟਰਪਿਲਰ ਅਕਸਰ ਕੀਟ ਬਣ ਜਾਂਦੇ ਹਨ। ਮਾਦਾ ਆਮ ਤੌਰ 'ਤੇ ਉਸ ਕਿਸਮ ਦੇ ਪੌਦੇ 'ਤੇ ਆਪਣੇ ਅੰਡੇ ਦਿੰਦੀ ਹੈ ਜਿਸ ਨੂੰ ਕੈਟਰਪਿਲਰ ਭੋਜਨ ਲਈ ਵਰਤਦੇ ਹਨ। ਪੂਰਾ ਵਧਿਆ ਹੋਇਆ ਕੈਟਰਪਿਲਰ ਪਿਊਪਾ ਵਿੱਚ ਬਦਲਣ ਲਈ ਤਿਆਰ ਹੁੰਦਾ ਹੈ। ਇਸ ਤੀਜੇ ਪੜਾਅ 'ਤੇ ਤਿਤਲੀਆਂ ਅਤੇ ਪਤੰਗੇ ਵੱਖਰੇ ਹੁੰਦੇ ਹਨ। ਪਿਊਪਾ ਇੱਕ ਸਖ਼ਤ, ਗੂੜ੍ਹੇ, ਤੇ ਚਿਪਚਿਪੇ ਪਦਾਰਥ ਨਾਲ ਢੱਕਿਆ ਹੁੰਦਾ ਹੈ ਜੋ ਇਸ ਨੂੰ ਠੰਡੇ ਅਤੇ ਨਮੀ ਅਤੇ ਹੋਰ ਕੀੜਿਆਂ ਦੇ ਹਮਲਿਆਂ ਤੋਂ ਬਚਾਉਂਦਾ ਹੈ। ਕੋਕੂਨ ਵਿੱਚ ਬਿਤਾਇਆ ਸਮਾਂ ਤਿਤਲੀ ਜਾਂ ਕੀਟ ਦੀ ਕਿਸਮ ਸਮੇਂ ਦੇ ਨਾਲ ਬਦਲਦਾ ਰਹਿੰਦਾ ਹੈ। ਇਹ ਹਫ਼ਤੇ ਜਾਂ ਮਹੀਨੇ ਦੇ ਹੋ ਸਕਦੇ ਹਨ। ਪਿਊਪਾ ਜ਼ਿੰਦਾ ਦਿਖਾਈ ਨਹੀਂ ਦਿੰਦਾ, ਪਰ ਤਬਦੀਲੀਆਂ ਹੋ ਰਹੀਆਂ ਹੁੰਦੀਆਂ ਹਨ। ਕੈਟਰਪਿਲਰ ਦੇ ਜ਼ਿਆਦਾਤਰ ਅੰਗ ਅਤੇ ਹੋਰ ਟਿਸ਼ੂ ਟੁੱਟ ਜਾਂਦੇ ਹਨ, ਅਰਧ ਤਰਲ ਵਿੱਚ ਬਦਲ ਜਾਂਦੇ ਹਨ। ਇਸ ਸਮੱਗਰੀ ਤੋਂ ਬਾਲਗ ਦੇ ਖੰਭ, ਲੱਤਾਂ ਅਤੇ ਹੋਰ ਹਿੱਸੇ ਬਣਦੇ ਹਨ. ਆਖਰਕਾਰ ਬਾਲਗ ਕੀਟ ਪਿਊਪਾ ਕਵਰ ਨੂੰ ਛੱਡਣ ਲਈ ਤਿਆਰ ਹੋ ਜਾਂਦਾ ਹੈ। ਕੀਟ ਦੁਆਰਾ ਖੁਦ ਨੂੰ ਮੁਕਤ ਕਰਨ ਤੋਂ ਬਾਅਦ, ਇਹ ਗਿੱਲਾ ਹੁੰਦਾ ਹੈ ਅਤੇ ਇਸਦੇ ਖੰਭ ਨਰਮ ਹੁੰਦੇ ਹਨ। ਇਹ ਹਵਾ ਨੂੰ ਨਾੜੀਆਂ ਵਿੱਚ ਪੰਪ ਕਰਨ ਲਈ ਖੰਭਾਂ ਨੂੰ ਹੌਲੀ-ਹੌਲੀ ਹਰਕਤ ਵਿਚ ਲਿਆਉਂਦਾ ਹੈ। ਹੌਲੀ-ਹੌਲੀ, ਖੰਭ ਫੈਲਦੇ ਅਤੇ ਸਖ਼ਤ ਹੁੰਦੇ ਜਾਂਦੇ ਹਨ। ਕੁਝ ਘੰਟਿਆਂ ਵਿੱਚ ਬਾਲਗ ਕੀਟ ਉੱਡਣ ਅਤੇ ਜੀਵਨ ਸਾਥੀ ਦੀ ਭਾਲ ਕਰਨ ਲਈ ਤਿਆਰ ਹੋ ਜਾਂਦਾ ਹੈ। ਜ਼ਿਆਦਾਤਰ ਬਾਲਗ ਕੀਟ ਦੋ ਤੋਂ ਛੇ ਹਫ਼ਤਿਆਂ ਤੱਕ ਜਿਉਂਦੇ ਹਨ। ਹਾਲਾਂਕਿ, ਕੁਝ ਸਿਰਫ ਕੁਝ ਦਿਨ ਜੀਉਂਦੇ ਹਨ, ਅਤੇ ਕੁਝ 10 ਮਹੀਨਿਆਂ ਤੱਕ ਜੀ ਸਕਦੇ ਹਨ।

**ਕੀਟਾਂ ਦੀਆਂ ਕਿਸਮਾਂ ਤੇ ਵੰਡ** : ਸੰਸਾਰ ਭਰ ਵਿਚ ਤਿਤਲੀਆਂ ਅਤੇ ਪਤੰਗਿਆਂ ਦੀਆਂ ਲਗਭਗ 180,000 ਕਿਸਮਾਂ ਪਾਈਆਂ ਜਾਂਦੀਆਂ ਹਨ। ਤਿਤਲੀਆਂ ਅਤੇ ਪਤੰਗੇ ਪੂਰੀ ਦੁਨੀਆਂ ਵਿਚ ਮਿਲਦੇ ਹਨ। ਫੁੱਲਾਂ ਦੀਆਂ ਵਾਦੀਆਂ ਵਾਲੇ ਖੇਤਰਾਂ, ਉੱਚੇ ਬਰਫੀਲੇ ਪਹਾੜੀ ਖੇਤਰਾਂ, ਰੇਗਿਸਤਾਨਾਂ ਅਤੇ ਗਰਮ ਮੌਸਮ ਵਾਲੇ ਜੰਗਲਾਂ ਵਿਚ ਇਹ ਕੀਟ ਮਿਲਦੇ ਹਨ। ਸਭ ਤੋਂ ਵੱਧ ਕਿਸਮਾਂ ਅਤੇ ਗਿਣਤੀ ਗਰਮ ਦੇਸ਼ਾਂ ਵਿਚ ਮਿਲਦੀ ਹੈ।

**ਕੀਟਾਂ ਦੀਆਂ ਭੌਤਿਕ ਵਿਸ਼ੇਸ਼ਤਾਵਾਂ** : ਤਿਤਲੀਆਂ ਅਤੇ ਪਤੰਗੇ ਇੱਕੋ ਜਿਹੇ ਦਿਖਾਈ ਦਿੰਦੇ ਹਨ। ਆਮ ਤੌਰ 'ਤੇ, ਤਿਤਲੀਆਂ ਵਧੇਰੇ ਨਾਜ਼ੁਕ ਹੁੰਦੀਆਂ ਹਨ। ਸਾਰੇ ਕੀੜੇ-ਮਕੌੜਿਆਂ ਵਾਂਗ, ਤਿਤਲੀਆਂ ਅਤੇ ਪਤੰਗਿਆਂ ਦੀਆਂ ਲੱਤਾਂ ਦੇ ਤਿੰਨ ਜੋੜੇ ਅਤੇ ਇੱਕ ਸਰੀਰ ਹੁੰਦਾ ਹੈ ਜੋ ਤਿੰਨ ਭਾਗਾਂ ਵਿੱਚ ਵੰਡਿਆ ਜਾਂਦਾ ਹੈ- ਸਿਰ, ਛਾਤੀ ਅਤੇ ਪੇਟ। ਸਿਰ ਵਿੱਚ ਮੁੱਖ ਸੰਵੇਦੀ ਅਤੇ ਭੋਜਨ ਕਰਨ ਵਾਲੇ ਅੰਗ ਹੁੰਦੇ ਹਨ। ਸਰੀਰ ਦਾ ਮੱਧ ਭਾਗ, ਮੁੱਖ ਤੌਰ 'ਤੇ ਲੋਕੋਮੋਸ਼ਨ ਨਾਲ ਸਬੰਧਤ ਹੈ। ਇਸ ਵਿੱਚ ਖੰਭ ਅਤੇ ਲੱਤਾਂ ਸ਼ਾਮਲ ਹਨ। ਖੰਭਾਂ ਦੇ ਦੋ ਜੋੜੇ ਹੁੰਦੇ ਹਨ। ਮੂਹਰਲਾ ਜੋੜਾ ਆਮ ਤੌਰ 'ਤੇ ਵੱਡਾ ਹੁੰਦਾ ਹੈ। ਪੇਟ ਵਿੱਚ ਪਾਚਨ,



ਨਿਕਾਸ ਅਤੇ ਪ੍ਰਜਨਨ ਦੇ ਮੁੱਖ ਅੰਗ ਹੁੰਦੇ ਹਨ।

ਤਿਤਲੀਆਂ ਅਤੇ ਪਤੰਗੇ ਬਹੁਤ ਸਾਰੇ ਅਕਾਰ ਵਿੱਚ ਮਿਲਦੇ ਹਨ। ਕੁਝ ਕੀੜਿਆਂ ਦੇ ਖੰਭ 4 ਮਿਲੀਮੀਟਰ ਤੱਕ ਛੋਟੇ ਹੁੰਦੇ ਹਨ। ਸਭ ਤੋਂ ਛੋਟੀਆਂ ਤਿਤਲੀਆਂ ਵਿੱਚੋਂ ਇੱਕ ਉੱਤਰੀ ਅਮਰੀਕਾ ਵਿਚ ਪਾਈ ਜਾਣ ਵਾਲੀ 'ਪਿਗਮੀ ਨੀਲੀ' ਹੈ। ਸਭ ਤੋਂ ਵੱਡੇ ਕੀੜੇ ਅਤੇ ਤਿਤਲੀਆਂ ਦੇ ਖੰਭ ਲਗਭਗ 30 ਸੈਂਟੀਮੀਟਰ ਤੱਕ ਹੁੰਦੇ ਹਨ। ਇਨ੍ਹਾਂ ਵਿੱਚ ਪਾਪੂਆ ਨਿਊ ਗਿਨੀ ਵਿੱਚ ਪਾਈ ਜਾਂਦੀ ਰਾਣੀ ਅਲੈਗਜ਼ੈਂਡਰਾ (Ornithoptera Alexandrae), ਅਤੇ ਦੱਖਣ-ਪੂਰਬੀ ਏਸ਼ੀਆ ਦੇ ਐਟਲਸ ਕੀੜਾ (Attacus Atlas) ਸ਼ਾਮਲ ਹਨ। ਆਮ ਤੌਰ 'ਤੇ ਮਾਦਾ ਤਿਤਲੀਆਂ ਨਰ ਨਾਲੋਂ ਵੱਡੀਆਂ ਹੁੰਦੀਆਂ ਹਨ।

ਤਿਤਲੀਆਂ ਦੇ ਖੰਭ ਚਮਕਦਾਰ ਰੰਗ ਅਤੇ ਸ਼ਾਨਦਾਰ ਨਮੂਨੇ ਵਾਲੇ ਹੰਦੇ ਹਨ ਜਦੋਂ ਕਿ ਪਤੰਗਿਆਂ ਦਾ ਰੰਗ ਗੂੜਾ ਹੁੰਦਾ ਹੈ। ਇਨ੍ਹਾਂ ਦੇ ਐਂਟੀਨਾ ਵਿੱਚ ਗੰਧ ਦਾ ਪਤਾ ਲਗਾਉਣ ਲਈ ਮਾਈਕ੍ਰੋਸਕੋਪਿਕ ਰੀਸੈਪਟਰ ਹੁੰਦੇ ਹਨ। ਤਿਤਲੀਆਂ ਅਤੇ ਪਤੰਗਿਆਂ ਦੇ ਸਿਰ ਤੇ ਅੱਖਾਂ ਦਾ ਇੱਕ ਜੋੜਾ ਹੁੰਦਾ ਹੈ। ਹਰੇਕ ਮਿਸ਼ਰਿਤ ਅੱਖ ਲੈਨਜ਼ਾਂ ਵਰਗੇ ਛੋਟੇ ਛੋਟੇ ਅਨੇਕਾਂ ਅਕਾਰਾਂ ਤੋਂ ਬਣੀ ਹੁੰਦੀ ਹੈ। ਹਰੇਕ ਆਕਾਰ ਇੱਕ ਵੱਖਰਾ ਚਿੱਤਰ ਪ੍ਰਾਪਤ ਕਰਨ ਦੇ ਸਮਰੱਥ ਹੁੰਦਾ ਹੈ। ਕੀੜੇ ਦਾ ਦਿਮਾਗ ਇਹਨਾਂ ਸਾਰੀਆਂ ਤਸਵੀਰਾਂ ਨੂੰ ਇੱਕ ਸੰਪੂਰਨ ਤਸਵੀਰ ਵਜੋਂ ਗ੍ਰਹਿਣ ਕਰਦਾ ਹੈ। ਮਿਸ਼ਰਿਤ ਅੱਖਾਂ ਤੋਂ ਇਲਾਵਾ, ਜ਼ਿਆਦਾਤਰ ਕੀੜਿਆਂ ਕੋਲ ਸਧਾਰਨ ਅੱਖਾਂ ਦਾ ਇੱਕ ਜੋੜਾ ਹੁੰਦਾ ਹੈ। ਇਹ ਅੱਖਾਂ ਰੋਸ਼ਨੀ ਨੂੰ ਮਹਿਸੂਸ ਕਰਨ ਦੇ ਯੋਗ ਹੁੰਦੀਆਂ ਹਨ ਪਰ ਦਿਮਾਗ ਵਿਚ ਚਿੱਤਰ ਨਹੀਂ ਬਣਾ ਸਕਦੀਆਂ।

**ਕੀਟਾਂ ਦਾ ਵਿਵਹਾਰ** : ਤਿਤਲੀਆਂ ਦਿਨ ਦੀ ਰੌਸ਼ਨੀ ਦੌਰਾਨ ਸਰਗਰਮ ਰਹਿੰਦੀਆਂ ਹਨ, ਜਦੋਂ ਕਿ ਜ਼ਿਆਦਾਤਰ ਕੀਟ ਦਿਨ ਵੇਲੇ ਆਰਾਮ ਕਰਦੇ ਹਨ ਜਾਂ ਲੁਕ-ਛਿਪ ਜਾਂਦੇ ਹਨ। ਅਜਿਹੇ ਕੀਟ ਰਾਤ ਸਮੇਂ ਕਿਰਿਆਸ਼ੀਲ ਹੁੰਦੇ ਹਨ। ਤਿਤਲੀ ਅਤੇ ਪਤੰਗਿਆਂ ਦੀਆਂ ਕਿਸਮਾਂ ਇੱਕ ਖਾਸ ਪੌਦੇ 'ਤੇ ਅੰਡੇ ਦਿੰਦੀਆਂ ਹਨ। ਅੰਡੇ ਵਿਚੋਂ ਲਾਰਵਾ ਨਿਕਲਦਾ ਹੈ। ਜ਼ਿਆਦਾਤਰ ਬਾਲਗ ਤਿਤਲੀਆਂ ਆਪਣੇ ਭੋਜਨ ਸਰੋਤਾਂ ਨੂੰ ਨਜ਼ਰ ਦੁਆਰਾ ਲੱਭਦੀਆਂ ਹਨ, ਜਦੋਂ ਕਿ ਪਤੰਗੇ ਸੁਗੰਧ ਦੀ ਵਰਤੋਂ ਕਰਦੇ ਹਨ। ਇਹ ਫੁੱਲਾਂ ਦੇ ਰਸ ਅਤੇ ਪੌਦਿਆਂ ਦੇ ਹੋਰ ਤਰਲ ਪਦਾਰਥ ਨੂੰ ਚੂਸਦੇ ਹਨ। ਮੂੰਹ ਅੰਦਰ ਇੱਕ ਲੰਬੀ ਪਤਲੀ ਚੂਸਣ ਵਾਲੀ ਨਲੀ ਹੁੰਦੀ ਹੈ ਜਿਸ ਨੂੰ ਪ੍ਰੋਬੋਸਿਸ ਕਿਹਾ ਜਾਂਦਾ ਹੈ। ਕੁਝ ਤਿਤਲੀਆਂ ਅਤੇ ਪਤੰਗਿਆਂ ਦੀ ਨਲੀ ਦੇ ਸਿਰੇ 'ਤੇ ਸਖ਼ਤ ਹੱਡੀ ਹੁੰਦੀ ਹੈ ਜੋ ਪੱਕੇ ਹੋਏ ਫਲਾਂ ਦੇ ਪੌਦਿਆਂ ਦੇ ਟਿਸ਼ੂਆਂ ਨੂੰ ਪਾੜ ਦਿੰਦੀਆਂ ਹਨ ਜਿਸ ਨਾਲ ਫਲਾਂ ਵਿਚੋਂ ਰਸ ਵਗਣਾ ਸ਼ੁਰੂ ਹੋ ਜਾਂਦਾ ਹੈ।



ਇਹ ਕੀਟ ਰਸ ਦੀ ਭਾਲ ਵਿਚ ਫੁੱਲਾਂ 'ਤੇ ਆਉਂਦੇ ਹਨ, ਪੌਦੇ ਦੇ ਨਰ ਹਿੱਸੇ ਚੋਂ ਪਰਾਗ ਨੂੰ ਚੁੱਕ ਲੈਂਦੇ ਹਨ। ਫਿਰ ਹੋਰਨਾਂ ਫੁੱਲਾਂ ਵੱਲ ਉੱਡ ਜਾਂਦੇ ਹਨ ਅਤੇ ਪਰਾਗ ਨੂੰ ਪੌਦੇ ਦੇ ਮਾਦਾ ਹਿੱਸੇ ਵਿੱਚ ਤਬਦੀਲ ਕਰਦੇ ਹਨ। ਇਸ ਪ੍ਰਕਿਰਿਆ ਨੂੰ ਪਰਾਗਣ ਕਿਰਿਆ ਕਿਹਾ ਜਾਂਦਾ ਹੈ।

**ਖ਼ਤਰਿਆਂ ਦੇ ਬਚਾਅ ਤੰਤਰ** : ਤਿਤਲੀਆਂ ਅਤੇ ਪਤੰਗਿਆਂ ਦੇ ਬਹੁਤ ਸਾਰੇ ਦੁਸ਼ਮਣ ਹੁੰਦੇ ਹਨ, ਜਿਵੇਂ ਕਿ ਪੰਛੀ, ਮੱਕੜੀ, ਕਿਰਲੀਆਂ ਅਤੇ ਚੂਹੇ ਆਦਿ। ਇਸ ਤਰ੍ਹਾਂ ਤਿਤਲੀਆਂ ਅਤੇ ਪਤੰਗਿਆਂ ਕੋਲ ਸ਼ਿਕਾਰੀਆਂ ਤੋਂ ਬਚਾਅ ਲਈ ਕਈ ਵੱਖੋ-ਵੱਖਰੇ ਬਚਾਅ ਤੰਤਰ ਹੁੰਦੇ ਹਨ। ਬਹੁਤ ਸਾਰੇ ਸਮੂਹਾਂ ਦੇ ਬਾਲਗ, ਜਿਨ੍ਹਾਂ ਨੂੰ ਕਪਤਾਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਦੀ ਉਡਾਣ ਤੇਜ਼ ਅਤੇ ਅਨਿਯਮਿਤ ਹੁੰਦੀ ਹੈ ਜੋ ਉਹਨਾਂ ਨੂੰ ਸ਼ਿਕਾਰੀਆਂ ਤੋਂ ਦੂਰ ਰਹਿਣ ਦੀ ਚੇਤਾਵਨੀ ਦਿੰਦੀ ਹੈ। ਅਨੇਕਾਂ ਕਿਸਮਾਂ ਖੁਦ ਨੂੰ ਸ਼ਿਕਾਰੀਆਂ ਤੋਂ ਛੁਪਾਉਣ ਦਾ ਪ੍ਰਬੰਧ ਕਰਦੀਆਂ ਹਨ। ਕੁਝ ਕੈਟਰਪਿਲਰ ਦਿਨ ਵੇਲੇ ਪੱਤਿਆਂ ਅਤੇ ਟਾਹਣੀਆਂ ਵਿੱਚ ਛੁਪਦੇ ਹਨ। ਬਹੁਤ ਸਾਰੇ ਕੀਟ ਦਰਖਤਾਂ ਦੀਆਂ ਖੋਹੜਾਂ ਵਿੱਚ ਜਾਂ ਸੱਕ ਦੇ ਹੇਠਾਂ ਲੁਕ ਜਾਂਦੇ ਹਨ।



ਸਰਦੀਆਂ ਦੌਰਾਨ ਕੁਝ ਤਿਤਲੀਆਂ ਹਾਈਬਰਨੇਟ ਹੁੰਦੀਆਂ ਹਨ ਜਾਂ ਇੱਕ ਕਿਸਮ ਦੀ ਨੀਂਦ ਵਿੱਚ ਚਲੀਆਂ ਜਾਂਦੀਆਂ ਹਨ। ਹਾਈਬਰਨੇਟਿੰਗ ਤਿਤਲੀਆਂ ਖੋਖਲੇ ਦਰੱਖਤਾਂ ਵਿੱਚ ਜਾਂ ਪੱਤਿਆਂ ਵਿੱਚ ਛੁਪ ਜਾਂਦੀਆਂ ਹਨ, ਜਿੱਥੇ ਉਹ ਅਹਿਲ ਲਟਕਦੀਆਂ ਹਨ। ਕੁਝ ਤਿਤਲੀਆਂ ਅਤੇ ਪਤੰਗੇ ਸ਼ਿਕਾਰੀਆਂ ਤੋਂ ਛੁਪਣ ਲਈ ਸੁਰੱਖਿਆ ਰੰਗ, ਜਾਂ ਛਲਾਵੇ ਦੀ ਵਰਤੋਂ ਕਰਦੇ ਹਨ। ਸੁਰੱਖਿਆਤਮਕ ਰੰਗ ਉਦੋਂ ਵਾਪਰਦਾ ਹੈ ਜਦੋਂ ਕਿਸੇ ਜੀਵ ਦਾ ਕੁਦਰਤੀ ਰੰਗ ਜਾਂ ਪੈਟਰਨ ਇਸ ਨੂੰ ਇਸ ਦੇ ਪਿਛੋਕੜ ਨਾਲ ਮਿਲਾਉਣ ਦੇ ਸਮਰੱਥ ਹੁੰਦਾ ਹੈ। ਇਹ ਸਿਰਫ਼

ਦਿਨ ਸਮੇਂ ਪੱਤਿਆਂ ਦੇ ਵਿਚਕਾਰ ਜਾਂ ਦਰੱਖਤ ਦੀ ਛਿੱਲ ਵਿਚ ਆਰਾਮ ਕਰਦੇ ਹਨ, ਰੰਗੀਨ ਅਤੇ ਉਹਨਾਂ ਚੀਜ਼ਾਂ ਦੀ ਤਰ੍ਹਾਂ ਪੈਟਰਨ ਵਾਲੇ ਹੁੰਦੇ ਹਨ ਜਿਸ 'ਤੇ ਉਹ ਆਰਾਮ ਕਰਦੇ ਹਨ। (**ਚਿੱਤਰ** 5)



ਕੁਝ ਤਿਤਲੀਆਂ ਅਤੇ ਕੀੜੇ ਸ਼ਿਕਾਰੀਆਂ ਦਾ ਧਿਆਨ ਖਿੱਚਣ ਲਈ ਆਪਣੇ ਸਰੀਰ 'ਤੇ ਨਿਸ਼ਾਨ ਬਣਾਉਂਦੇ ਹਨ। ਇਹਨਾਂ ਨਿਸ਼ਾਨਾਂ ਵਿੱਚ ਰੰਗਦਾਰ ਚਟਾਕ ਸ਼ਾਮਲ ਹੁੰਦੇ ਹਨ ਜੋ ਅੱਖਾਂ ਦੇ ਨਾਲ-ਨਾਲ ਪਿਛਲੇ ਖੰਭਾਂ 'ਤੇ ਵੀ ਹੁੰਦੇ ਹਨ। ਅਜਿਹੇ ਨਿਸ਼ਾਨ ਸ਼ਿਕਾਰੀਆਂ ਨੂੰ ਸਰੀਰ ਦੇ ਉਹਨਾਂ ਹਿੱਸਿਆਂ ਵੱਲ ਖਿੱਚਦੇ ਹਨ ਜੋ ਸੱਟ ਲੱਗਣ ਲਈ ਘੱਟ ਕਮਜ਼ੋਰ ਹੁੰਦੇ ਹਨ। ਬਹੁਤ ਸਾਰੀਆਂ ਤਿਤਲੀਆਂ ਅਤੇ ਕੀੜੇ ਹੈਰਾਨ ਕਰਨ ਵਾਲੀਆਂ ਆਵਾਜ਼ਾਂ ਪੈਦਾ ਕਰਦੇ ਹਨ ਜੋ ਉਨ੍ਹਾਂ ਨੂੰ ਸ਼ਿਕਾਰੀਆਂ ਤੋਂ ਬਚਾਉਣ ਵਿਚ ਮੱਦਦ ਕਰਦੇ ਹਨ। ਕਈ ਕੀਟ ਪਰੇਸ਼ਾਨੀ ਜਾਂ ਖਤਰੇ ਸਮੇਂ ਚੀਕਣ ਦੀਆਂ ਆਵਾਜ਼ਾਂ ਕੱਢਦੇ ਹਨ। ਅਫ਼ਰੀਕੀ ਕੀੜਾ ਅਚੇਰੋਨਟੀਆ ਐਟਰੋਪੋਸ ਉੱਚੀ-ਉੱਚੀ ਚਹਿਕਦੀ ਆਵਾਜ਼ ਕੱਢਦਾ ਹੈ। ਐਜਰੋਨੀਆ ਜੀਨਸ ਦੀਆਂ ਤਿਤਲੀਆਂ ਖੰਭਾਂ ਉੱਤੇ ਇੱਕ ਬਣਤਰ ਬਣਾ ਕੇ ਉੱਚੀ ਆਵਾਜ਼ ਕੱਢਦੀਆਂ ਹਨ। ਕੁਝ ਤਿਤਲੀਆਂ ਅਤੇ ਪਤੰਗਿਆਂ ਵਿੱਚ ਜ਼ਹਿਰੀਲੇ ਪਦਾਰਥ ਹੁੰਦੇ ਹਨ। ਅਜਿਹੇ ਕੀਟ ਜ਼ਹਿਰ ਪੈਦਾ ਕਰਦੇ ਹਨ ਅਤੇ ਇਸਨੂੰ ਸਰੀਰ ਵਿੱਚ ਸਟੋਰ ਕਰਦੇ ਹਨ। ਬਹੁਤ ਸਾਰੇ ਕੈਟਰਪਿਲਰ ਅਤੇ ਕੁਝ ਜ਼ਹਿਰੀਲੇ ਕੀਟਾਂ ਦੇ ਖੋਖਲੇ ਕੰਡੇਦਾਰ ਵਾਲ ਹੁੰਦੇ ਹਨ ਜੋ ਸੰਭਾਵੀ ਸ਼ਿਕਾਰੀਆਂ ਵਿੱਚ ਜ਼ਹਿਰੀਲੇ ਪਦਾਰਥਾਂ ਨਾਲ ਮਾਰ ਦੇਣ ਦੇ ਸਮਰੱਥ ਹੁੰਦੇ ਹਨ। ਜ਼ਹਿਰੀਲੇ ਪਦਾਰਥ ਦਰਦ ਅਤੇ ਸੋਜ ਦਾ ਕਾਰਨ ਬਣਦੇ ਹਨ। ਕੁਝ ਤਿਤਲੀਆਂ ਅਤੇ ਪਤੰਗੇ ਸ਼ਿਕਾਰੀਆਂ ਤੋਂ ਸੁਰੱਖਿਆ ਵਜੋਂ ਨਕਲ ਦੀ ਵਰਤੋਂ ਕਰਦੇ ਹਨ।

ਸੰਪਰਕ : 98762-24461

# ਕੇਲਿਆਂ ਨੂੰ ਖਰਾਬ ਹੋਣ ਤੋਂ ਬਚਾਉਣ ਲਈ ਜੀਨ ਤਕਨਾਲੋਜੀ ਦੀ ਵਰਤੋਂ

**ਵਿਸ਼ਵ ਕਾਂਤ**

ਆਪਾਂ ਨੂੰ ਪਤਾ ਹੀ ਹੈ ਕਿ ਘਰ ਵਿੱਚ ਲਿਆਂਦੇ ਕੇਲੇ ਜੇ ਇੱਕ ਦੋ ਦਿਨ ਵਿੱਚ ਨਾ ਖਾਧੇ ਜਾਣ ਤਾਂ ਉਹ ਖਰਾਬ ਹੋਣਾ ਸ਼ੁਰੂ ਹੋ ਜਾਂਦੇ ਹਨ। ਇਸ ਤਰ੍ਹਾਂ ਬਹੁਤ ਵੱਡੀ ਗਿਣਤੀ ਵਿੱਚ ਕੇਲੇ ਖਰਾਬ ਹੁੰਦੇ ਹਨ ਅਤੇ ਸੁੱਟਣੇ ਪੈਂਦੇ ਹਨ। ਯੂ.ਕੇ. ਦੀ ਸਰਕਾਰ ਵੱਲੋਂ 2017 ਵਿੱਚ ਕਰਵਾਏ ਇੱਕ ਸਰਵੇਖਣ ਮੁਤਾਬਿਕ ਅੰਗਰੇਜ਼ ਲੋਕ ਹਰ ਰੋਜ਼ ਲਗਪੱਗ 14 ਲੱਖ ਕੇਲੇ ਕੂੜੇ ਵਿੱਚ ਸੁਟਦੇ ਹਨ। ਇਹ ਵੀ ਅੰਦਾਜ਼ੇ ਲਗਾਏ ਗਏ ਹਨ ਕਿ ਕੇਲੇ ਦੀ ਫਸਲ ਦਾ ਲਗਪੱਗ ਅੱਧ ਵੱਖ ਵੱਖ ਸਟੇਜਾਂ ਉੱਤੇ ਖਰਾਬ ਹੋ ਕੇ ਬੇਕਾਰ ਹੋ ਜਾਂਦਾ ਹੈ। ਇਸ ਤੋਂ ਅਗਲੀ ਗੱਲ ਕਿ ਜੋ ਵੱਧ ਨੁਕਸਾਨਦੇਹ ਹੈ, ਉਹ ਇਹ ਹੈ ਕਿ ਇਨ੍ਹਾਂ ਗਲ ਰਹੇ ਕੇਲਿਆਂ ਵਿਚੋਂ ਜੋ ਗੈਸਾਂ ਨਿਕਲਦੀਆਂ ਹਨ ਉਹ ਵਾਤਾਵਰਣ ਨੂੰ ਖਰਾਬ ਕਰਦੀਆਂ ਹਨ ਅਤੇ ਗਲੋਬਲ ਵਾਰਮਿੰਗ ਵਿੱਚ ਹਿੱਸਾ ਪਾਉਂਦੀਆਂ ਹਨ। ਜੇ ਕੇਲਿਆਂ ਦਾ ਗਲਣਾ ਸੜ੍ਹਨਾ ਰੋਕ ਲਿਆ ਜਾਵੇ ਤਾਂ ਵਾਤਾਵਰਣ ਵਿਚੋਂ ਕਾਰਬਨ ਡਾਇਆਕਸਾਈਡ ਓਨੀ ਘਟ ਜਾਵੇਗੀ ਜਿੰਨੀ ਦੁਨੀਆ ਵਿਚੋਂ 20 ਲੱਖ ਕਾਰਾਂ ਹਟਾ ਦੇਣ ਨਾਲ ਘਟੇਗੀ।

ਫਲ ਜਦ ਪੱਕਦੇ ਹਨ ਤਾਂ ਉਹ ਇਥਾਈਲੀਨ ਗੈਸ ਛਡਦੇ ਹਨ ਇਹ ਗੈਸ ਅੱਗੇ ਇੱਕ ਹਾਰਮੋਨ ਪੌਲੀਫਿਨੋਲ ਔਕਸੀਡੇਜ਼ Polyphenol oxidase (PPO) ਨੂੰ ਉਤੇਜਿਤ ਕਰਦੀ ਹੈ। ਇਹ ਹਾਰਮੋਨ ਫਿਰ ਆਕਸੀਜਨ ਦੇ ਸੰਪਰਕ ਵਿੱਚ ਆ ਕੇ ਕੇਲਿਆਂ ਦੇ ਪੀਲੇ ਰੰਗ ਨੂੰ ਕਾਲੇ ਭੂਰੇ ਰੰਗ ਵਿੱਚ ਤਬਦੀਲ ਕਰ ਦਿੰਦਾ ਹੈ ਅਤੇ ਕੇਲੇ ਖਾਣਯੋਗ ਨਹੀਂ ਰਹਿੰਦੇ। ਇੰਗਲੈਂਡ ਦੀ ਟਰੌਪਿਕ ਨਾਂ ਦੀ ਕੰਪਨੀ ਨੇ ਦਾਅਵਾ ਕੀਤਾ ਹੈ ਕਿ ਇਸ PPO ਹਾਰਮੋਨ ਲਈ ਜਿੰਮੇਂਵਾਰ ਜੀਨ ਨੂੰ ਕਾਬੂ ਕਰ ਕੇ ਕੇਲਿਆਂ ਦੇ ਖਰਾਬ ਹੋਣ ਦੀ ਦਰ ਘਟਾ ਦਿੱਤੀ ਹੈ।

ਉਂਜ ਵਾਤਾਵਰਣ ਪ੍ਰੇਮੀਆਂ ਦਾ ਕਹਿਣਾ ਹੈ ਕਿ ਕੰਪਨੀਆਂ ਆਪਣੇ ਮੁਨਾਫਿਆਂ ਖਾਤਰ ਕੁਦਰਤੀ ਪੈਦਾਵਾਰ ਨਾਲ ਛੇੜਛਾੜ ਕਰਕੇ ਕੁਦਰਤ ਨਾਲ ਖਿਲਵਾੜ ਕਰਦੀਆਂ ਹਨ ਅਤੇ ਅਸਲ ਵਿੱਚ ਵਾਤਾਵਰਣ ਸੰਕਟ ਖੜ੍ਹਾ ਕਰ ਰਹੀਆਂ ਹਨ।

ਇਨ੍ਹਾਂ ਦੋਹਾਂ ਪੱਖਾਂ ਨੂੰ ਧਿਆਨ ਵਿੱਚ ਰਖਦੇ ਹੋਏ ਸਾਡੀ ਪਾਠਕਾਂ ਨੂੰ ਸਲਾਹ ਹੈ ਕਿ ਮੰਡੀ ਤੋਂ ਕੇਲੇ ਓਨੇ ਹੀ ਲਿਆਓ ਜਿੰਨੇ ਦੋ ਦਿਨ ਵਿੱਚ ਖਾਧੇ ਜਾਣ। ਫਿਰ ਵੀ ਵਧਦੇ ਲੱਗਣ ਤਾਂ ਅਖਬਾਰ ਵਿੱਚ ਚੰਗੀ ਤਰ੍ਹਾਂ ਲਪੇਟ ਕੇ ਫ੍ਰਿੱਜ ਵਿੱਚ ਰੱਖਣ ਨਾਲ ਵੀ ਕੇਲੇ ਵਧ ਸਮੇਂ ਖਾਣਯੋਗ ਰਹਿ ਜਾਂਦੇ ਹਨ। ਪਰ ਯਾਦ ਰੱਖਣਾ ਕਿ ਅਖ਼ਬਾਰ ਵਿੱਚ ਲਪੇਟਣਾ ਜਰੂਰੀ ਹੈ ਨਹੀਂ ਤਾਂ ਫ੍ਰਿੱਜ ਵਿੱਚ ਰੱਖਣ ਦਾ ਵੀ ਕੋਈ ਲਾਭ ਨਹੀਂ ਹੋਣਾ।

## ਗ਼ਦਰੀ ਸੂਰਬੀਰ: ਕਰਤਾਰ ਸਿੰਘ ਸਰਾਭਾ

ਕੈਲੇਫੋਰਨੀਆ ਪੜ੍ਹਨ ਗਿਆ ਉਤਸ਼ਾਹੀ ਨੌਜੁਆਨ ਕਰਤਾਰ ਸਿੰਘ ਸਰਾਭਾ ਗ਼ਦਰ ਪਾਰਟੀ ਦੇ ਸੰਪਰਕ ਵਿੱਚ ਆਇਆ। ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਬੁਲੰਦ ਭਾਵਨਾ ਸਦਕਾ ਉਹ ਗ਼ਦਰ ਲਹਿਰ ਦਾ ਹੋ ਗਿਆ। ਗ਼ਦਰ ਅਖ਼ਬਾਰ ਨਿਕਲਿਆ ਤਾਂ ਉਸ ਨੂੰ ਲੋਕਾਂ ਤੱਕ ਪੁੱਜਦਾ ਕਰਨ ਵਿੱਚ ਜੁਟ ਗਿਆ।



ਜਨਮ ਦਿਨ :
24 ਮਈ, 1896

16 ਨਵੰਬਰ 1915 ਨੂੰ ਸਾਢੇ ਉੱਨੀ ਵਰ੍ਹਿਆਂ ਦੇ ਨੌਜਵਾਨ ਕਰਤਾਰ ਸਿੰਘ ਸਰਾਭਾ ਨੂੰ ਉਸਦੇ ਛੇ ਹੋਰ ਸਾਥੀਆਂ ਸਮੇਤ ਲਾਹੌਰ ਜੇਲ੍ਹ ਵਿੱਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਉਹ ਗ਼ਦਰ ਪਾਰਟੀ ਦਾ ਛੋਟੀ ਉਮਰ ਦਾ ਜਰਨੈਲ ਸੀ। ਬੁਲੰਦ ਜਜ਼ਬਿਆਂ ਦਾ ਮਾਲਕ ਤੇ ਆਜ਼ਾਦੀ ਲਈ ਮਰ ਮਿਟਣ ਦੀ ਭਾਵਨਾ ਵਾਲਾ। ਭਰ ਜਵਾਨੀ ਵਿੱਚ ਫ਼ਾਂਸੀ ਦਾ ਰੱਸਾ ਚੁੰਮਣ ਵਾਲਾ ਇਹ ਦੇਸ਼ ਭਗਤ ਗੱਭਰੂ ਦੇਸ਼, ਦੁਨੀਆਂ ਲਈ ਮਿਸਾਲ ਬਣਿਆ।

ਬਾਬਾ ਸੋਹਣ ਸਿੰਘ ਭਕਨਾ ਦੀਆਂ ਯਾਦਾਂ ਵਿੱਚ ਇੱਕ ਅਜਿਹਾ ਜਿਕਰ ਮਿਲਦਾ ਹੈ। ਸਰਾਭਾ ਨੇ ਜੇਲ੍ਹ ਦੀ ਕੰਧ ਤੇ ਲਿਖ ਦਿੱਤਾ ਸੀ, ਸ਼ਹੀਦ ਦਾ ਖ਼ੂਨ ਵਿਅਰਥ ਨਹੀਂ ਜਾਂਦਾ। ਆਖਰ ਇਹ ਰੰਗ ਲਿਆਏਗਾ। ਬਾਬਾ ਭਕਨਾ ਨੇ ਕਿਹਾ, ਕਰਤਾਰ ਸਿੰਘ, ਇੱਥੇ ਜੇਲ੍ਹ ਵਿੱਚ ਤਾਂ ਹੱਡੀਆਂ ਵੀ ਗਲ ਜਾਂਦੀਆਂ ਹਨ, ਬਾਹਰ ਕਿਵੇਂ ਖ਼ਬਰ ਜਾਵੇਗੀ ਤੇ ਸ਼ਹੀਦਾਂ ਦਾ ਖ਼ੂਨ ਫਿਰ ਕਿਵੇਂ ਰੰਗ ਲਿਆਵੇਗਾ ? ਸਰਾਭਾ ਦਾ ਜੁਆਬ ਸੀ, ਪ੍ਰਧਾਨ ਜੀ, ਅੱਜ ਨਹੀਂ ਤਾਂ ਕੱਲ੍ਹ ਜਾਂ ਪਰਸੋਂ ਬਾਹਰ ਜਾ ਕੇ ਖ਼ੂਨ ਰੰਗ ਲਿਆਵੇਗਾ ਹੀ।

**ਡਾ.ਚਮਨ ਲਾਲ**

## ਕ੍ਰਾਂਤੀਕਾਰੀ ਨਾਇਕ : ਭਗਵਤੀ ਚਰਨ ਵੋਹਰਾ

ਭਗਤ ਸਿੰਘ ਨੂੰ ਮੈਂ 1926 ਵਿੱਚ ਹੀ ਮਿਲ ਚੁੱਕਾ ਸਾਂ। ਅਪ੍ਰੈਲ 1928 ਵਿੱਚ ਜਦੋਂ ਨੌਜਵਾਨ ਭਾਰਤ ਸਭਾ ਦਾ ਐਲਾਨਨਾਮਾ ਛਪਿਆ ਤਾਂ ਪਤਾ ਲੱਗਾ ਕਿ ਉਸਦਾ ਮਸੌਦਾ ਭਗਤ ਸਿੰਘ ਨਾਲ਼ ਸਲਾਹ ਮਸ਼ਵਰਾ ਕਰਕੇ ਮੂਲ ਰੂਪ ਵਿੱਚ ਭਗਵਤੀ ਚਰਨ ਨੇ ਹੀ ਤਿਆਰ ਕੀਤਾ ਸੀ। ਐਲਾਨਨਾਮੇ ਵਿੱਚ ਕਹੀਆਂ ਕੁਝ ਗੱਲਾਂ ਤੋਂ ਮੈਂ ਪ੍ਰਭਾਵਤ ਸਾਂ। ਜਿਸ ਕਾਰਣ ਮੇਰੇ ਦਿਲ ਵਿੱਚ ਭਗਵਤੀ ਚਰਨ ਪ੍ਰਤੀ ਅਥਾਹ ਆਦਰ ਦੀ ਭਾਵਨਾ ਪੈਦਾ ਹੋ ਗਈ।



ਸ਼ਹਾਦਤ :
28 ਮਈ, 1930

ਭਗਵਤੀ ਚਰਨ ਦਾ ਜਨਮ 1903 ਵਿੱਚ ਆਗਰਾ ਵਿਖੇ ਹੋਇਆ। ਪਿਤਾ ਪੰਡਤ ਸ਼ਿਵ ਚਰਨ ਵੋਹਰਾ ਰੇਲਵੇ ਵਿੱਚ ਉੱਚੇ ਅਹੁਦੇ ਤੇ ਸਨ। ਭਗਵਤੀ ਦਾ ਪਰਿਵਾਰ ਆਰਥਿਕ ਪੱਖ ਤੋਂ ਖਾਂਦਾ ਪੀਂਦਾ ਪਰਿਵਾਰ ਸੀ। ਉਸਦਾ ਵਿਆਹ ਵੀ ਛੋਟੀ ਉਮਰ ਵਿੱਚ ਕਰ ਦਿੱਤਾ ਗਿਆ ਸੀ। ਸਾਲ 1921 ਵਿੱਚ ਗਾਂਧੀ ਜੀ ਦੇ ਸੱਦੇ ਤੇ ਭਗਵਤੀ ਚਰਨ ਨਾ ਮਿਲਵਰਤਨ ਲਹਿਰ ਵਿੱਚ ਕੁੱਦ ਪਏ। ਅੰਦੋਲਨ ਵਾਪਸ ਲੈ ਲਏ ਜਾਣ ਤੇ ਉਹ ਆਪਣੇ ਸਾਥੀਆਂ ਸਮੇਤ ਲਾਹੌਰ ਦੇ ਨੈਸ਼ਨਲ ਕਾਲਿਜ ਵਿੱਚ ਦਾਖਲ ਹੋ ਗਏ। ਏਥੇ ਹੀ ਉਨ੍ਹਾਂ ਦਾ ਕ੍ਰਾਂਤੀਕਾਰੀ ਨੌਜਵਾਨਾਂ ਨਾਲ ਹੋਇਆ। ਉਹ ਇਮਾਰਤ ਦੇ ਦਰਵਾਜੇ ਉੱਪਰ ਜੜੇ ਕੀਮਤੀ ਤੇ ਖ਼ੂਬਸੂਰਤ ਪੱਥਰ ਦੀ ਥਾਂ ਨੀਂਹ ਦਾ ਪੱਥਰ ਬਣਨਾ ਜਿਆਦਾ ਪਸੰਦ ਕਰਦੇ ਸਨ। ਖ਼ੁਦ ਪਿੱਛੇ ਰਹਿ ਕੇ ਦੂਜਿਆਂ ਨੂੰ ਅੱਗੇ ਵਧਣ ਦਾ ਮੌਕਾ ਪ੍ਰਦਾਨ ਕਰਨਾ ਚੰਗੀ ਤਰ੍ਹਾਂ ਜਾਣਦੇ ਸਨ। ਸੰਗਠਨ ਦੀਆਂ ਗੰਭੀਰ ਸਮੱਸਿਆਵਾਂ ਉੱਪਰ ਪਕੜ, ਯੋਗਤਾ ਤੇ ਲਿਖ਼ਤ ਉੱਪਰ ਉਨ੍ਹਾਂ ਨੂੰ ਪੂਰਾ ਅਧਿਕਾਰ ਸੀ। ਉਹ ਗੁਣ ਭਗਤ ਸਿੰਘ ਤੇ ਭਗਵਤੀ ਚਰਨ ਦੋਹਾਂ ਵਿੱਚ ਸਨ।

ਵਿਸ਼ਵ ਪ੍ਰਸਿੱਧ ਮੇਰਠ ਕਮਿਊਨਿਸਟ ਸਾਜਿਸ਼ ਕੇਸ ਦੇ ਮਾਮਲੇ ਵਿੱਚ ਵੀ ਉਨ੍ਹਾਂ ਦੇ ਘਰ ਦੀ ਤਲਾਸ਼ੀ ਲਈ ਗਈ। ਘਰ ਦੀ ਤਲਾਸ਼ੀ ਦੌਰਾਨ ਘਰ ਦੀਆਂ ਦੀਵਾਰਾਂ ਤੇ ਫਰਸ਼ ਆਦਿ ਤੱਕ ਤੋੜ ਦਿੱਤੇ ਗਏ। ਭਗਵਤੀ ਚਰਨ ਉਸ ਵਕਤ ਘਰ ਨਾ ਹੋਣ ਕਾਰਣ ਫੜੇ ਨਹੀਂ ਜਾ ਸਕੇ। ਫਿਰ ਅਸੈਂਬਲੀ ਬੰਬ ਕੇਸ ਤੋਂ ਬਾਅਦ ਲਾਹੌਰ ਦੀ ਬੰਬ ਫੈਕਟਰੀ ਫੜੀ ਗਈ। ਪਤਾ ਲੱਗਿਆ

**ਮੁਲਕ ਸਰੋਵਰ, ਪੂੰਗ ਹੈ ਖ਼ਲਕਤ, ਹਾਕਮ ਚਿੱਟਾ ਬਗਲਾ ਹੈ - ਹਰਦਿਆਲ ਸਾਗਰ**

ਕਿ ਫੈਕਟਰੀ ਵਾਲਾ ਮਕਾਨ ਭਗਵਤੀ ਚਰਨ ਦੇ ਨਾਂ ਤੇ ਲਿਆ ਹੋਇਆ ਸੀ। ਉਨ੍ਹਾਂ ਦੇ ਨਾਂ ਵੀ ਵਾਰੰਟ ਜਾਰੀ ਹੋ ਗਏ।

ਮਈ 1930 ਨੂੰ ਭਗਤ ਸਿੰਘ ਤੇ ਦੱਤ ਨੂੰ ਜੇਲ੍ਹ ਵਿੱਚੋਂ ਛੁਡਵਾਉਣ ਦੀ ਯੋਜਨਾ ਨੂੰ ਅੰਤਿਮ ਰੂਪ ਦਿੱਤਾ ਗਿਆ। ਤੈਅ ਹੋਇਆ ਕਿ ਐਤਵਾਰ ਦੇ ਦਿਨ ਜਦੋਂ ਭਗਤ ਸਿੰਘ ਤੇ ਦੱਤ ਲਾਹੌਰ ਬੋਸਟਰਲ ਜੇਲ੍ਹ ਵਿੱਚ ਆਪਣੇ ਹੋਰਨਾਂ ਸਾਥੀਆਂ ਨੂੰ ਮਿਲ ਕੇ ਬਾਹਰ ਆਉਣ ਤਾਂ ਪੁਲਿਸ ਦੀ ਗੱਡੀ ਵਿੱਚ ਬੈਠਦੇ ਸਮੇਂ ਹਮਲਾ ਬੋਲ ਕੇ ਉਨ੍ਹਾਂ ਨੂੰ ਛੁਡਾ ਲਿਆ ਜਾਵੇ। ਇਸ ਕੰਮ ਖ਼ਾਤਰ ਜਾਣ ਵਾਲਿਆਂ ਵਿੱਚ ਆਜ਼ਾਦ ਤੇ ਹੋਰਨਾਂ ਸਾਥੀਆਂ ਨਾਲ ਭਗਵਤੀ ਨੇ ਵੀ ਜ਼ੋਰ ਪਾ ਕੇ ਆਪਣਾ ਨਾਂ ਰਖਵਾ ਲਿਆ। ਉਨ੍ਹਾਂ ਯਸ਼ਪਾਲ ਨੂੰ ਬੰਬ ਤਿਆਰ ਕਰਨ ਲਈ ਆਖਿਆ। 28 ਮਈ 1930 ਨੂੰ ਬੈਸ਼ਮਪਾਇਨ, ਭਗਵਤੀ ਚਰਨ ਤੇ ਸੁਖਦੇਵ ਰਾਜ ਸਵੇਰੇ ਦਸ ਗਿਆਰਾਂ ਵਜੇ ਰਾਵੀ ਦੇ ਕਿਨਾਰੇ ਸੰਘਣੇ ਜੰਗਲ ਵਿੱਚ ਬੰਬ ਧਮਾਕਾ ਕਰਨ ਲਈ ਗਏ। ਇੱਕ ਸੁਰੱਖਿਅਤ ਥਾਂ ਵੇਖ ਕੇ ਰੁਕ ਗਏ। ਸਾਹਮਣੇ ਇੱਕ ਵੱਡਾ ਖੱਡਾ ਸੀ। ਉਸੇ ਵਿੱਚ ਬੰਬ ਦਾ ਤਜਰਬਾ ਕਰਨਾ ਸੀ। ਭਗਵਤੀ ਨੇ ਬੰਬ ਦੀ ਪਿੰਨ ਕੱਢੀ, ਸੁੱਟਣ ਲਈ ਹੱਥ ਵੀ ਨਹੀਂ ਉਠਾ ਸਕੇ। ਬੰਬ ਦਾ ਤਬਾਹਕੁੰਨ ਧਮਾਕਾ ਹੱਥ ਵਿੱਚ ਹੀ ਹੋ ਗਿਆ। ਧੂੰਏਂ ਦਾ ਗ਼ੁਬਾਰ ਛਾ ਗਿਆ। ਭਗਵਤੀ ਭਾਈ ਸਖ਼ਤ ਜ਼ਖ਼ਮੀ ਹੋ ਗਏ। ਉਨ੍ਹਾਂ ਦਾ ਇੱਕ ਹੱਥ ਗੁੱਟ ਨਾਲੋਂ ਉੱਡ ਗਿਆ। ਐਨਾ ਸਰੀਰਕ ਦੁੱਖ ਹੋਣ ਦੇ ਬਾਵਜੂਦ ਵੀ ਉਨ੍ਹਾਂ ਦੇ ਚਿਹਰੇ ਤੇ ਮੁਸਕਰਾਹਟ ਜਿਉਂ ਦੀ ਤਿਉਂ ਸੀ। ਮੌਤ ਦੀ ਖਿੱਲੀ ਉਡਾਉਣ ਦਾ ਇਹ ਪ੍ਰਚੰਡ ਸਾਹਸ ਸੀ। ਮੌਤ ਨਾਲ ਸੰਘਰਸ਼ ਜਾਰੀ ਸੀ ਪਰ ਜਿੱਤ ਮੌਤ ਦੀ ਹੋਈ। ਦੇਸ਼ ਦੀ ਆਜ਼ਾਦੀ ਖਾਤਰ ਉਨ੍ਹਾਂ ਆਪਣੇ ਆਪ ਨੂੰ ਬਲੀ ਚੜ੍ਹਾ ਦਿੱਤਾ। ਕ੍ਰਾਂਤੀ ਮਾਰਗ ਦੀ ਰੌਸ਼ਨੀ ਲਈ ਇੱਕ ਜਗਮਗਾਉਂਦਾ ਸਿਤਾਰਾ ਹਮੇਸ਼ਾ ਲਈ ਡੁੱਬ ਗਿਆ।

**ਸ਼ਿਵ ਵਰਮਾ**

(ਭਗਤ ਸਿੰਘ ਹੁਰਾਂ ਦਾ ਸੰਗੀ ਸਾਥੀ)

## ਲੋਕ ਨਾਇਕ ਦਾ ਨਿਰਣਾ

ਹੋਰ ਸਭਨਾਂ ਵਾਂਗ ਮੈਂ ਵੀ ਸਫ਼ਲਤਾ ਚਾਹੁੰਦਾ ਸੀ। ਮੈਂ ਪ੍ਰਸਿੱਧ ਖੋਜਕਾਰ ਬਣਨ ਦੇ ਅਤੇ ਮਨੁੱਖ ਜਾਤੀ ਲਈ ਕੋਈ ਫ਼ਾਇਦੇਮੰਦ ਚੀਜ਼ ਪ੍ਰਾਪਤ ਕਰਨ ਦੇ ਸੁਪਨੇ ਲੈਂਦਾ ਸਾਂ ਪਰ ਇਹ ਸਭ ਕੁਝ ਨਿੱਜੀ ਸਫ਼ਲਤਾ ਦਾ ਸੁਪਨਾ ਸੀ। ਸਾਡੇ ਸਭਨਾਂ ਵਾਂਗ ਮੈਂ ਵੀ ਆਪਣੇ ਆਲ਼ੇ-ਦੁਆਲ਼ੇ ਦੀ ਪੈਦਾਵਾਰ ਸਾਂ।



ਜਨਮ ਦਿਨ :
14 ਜੂਨ, 1928

.....ਮੈਂ ਵੇਖਿਆ ਕਿ ਕਿਵੇਂ ਮਾਂ-ਬਾਪ ਪੈਸੇ ਦੀ ਥੁੜ੍ਹ ਕਾਰਣ ਆਪਣੇ ਬੱਚਿਆਂ ਦਾ ਇਲਾਜ ਨਹੀਂ ਕਰਵਾ ਸਕਦੇ। ਮੈਂ ਮਨੁੱਖੀ ਨਿਘਾਰ ਨੂੰ ਨਿਰੰਤਰ ਭੁੱਖ ਅਤੇ ਦੁੱਖ ਕਾਰਣ ਏਨਾ ਵਹਿਸ਼ਤ ਤੱਕ ਗਿਰਿਆ ਦੇਖਿਆ ਕਿ ਬਾਪ ਉੱਤੇ ਬੱਚੇ ਦੀ ਮੌਤ ਦਾ ਕੋਈ ਖ਼ਾਸ ਅਸਰ ਨਹੀਂ ਹੁੰਦਾ ਸੀ। ਮੈਂ ਅਨੁਭਵ ਕੀਤਾ ਕਿ ਇਹਨਾਂ ਲੋਕਾਂ ਦੀ ਮਦਦ ਲਈ ਅੱਗੇ ਆਉਣਾ ਵੀ ਇੱਕ ਮਿਸ਼ਨ ਹੈ ਤੇ ਇਹ ਮਿਸ਼ਨ ਪ੍ਰਸਿਧ ਖੋਜਕਾਰ ਬਣਨ ਨਾਲੋਂ ਜਾਂ ਡਾਕਟਰੀ ਵਿਗਿਆਨ ਵਿੱਚ ਵੱਡਾ ਯੋਗਦਾਨ ਪਾਉਣ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਮਹੱਤਵਪੂਰਨ ਨਹੀਂ।

## ਨਸ਼ਤਰਾਂ

ਝੂਠੇ ਪਰਚੇ ਦਰਜ ਕਰਾਉਂਦੀ
ਮਿੱਤਰਾਂ ਦੀ ਖੰਡ ਮਿਸ਼ਰੀ।

***

ਵਰਦੀ ਉੱਤੇ ਪਲਸਤਰ ਕੀਤਾ
ਵੇ ਥਾਣੇਦਾਰਾ ਬਾਂਹ ਟੁੱਟ ਗਈ।

***

ਕਾਲੀ ਥਾਰ ਚਿੱਟੇ ਦਾ ਧੰਦਾ ਕਰਦੀ
ਨੰਗਾ ਚਿੱਟਾ ਹੋ ਗਿਆ ਮਹਿਕਮਾ।

***

ਲੋਕਾਂ ਘੇਰ ਲਈ ਸਿੱਖਿਆ ਕ੍ਰਾਂਤੀ
ਸੁਆਲਾਂ ਮੂਹਰੇ ਭੱਜੀ ਫਿਰਦੀ।



**ਜਗਸੀਰ ਜੀਦਾ**
(94173-33203)

# ਪੈਰੀਆਰ ਦੀ ਵਿਰਾਸਤ



- ਕੁਲਜੀਤ ਡੰਗਰ ਖੇੜਾ

ਹਮੇਸ਼ਾਂ ਸਿਖਦੇ ਰਹਿਣ ਦੀ ਤਾਂਘ ਮਨੁੱਖ ਨੂੰ ਦੂਰ-ਦੁਰਾਡੇ ਸਫ਼ਰ ਦਾ ਰਾਹੀ ਬਣਨ ਲਈ ਪ੍ਰੇਰਦੀ ਰਹਿੰਦੀ ਹੈ। ਦੁਨੀਆਂ ਦੇ ਜਿਹੜੇ ਮਹਾਨ ਲੋਕਾਂ ਨੇ ਕੁੱਝ ਨਵਾਂ ਜਾਣਨ ਲਈ ਲੰਮੇ ਪੈਂਡੇ ਸਰ ਕੀਤੇ, ਉਹ ਦੂਜਿਆਂ ਲਈ ਗਿਆਨ ਦਾ ਸੋਮਾ ਬਣੇ। ਸੁਕਰਾਤ, ਫਾਹਯਾਨ, ਹਿਊਨਸਾਂਗ, ਚਾਰਲਸ ਡਾਰਵਿਨ ਵਰਗੇ ਘਰੋਂ ਦੁਨੀਆਂ ਵੇਖਣ ਨਿਕਲੇ। ਉਹਨਾਂ ਜੋ ਕੁੱਝ ਵੇਖਿਆ ਜਾਣਿਆ ਉਸਨੂੰ ਲੋਕਾਂ ਦਾ ਰਾਹ ਰੌਸ਼ਨ ਕਰਨ ਲਈ ਲਿਖਿਆ ਜਿਹੜਾ ਹੁਣ ਇਤਿਹਾਸ ਦੇ ਪੰਨਿਆਂ 'ਤੇ ਦਰਜ ਹੈ। ਕੁੱਝ ਨਵਾਂ ਸਿੱਖਣ ਦੀ ਚਾਹਤ ਮੈਨੂੰ ਵੀ ਤਾਮਿਲਨਾਡੂ ਦੇ ਵੱਡੇ ਸ਼ਹਿਰ ਤਿਰੂਚਿਰਾਪੱਲੀ ਵਿਖੇ ਬੀਤੇ ਵਰ੍ਹੇ ਦਸੰਬਰ ਮਹੀਨੇ ਵਿੱਚ ਹੋਏ 13ਵੇਂ ਫੀਰਾ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਖਿੱਚ ਕੇ ਲੈ ਗਈ। ਅਸੀਂ ਫ਼ਾਜਲਿਕਾ ਜ਼ੋਨ ਦੇ ਤੇਰ੍ਹਾਂ ਤਰਕਸ਼ੀਲ ਸਨੇਹੀਆਂ ਨਾਲ ਸੰਮੇਲਨ ਸ਼ੁਰੂ ਹੋਣ ਤੋਂ ਦੋ ਦਿਨ ਪਹਿਲਾਂ ਉੱਥੇ ਪਹੁੰਚ ਗਏ।

**ਸੁਨਿਹਰੀ ਬੁੱਤ**

ਤਿਰੂਚਿਰਾਪੱਲੀ ਵਿੱਚ ਦੁਨੀਆਂ ਦੇ ਸਭ ਤੋਂ ਵੱਡੇ ਰੰਗਾਨਾਥਸਵਾਮੀ ਮੰਦਰ ਜਾਣ ਦਾ ਸਬੱਬ ਬਣਿਆ। ਉੱਥੇ ਜਾਣ ਦਾ ਸਾਡਾ ਉਦੇਸ਼ ਕੋਈ ਧਾਰਮਿਕ ਯਾਤਰਾ ਕਰਨਾ ਹਰਗਿਜ਼ ਨਹੀਂ ਸੀ, ਸਗੋਂ ਉੱਥੇ ਸਦੀਆਂ ਪੁਰਾਣੀ ਇਮਾਰਤਸਾਜ਼ੀ ਕਰਨ ਵਾਲੇ ਕਲਾਕਾਰਾਂ ਨੂੰ ਸਲਾਮ ਕਰਨ ਗਏ ਸਾਂ ਜਿੰਨ੍ਹਾਂ ਬਿਨ੍ਹਾਂ ਸੀਮਿੰਟ-ਸਰੀਏ ਦੇ ਐਨੇ ਵੱਡੇ ਢਾਂਚੇ ਨੂੰ ਖ਼ੂਬਸੂਰਤ ਤਰੀਕੇ ਨਾਲ ਸਿਰਜਿਆ, ਜੋ ਦੇਸ਼-ਵਿਦੇਸ਼ਾਂ ਤੋਂ ਲੱਖਾਂ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣਿਆ ਹੈ। ਉੱਥੇ ਜਾਣ ਦਾ ਸਭ ਤੋਂ ਪ੍ਰਮੁੱਖ ਕਾਰਨ ਇਸ ਵਿਸ਼ਾਲ ਮੰਦਰ ਦੇ ਬੂਹੇ ਦੇ ਬਿਲਕੁਲ ਸਾਹਮਣੇ ਉੱਘੇ ਵਿਦਵਾਨ ਈ. ਵੀ. ਰਾਮਾਸਵਾਮੀ ਪੈਰੀਆਰ ਦੇ ਬੁੱਤ ਨੂੰ ਵੇਖਣਾ ਸੀ। ਵੱਡੀ ਧਾਰਮਿਕ ਸੰਸਥਾ ਦੇ ਸਾਮ੍ਹਣੇ ਤਰਕਸ਼ੀਲਤਾ, ਸਵੈ- ਵਿਸ਼ਵਾਸ, ਔਰਤਾਂ ਦੇ ਹੱਕਾਂ ਅਤੇ ਜਾਤ-ਪਾਤ ਦੇ ਖਾਤਮੇ ਦੇ ਉੱਚ ਕੋਟੀ ਦੇ ਸਿਧਾਤਾਂ ਨੂੰ ਪ੍ਰਚਾਰਨ ਵਾਲੇ ਦਾ ਸੁਨਹਿਰੀ ਬੁੱਤ ਹੋਣਾ ਆਪਣੇ ਆਪ ਵਿੱਚ ਮਾਣ ਮੱਤਾ ਸੀ ਜੋ ਕਿ ਅਖੌਤੀ ਧਾਰਮਿਕ ਲੋਕਾਂ ਨੂੰ ਵੱਡੇ ਸਵਾਲ ਕਰ ਰਿਹਾ ਸੀ। ਇਸ ਬੁੱਤ ਨੂੰ ਉੱਥੋਂ ਹਟਾਉਣ ਲਈ ਬਹੁਤ ਸਾਰੀਆਂ ਵਿਅਰਥ ਕੋਸ਼ਿਸ਼ਾਂ ਹੋਈਆਂ ਪਰ ਸੱਚ ਨੂੰ ਕਦੇ ਵੀ ਪਾਸੇ ਨਹੀਂ ਕੀਤਾ ਜਾ ਸਕਿਆ। ਤਾਮਿਲਨਾਡੂ ਵਿੱਚ ਰਾਮਾਸਵਾਮੀ ਪੈਰੀਆਰ ਦਾ ਬਹੁਤ ਸਤਿਕਾਰ ਹੈ ਅਤੇ ਉਸਦੀ ਵਿਚਾਰਧਾਰਾ ਨੂੰ ਮੰਨਣ ਵਾਲੇ ਲੋਕ ਵੱਡੀ ਗਿਣਤੀ ਵਿੱਚ ਹਨ। ਇੱਕ ਨਾਸਤਿਕ ਦਾ ਬੁੱਤ ਉੱਥੇ ਆਉਣ ਵਾਲੇ ਲੋਕਾਂ ਦੇ ਮਨ ਮਸਤਕ ਵਿੱਚ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੋਇਆ, ਉੱਥੇ ਅੱਜ ਵੀ ਅਡੋਲ ਖੜ੍ਹਾ ਹੈ।

**ਡਾ. ਕਲਾਮ ਨੂੰ ਸਲਾਮ :**

ਸਾਡਾ ਅਗਲਾ ਪੜਾਅ ਮਹਾਨ ਵਿਗਿਆਨੀ ਏ ਪੀ ਜੇ ਅਬਦੁਲ ਕਲਾਮ ਅਤੇ ਉੱਘੇ ਗਣਿਤਕਾਰ ਰਾਮਾਨੁਜਨ ਦਾ ਸ਼ਹਿਰ ਰਾਮੇਸ਼ਵਰਮ ਸੀ। ਭਾਰਤ ਦੀ ਮੁੱਖ ਭੂਮੀ ਤੋਂ ਅਲੱਗ ਸਮੁੰਦਰ ਵਿੱਚ ਬਣੇ ਰਸਤੇ ਰਾਹੀਂ ਇਸ ਟਾਪੂ 'ਤੇ ਪਹੁੰਚਣਾ ਸਾਡੇ ਸਾਰਿਆਂ ਲਈ ਬੜਾ ਹੀ ਰੋਮਾਂਚ ਭਰਿਆ ਸੀ। ਅਸੀਂ ਜਦੋਂ ਡਾ.ਕਲਾਮ ਦੇ ਘਰ ਪਹੁੰਚੇ ਤਾਂ ਉੱਥੇ ਉਸ ਨੂੰ ਪਿਆਰ ਕਰਨ ਵਾਲਿਆਂ ਦੀ ਵੱਡੀ ਭੀੜ ਸੀ। ਡਾ.ਕਲਾਮ ਦੇ ਜੀਵਨ ਨੂੰ ਬਿਆਨ ਕਰਦੀ ਹੋਈ ਫੋਟੋ ਗੈਲਰੀ ਤੋਂ ਪਤਾ ਲੱਗਿਆ ਕਿ ਇੱਥੇ ਪਹਿਲਾਂ ਝੋਂਪੜਨੁਮਾ ਘਰ ਸੀ ਜਿਸ ਵਿੱਚ ਕਲਾਮ ਦਾ ਗਰੀਬੀ ਭਰਿਆ ਜੀਵਨ ਬੀਤਿਆ। ਇੱਕ ਕਮਰੇ ਵਿੱਚ ਕਿਤਾਬਾਂ ਦਾ ਭੰਡਾਰ ਸੀ ਜਿੰਨ੍ਹਾਂ ਨੂੰ ਪੜ੍ਹ ਕੇ ਡਾ. ਕਲਾਮ ਮਹਾਨ ਵਿਗਿਆਨੀ ਬਣਿਆ। ਕਲਾਮ ਦਾ ਗਰੀਬੀ ਅਤੇ ਔਕੜਾਂ ਭਰਿਆ ਜੀਵਨ ਇੱਕ ਪ੍ਰੇਰਨਾ ਤੇ ਸਬਕ ਹੈ ਕਿ ਸਖ਼ਤ ਮਿਹਨਤ, ਉੱਦਮ ਤੇ ਪੱਕੇ ਇਰਾਦਿਆਂ ਨਾਲ ਮਨੁੱਖ ਕੋਈ ਵੀ ਮੁਕਾਮ ਹਾਸਲ ਕਰ ਸਕਦਾ ਹੈ। ਡਾ.ਕਲਾਮ ਗੈਲਰੀ ਦੇ ਨਾਲ ਹੀ ਲੱਗੀ ਕਿਤਾਬਾਂ ਦੀ ਸਟਾਲ 'ਤੇ ਪਾਠਕਾਂ ਦੀ ਭੀੜ ਜੁਟੀ ਹੋਈ ਵੇਖੀ। ਰਮੇਸ਼ਵਰਮ ਵਿੱਚ ਹਰੇਕ ਘਰ ਤੇ ਦੁਕਾਨ ਮੂਹਰੇ ਸਵੇਰ ਸਾਰ ਬਣਦੀ ਰੰਗੋਲੀ ਬਾਹਰੋਂ ਆਉਂਦੇ ਸੈਲਾਨੀਂ ਮਹਿਮਾਨਾਂ ਨੂੰ ਜੀ ਆਇਆਂ ਕਹਿਣ ਦਾ ਪ੍ਰਤੀਕ ਹੈ।

**ਅਨੁਸ਼ਾਸ਼ਨ ਤੇ ਚੇਤਨਾ :**

ਤਿਰੂਚਿਰਾਪੱਲੀ ਦਾ ਫੀਰਾ ਸੰਮੇਲਨ ਪੈਰੀਆਰ ਸੈਂਟੇਨਰੀ ਐਜੂਕੇਸ਼ਨਲ ਕੰਪਲੈਕਸ ਵਿੱਚ ਹੋਇਆ। ਵਿਗਿਆਨਕ ਚੇਤਨਾ ਦੇ ਪ੍ਰਚਾਰ ਪਸਾਰ ਵਿੱਚ ਜੁਟੀ ਸੰਸਥਾ ਰੈਸ਼ਨੇਲਿਸਟ ਫੋਰਮ ਤਾਮਿਲਨਾਡੂ ਵੱਲੋਂ ਦੇਸ਼ ਭਰ ਤੋਂ ਪਹੁੰਚੇ ਮੈਂਬਰਾਂ ਲਈ ਉੱਤਮ ਪ੍ਰਬੰਧ ਕੀਤੇ ਸਨ। ਸੁਆਗਤ ਲਈ ਮੁੱਖ ਗੇਟ ਤੋਂ ਸੰਮੇਲਨ

ਪੰਡਾਲ ਤੱਕ ਲਗਭਗ ਤਿੰਨ ਸੌ ਮੀਟਰ ਲੰਮੇ ਰਸਤੇ ਦੇ ਦੋਵੇਂ ਪਾਸੇ ਰੈਸ਼ਨੇਲਿਸਟ ਫੋਰਮ ਦੀਆਂ ਔਰਤ ਕਾਰਕੁੰਨ ਕਤਾਰਾਂ ਬੰਨ੍ਹੀ ਹਰੇਕ ਡੈਲੀਗੇਟ ਨੂੰ ਜੀ ਆਇਆ ਆਖ ਰਹੀਆਂ ਸਨ। ਉਨ੍ਹਾਂ ਨੇ ਦੁਨੀਆਂ ਦੇ ਮਹਾਨ ਵਿਦਵਾਨਾਂ ਦੀਆਂ ਤਸਵੀਰਾਂ ਅਤੇ ਵਿਚਾਰ ਲਿਖੇ ਬੋਰਡ ਵੀ ਫੜ੍ਹੇ ਹੋਏ ਸਨ।ਉੱਥੋਂ ਦੇ ਅਨੁਸ਼ਾਸ਼ਨ ਅਤੇ ਸੰਮੇਲਨ ਵਿੱਚ ਸ਼ਾਮਲ ਵੱਡੀ ਗਿਣਤੀ ਵਿੱਚ ਔਰਤਾਂ ਦੀ ਸ਼ਮੂਲੀਅਤ ਸੰਮੇਲਨ ਦਾ ਅਹਿਮ ਪਹਿਲੂ ਜਾਪੀ। ਸ਼ਾਇਦ ਇਹ ਰਾਮਾਸਵਾਮੀ ਪੈਰੀਆਰ ਵਰਗੇ ਵਿਦਵਾਨਾਂ ਦੇ ਵਿਚਾਰਾਂ ਦਾ ਹੀ ਪ੍ਰਭਾਵ ਹੈ ਕਿ ਪੂਰੇ ਤਾਮਿਲਨਾਡੂ ਵਿੱਚ ਬਹੁਤੇ ਕਾਰੋਬਾਰ ਔਰਤਾਂ ਹੀ ਸੰਭਾਲਦੀਆਂ ਹਨ। ਜ਼ਿਆਦਾਤਰ ਦੁਕਾਨਾਂ ਅਤੇ ਹੋਟਲਾਂ ਦੀਆਂ ਸੰਚਾਲਕ ਔਰਤਾਂ ਹੀ ਹਨ। ਔਰਤਾਂ ਨੂੰ ਮਾਣ-ਸਨਮਾਨ ਦੇਣ ਅਤੇ ਅਗਾਂਹਵਧੂ ਭੂਮਿਕਾ ਨਿਭਾਉਣ ਵਾਲ਼ੇ ਸਭਿਆਚਾਰ ਤੋਂ ਸਾਨੂੰ ਸਬਕ ਲੈਣ ਦੀ ਲੋੜ ਹੈ

**ਮਾਂ ਬੋਲੀ ਦਾ ਮਾਣ :**

ਸੰਮੇਲਨ ਸਥਾਨ ਤੋਂ ਆਪਣੇ ਹੋਟਲ ਵਿੱਚ ਪਹੁੰਚਣ ਲਈ ਰਾਤ ਦੇ ਸਾਢੇ ਦਸ ਵਜੇ ਲੋਕਲ ਬੱਸ ਫੜ੍ਹੀ। ਬੱਸ ਵਿੱਚ ਇੱਕ ਲੜਕੀ ਬੱਸ ਦੀ ਹਰੇਕ ਸਵਾਰੀ ਨਾਲ਼ ਗੱਲਬਾਤ ਕਰ ਰਹੀ ਸੀ। ਉਸ ਨਾਲ਼ ਗੱਲਬਾਤ ਕਰਨ 'ਤੇ ਪਤਾ ਲੱਗਿਆ ਕਿ ਦੀਪ ਸ਼ੀਖਾ ਨਾਮ ਦੀ ਉਹ ਲੜਕੀ ਸਮਾਜ ਸ਼ਾਸਤਰ ਦੇ ਵਿਸ਼ੇ ਵਿੱਚ ਪੀ.ਐਚ.ਡੀ ਕਰ ਰਹੀ ਸੀ। ਆਪਣੇ ਖੋਜ ਕਾਰਜ ਲਈ ਉਹ ਲੋਕਾਂ ਤੋਂ ਅੰਕੜੇ ਇਕੱਠੇ ਕਰ ਰਹੀ ਸੀ। ਉਹ ਸਾਡੇ ਨਾਲ਼ ਵੀ ਤਾਮਿਲ ਵਿੱਚ ਗੱਲਬਾਤ ਕਰ ਰਹੀ ਸੀ। ਪੁੱਛਣ 'ਤੇ ਉਸ ਨੇ ਅੰਗਰੇਜ਼ੀ ਵਿੱਚ ਦੱਸਿਆ ਕਿ ਉਹ ਸੱਤ ਭਾਸ਼ਾਵਾਂ ਬੋਲ ਲੈਂਦੀ ਹੈ। ਫਿਰ ਉਸਨੇ ਹਿੰਦੀ ਬੋਲਦੇ ਹੋਏ ਦੱਸਿਆ ਕਿ ਉਹ ਹਿੰਦੀ ਬੋਲ ਤਾਂ ਲੈਂਦੀ ਹੈ ਪਰ ਅਸੀਂ ਲੋਕ ਹਿੰਦੀ ਬੋਲਣਾ ਪਸੰਦ ਨਹੀਂ ਕਰਦੇ। ਅਸੀਂ ਆਪਣੀ ਮਾਂ ਬੋਲੀ ਨੂੰ ਬੇਹੱਦ ਪਿਆਰ ਕਰਦੇ ਹਾਂ। ਸਾਨੂੰ ਸਮਝ ਆਇਆ ਕਿ ਅਸੀਂ ਪੂਰੇ ਤਾਮਿਲਨਾਡੂ ਵਿੱਚ ਕੋਈ ਵੀ ਸਾਇਨ ਬੋਰਡ ਹਿੰਦੀ ਵਿੱਚ ਲਿਖਿਆ ਨਹੀਂ ਦੇਖਿਆ। ਹਰੇਕ ਦੁਕਾਨ, ਬੱਸ, ਟੈਕਸੀ, ਸੰਸਥਾ ਆਦਿ ਉੱਪਰ ਸਿਰਫ਼ ਤਾਮਿਲ ਹੀ ਤਾਮਿਲ। ਸਾਨੂੰ ਵੀ ਉਹਨਾਂ ਤੋਂ ਆਪਣੀ ਮਾਂ-ਬੋਲੀ ਨੂੰ ਸੰਭਾਲਣ ਅਤੇ ਹਰ ਥਾਂ 'ਤੇ ਵਰਤਣ ਦਾ ਸਬਕ ਲੈਣਾ ਚਾਹੀਦਾ ਹੈ।

**ਸਿਹਤ ਸੁਰੱਖਿਆ :**

ਤਿਰੂਚਿਰਾਪੱਲੀ ਸ਼ਹਿਰ ਵਿੱਚ ਬਹੁਤ ਹੀ ਘੱਟ ਮੈਡੀਕਲ ਸਟੋਰ ਅਤੇ ਹਸਪਤਾਲ ਸਨ। ਇਹ ਲੋਕਾਂ ਦੇ ਤੰਦਰੁਸਤ ਜੀਵਨ ਦੀ ਮਿਸਾਲ ਸੀ। ਉੱਥੇ ਦੇ ਲੋਕਾਂ ਦੀ ਤੰਦਰੁਸਤੀ ਬਾਰੇ ਖੋਜਣ 'ਤੇ ਪਤਾ ਲੱਗਾ ਕਿ ਉਨ੍ਹਾਂ ਦੀ ਤੰਦਰੁਸਤੀ ਦਾ ਰਾਜ਼ ਮਿਹਨਤੀ ਸੁਭਾਅ, ਤੇ ਹਰਿਆ ਭਰਿਆ ਵਾਤਾਵਰਨ ਹੈ। ਲੋਕ ਏਨੇ ਸਫ਼ਾਈ ਪਸੰਦ ਹਨ ਕਿ ਸਾਨੂੰ ਕਿਤੇ ਵੀ ਕੂੜੇ ਦੇ ਢੇਰ ਨਹੀਂ ਦਿਸਿਆ। ਬਿਲਕੁਲ ਸਾਫ਼ ਸੁਥਰੀਆਂ ਸੜਕਾਂ, ਸਧਾਰਨ ਖਾਣਾ-ਪੀਣਾ, ਕਿਤੇ ਵੀ ਫਾਸਟ ਫੂਡ ਦੀ ਦੁਕਾਨ ਨਹੀ। ਨਾ ਹੀ ਸਾਨੂੰ ਕੋਈ ਵੀ ਨਸ਼ੇੜੀ ਵਿਅਕਤੀ ਮਿਲਿਆ। ਸਾਡੇ ਵਿੱਚੋਂ ਇੱਕ ਸਾਥੀ ਨੇ ਇੰਟਰਨੈੱਟ 'ਤੇ ਉੱਥੋਂ ਦੀ ਹਵਾ ਦੀ ਗੁਣਵਤਾ ਦਾ ਅੰਕ ਦੇਖਿਆ ਤਾਂ ਉਹ ਸਿਰਫ਼ ਅਠਾਰਾਂ ਸੀ ਜਦੋਂ ਕਿ ਉਸੇ ਸਮੇਂ ਪੰਜਾਬ ਦੀ ਹਵਾ ਦਾ ਗੁਣਵਤਾ ਅੰਕ 256 ਸੀ ਜੋ ਕਿ ਸਾਹ ਲੈਣ ਲਈ ਬਹੁਤ ਹੀ ਖਤਰਨਾਕ ਹੈ। ਸਾਨੂੰ ਉਹਨਾਂ ਤੋਂ ਆਪਣੇ ਵਾਤਾਵਰਨ ਨੂੰ ਸੰਭਾਲਣ ਅਤੇ ਸਾਫ਼ ਸੁਥਰਾ ਰੱਖਣ ਦਾ ਸਬਕ ਲੈਣਾ ਚਾਹੀਦਾ ਹੈ।

**ਬੁੱਧੀਮਾਨ ਕਦਰਦਾਨ :**

ਤਾਮਿਲਨਾਡੂ ਦੇ ਲੋਕ ਆਪਣੇ ਲੇਖਕਾਂ ਅਤੇ ਬੁੱਧੀਜੀਵੀਆਂ ਨੂੰ ਬੇਅੰਤ ਪਿਆਰ ਕਰਦੇ ਹਨ, ਇਸ ਗੱਲ ਦੀ ਸਮਝ ਸਾਨੂੰ ਕੰਨਿਆਕੁਮਾਰੀ ਵਿਖੇ ਪਹੁੰਚਣ 'ਤੇ ਲੱਗੀ। ਉੱਥੋਂ ਦੇ ਮੁੱਖ ਮੰਤਰੀ ਸਬੱਬ ਨਾਲ਼ ਉਸੇ ਦਿਨ ਹੀ ਬੰਗਾਲ ਦੀ ਖਾੜੀ ਅਤੇ ਅਰਬ ਸਾਗਰ ਦੇ ਮੇਲ਼ ਵਾਲ਼ੇ ਭਾਰਤ ਦੇ ਸਭ ਤੋਂ ਹੇਠਲੇ ਬਿੰਦੂ 'ਤੇ ਸਮੁੰਦਰ ਵਿਚਲੀ ਇੱਕ ਵੱਡੀ ਚਟਾਨ ਉੱਪਰ ਨਵੇਂ ਬਣਾਏ ਵਾਲੂਵਰ ਦੇ ਇੱਕ ਸੌ ਤੇਤੀ ਫੁੱਟ ਉੱਚੇ ਬੁੱਤ ਜਿਸਨੂੰ **ਸਿਆਣਪ ਦਾ ਬੁੱਤ** ਦਾ ਨਾਂ ਦਿੱਤਾ ਗਿਆ ਹੈ, ਦਾ ਉਦਘਾਟਨ ਕਰਨ ਆਏ ਹੋਏ ਸਨ। ਪਤਾ ਲੱਗਾ ਕਿ ਵਾਲੂਵਰ ਜੀ ਤਾਮਿਲ ਭਾਸ਼ਾ ਦੇ ਉੱਘੇ ਕਵੀ ਅਤੇ ਫਿਲਾਸਫ਼ਰ ਸਨ। ਇੱਕ ਲੇਖਕ ਨੂੰ ਏਨਾ ਵੱਡਾ ਮਾਣ ਆਪਣੇ-ਆਪ ਵਿੱਚ ਇੱਕ ਮਿਸਾਲ ਜਾਪਿਆ।

ਬੁੱਧੀਮਾਨਾਂ ਦੇ ਸ਼ਹਿਰ ਵਿੱਚ ਪੈਰੀਅਰ ਦੇ ਸੁਨਿਹਰੀ ਬੁੱਤ ਦੇ ਹੇਠਾਂ ਅੰਗਰੇਜ਼ੀ ਅਤੇ ਤਾਮਿਲ ਵਿੱਚ ਲਿਖੇ ਉਹਨਾਂ ਦੇ ਵਿਚਾਰ **ਰੱਬ ਨੂੰ ਭੁੱਲ ਜਾਓ -ਮਨੁੱਖ ਬਾਰੇ ਸੋਚੋ, ਰੱਬ ਨਹੀਂ ਹੈ, ਰੱਬ ਨਹੀਂ ਹੈ, ਰੱਬ ਬਿਲਕੁਲ ਨਹੀਂ ਹੈ। ਸ਼ਰਧਾ ਕੁੱਝ ਵੀ ਨਹੀਂ ਹੈ, ਇਹ ਵਿਅਕਤੀ ਦੀ ਨਿੱਜੀ ਸੰਪੱਤੀ ਹੈ ਪਰ ਨੈਤਿਕਤਾ ਜਨਤਕ ਸੰਪਤੀ ਹੈ। ਜੇ ਅਸੀਂ ਸ਼ਰਧਾ ਨਹੀਂ ਰਖਦੇ ਤਾਂ ਸਾਡਾ ਕੁੱਝ ਵੀ ਨਹੀਂ ਗਵਾਚਿਆ ਪਰ ਜੇ ਨੈਤਿਕਤਾ ਖ਼ਤਮ ਹੋ ਗਈ ਤਾਂ ਸਭ ਕੁੱਝ ਗਵਾਚ ਗਿਆ** ਮਨ ਮਸਤਕ ਨੂੰ ਰੁਸ਼ਨਾ ਗਏ।

ਸਚਮੁੱਚ ਪੈਰੀਆਰ ਦੀ ਧਰਤੀ ਵਿਗਿਆਨਕ ਚੇਤਨਾ ਲਈ ਇਕ ਪ੍ਰੇਰਨਾ, ਸਬਕ ਤੇ ਉਤਸ਼ਾਹ ਦਾ ਸੋਮਾ ਹੈ।

**97819 25566**

# ਅੰਧਵਿਸ਼ਵਾਸੀ ਧਾਰਮਿਕਤਾ ਦੀ ਰਾਜਨੀਤੀ ਦੇਸ਼ ਦਾ ਬੇੜਾ ਡੋਬੇਗੀ

**- ਜਸਵੰਤ ਜ਼ੀਰਖ**

ਜਦੋਂ ਦੇਸ਼ ਦੀ ਰਾਜ ਕਰਤਾ ਸ਼੍ਰੇਣੀ ਦੇ ਰਾਜਨੀਤੀਵਾਨ ਦੇਸ਼ ਦੇ ਲੋਕਾਂ ਦੀ ਕਿਸਮਤ ਨੂੰ ਤੀਰਥ ਇਸ਼ਨਾਨਾਂ, ਧਾਰਮਿਕ ਅਸਥਾਨਾਂ ਦੀ ਯਾਤਰਾ, ਸਾਧੂਆਂ-ਸੰਤਾਂ ਦੇ ਅੰਧਵਿਸ਼ਵਾਸੀ ਪ੍ਰਵਚਨਾਂ, ਪੂਜਾ-ਪਾਠਾਂ ਆਦਿ ਰਾਹੀਂ ਬਦਲਣ ਨੂੰ ਮਾਨਤਾ ਦੇਣ ਲੱਗ ਜਾਣ, ਜਗੀਰੂ ਤੇ ਪੂੰਜੀਪਤੀ ਹਿਤਾਂ ਨੂੰ ਮਹੱਤਤਾ ਦੇਣ ਲੱਗ ਜਾਣ, ਤਾਂ ਸਮਝ ਲਓ ਕਿ ਉਹ ਦੇਸ਼ ਦੀ ਬਰਬਾਦੀ ਦੇ ਰਾਹ ਚੱਲ ਪਏ ਹਨ। ਸਾਡੇ ਦੇਸ਼ ਨੂੰ ਅੱਜ ਕੱਲ੍ਹ ਇਸੇ ਰਸਤੇ 'ਤੇ ਹੀ ਚਲਾਇਆ ਜਾ ਰਿਹਾ ਹੈ।

ਸਾਨੂੰ ਇਹ ਸਪਸ਼ਟ ਹੋਣਾ ਚਾਹੀਦਾ ਹੈ ਕਿ ਲੋਕ ਹੀ ਦੇਸ਼ ਹੁੰਦੇ ਹਨ, ਨਾ ਕਿ ਕੁੱਝ ਕੁ ਸਰਮਾਏਦਾਰ ਜਾਂ ਵੱਡੀਆਂ ਜਗੀਰਾਂ ਵਾਲੇ ਉਹ 'ਮਹਾਨ ਘਰਾਣੇ', ਜਿਨ੍ਹਾਂ ਦੇ ਕਾਰੋਬਾਰ ਦੇਸ਼ ਦੀ ਲੁੱਟ ਨਾਲ ਚਲਦੇ ਹੋਣ। ਜਿਸ ਦੇਸ਼ ਦੀ ਰਾਜਨੀਤੀ ਵਿੱਚ ਲੋਕਾਂ ਨੂੰ ਸਿਰਫ ਵੋਟ ਪਾਉਣ ਤੱਕ ਸੀਮਤ ਕਰਕੇ, ਉਹਨਾਂ ਦੀ ਕਿਰਤ ਕੁੱਝ ਕੁ ਧਨਾਡਾਂ ਨੂੰ ਹੋਰ ਧਨਾਡ ਬਣਾਉਣ ਵਿੱਚ ਲਗਾ ਕੇ ਆਮ ਲੋਕਾਂ ਨੂੰ ਆਪਣੀ ਜ਼ਿੰਦਗੀ ਸੁਧਾਰਨ ਲਈ, ਉਪਰੋਕਤ ਅੰਧਵਿਸ਼ਵਾਸੀ ਕਰਮਾਂ ਕਾਂਡਾਂ ਵੱਲ ਧੱਕਿਆ ਜਾਂਦਾ ਹੋਵੇ, ਤਾਂ ਅੰਤ ਉਸ ਦੇਸ਼ ਦਾ ਕੀ ਬਣੇਗਾ? ਜਦੋਂ ਲੋਕਾਂ ਨੂੰ ਆਪਣੀ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਲਈ ਬਣਦੇ ਹੱਕ ਮੰਗਣ ਦਾ ਅਧਿਕਾਰ ਵੀ ਖੋਹਿਆ ਜਾ ਰਿਹਾ ਹੋਵੇ, ਪਰ ਤੀਰਥ ਯਾਤਰਾ ਕਰਵਾਉਣ ਲਈ ਕਰੋੜਾਂ ਖਰਚ ਦਿੱਤੇ ਜਾਣ, ਤਾਂ ਇਹ ਰਸਤਾ ਦੇਸ਼ ਨੂੰ ਕਿਹੜੇ ਵਿਕਾਸ ਵੱਲ ਲੈ ਕੇ ਜਾਵੇਗਾ? ਅਜਿਹੇ ਰਾਜ ਪ੍ਰਬੰਧ ਨੂੰ ਚਲਾਉਣ ਲਈ ਰਾਜਨੀਤੀਵਾਨਾਂ ਨਾਲ ਭਾਈਵਾਲ ਬਣਕੇ, ਲੋਕਾਂ ਨੂੰ ਮੂਰਖ ਬਣਾਉਣ ਵਾਲੇ ਭਾਂਤ ਭਾਂਤ ਦੇ 'ਮਹਾਰਾਜਾਂ' ਦੀ ਵੱਖਰੀ ਸਲਤਨਤ ਹੈ। ਇਹਨਾਂ ਵਿੱਚ ਚਿੱਟ ਕਪੜੀਏ ਬਾਬੇ, ਡੇਰੇਦਾਰ ਮਹਾਂਪੁਰਸ਼, ਨਾਗੇ ਸਾਧੂਆਂ ਸਮੇਤ ਹੋਰ ਵੀ ਅਨੇਕਾਂ ਵੰਨਗੀਆਂ ਸ਼ਾਮਲ ਹਨ। ਜਦੋਂ ਸਰਕਾਰ ਨਵੀਂ ਬਣਾਈ ਪਾਰਲੀਮੈਂਟ ਦਾ ਉਦਘਾਟਨ ਕਰਨ ਵੇਲੇ ਅਜਿਹੇ ਸਾਧੂਆਂ, ਜੋ ਦੇਸ਼ ਦੇ ਕਿਰਤੀ ਲੋਕਾਂ ਰਾਹੀਂ ਪੈਦਾ ਕੀਤੇ ਅਨਾਜ ਅਤੇ ਪੈਸੇ ਸਹਾਰੇ ਪਲਦੇ ਹੋਣ, ਨੂੰ ਸਰਕਾਰੀ ਸਨਮਾਨ ਦਿੱਤਾ ਜਾਂਦਾ ਹੋਵੇ ਤਾਂ ਕੀ ਇਸ ਤਰ੍ਹਾਂ ਦੇਸ਼ ਦਾ ਭਵਿੱਖ ਰੌਸ਼ਨ ਹੋ ਸਕਦਾ ਹੈ ? ਦੇਸ਼ ਵਿੱਚ ਜਿੱਥੇ ਕਿਰਤੀ ਲੋਕ ਗਰੀਬੀ, ਬੇਰੋਜ਼ਗਾਰੀ, ਭੁੱਖਮਰੀ, ਭ੍ਰਿਸ਼ਟਾਚਾਰ ਵਰਗੀਆਂ ਵੱਡੀਆਂ ਅਲਾਮਤਾਂ ਕਾਰਣ ਜ਼ਿੰਦਗੀ ਜਿਉਣ ਦੀ ਬਜਾਏ, ਸਿਰਫ ਜੂਨੀ ਹੰਢਾਅ ਰਹੇ ਹੋਣ, ਉੱਥੇ ਉਹਨਾਂ ਨੂੰ ਚੰਗੀ ਸਿੱਖਿਆ ਦੇ ਕੇ ਜ਼ਿੰਦਗੀ ਦੇ ਸਹੀ ਮਾਅਨੇ ਸਮਝਾਉਣ ਦੀ ਲੋੜ ਹੁੰਦੀ ਹੈ ਨਾ ਕਿ ਅੰਧਵਿਸ਼ਵਾਸੀ ਅਡੰਬਰਾਂ ਵੱਲ ਤੋਰਨ ਦੀ। ਪਰ ਸਾਡੇ ਮੁਲਕ ਵਿੱਚ ਇਹਨਾਂ ਅਲਾਮਤਾਂ ਤੋਂ ਛੁਟਕਾਰਾ ਪਾਉਣ ਲਈ ਚੰਗੀ ਸਿੱਖਿਆ ਦੇਣ ਦੀ ਥਾਂ, ਪਹਿਲਾਂ ਹੀ ਅੰਧਵਿਸ਼ਵਾਸਾਂ ਵਿੱਚ ਗ੍ਰਸੀ ਲੋਕਾਈ ਨੂੰ ਹੋਰ ਅੰਧੇਰੇ ਵੱਲ ਧਕੇਲ ਕੇ, ਇਸ ਨੂੰ ਮੁਕਤੀ ਪ੍ਰਾਪਤੀ ਦੇ ਨਾਂ ਨਾਲ ਵਡਿਆਇਆ ਜਾ ਰਿਹਾ ਹੈ। ਸਰਕਾਰੀ ਤੌਰ 'ਤੇ ਤੀਰਥ ਅਸਥਾਨਾਂ ਦੀ ਮੁਫਤ ਯਾਤਰਾ ਜਿੱਥੇ ਸੰਵਿਧਾਨ ਵਿਰੋਧੀ ਹੈ, ਉੱਥੇ ਕਰੋੜਾਂ ਰੁਪਏ ਦੀ ਬਰਬਾਦੀ ਵੀ ਹੈ। ਇਸ ਅੰਧੇਰੇ ਵਿੱਚ ਪਹੁੰਚ ਕੇ ਜਦੋਂ ਦੇਸ਼ ਦੀ ਜਨਤਾ ਨੰਗੇ-ਧੜੰਗੇ, ਰੰਗ-ਬਰੰਗੇ ਸਾਧੂਆਂ ਦੇ ਦਰਸ਼ਨ ਕਰਨ ਅਤੇ ਇਸ਼ਨਾਨ ਕਰਨ ਨੂੰ ਹੀ ਆਪਣੀ ਜ਼ਿੰਦਗੀ ਸਫਲ ਹੋਈ ਸਮਝਣ ਲੱਗ ਪਏ, ਤਾਂ ਰਾਜ-ਕਰਤਾ ਸ਼੍ਰੇਣੀ ਆਪਣੇ ਰਾਜ ਦੀ ਉਮਰ ਹੋਰ ਲੰਮੀ ਕਰਨ ਵਿੱਚ ਸਮਰੱਥ ਬਣਦੀ ਹੋਈ ਅੱਗੇ ਵਧਦੀ ਹੈ।

'ਮਹਾਂ-ਕੁੰਭ' ਦੀ ਮਹਿਮਾ ਸਰਕਾਰੀ ਤੌਰ 'ਤੇ ਇਸ ਤਰ੍ਹਾਂ ਕੀਤੀ ਜਾਂਦੀ ਰਹੀ ਹੈ, ਜਿਵੇਂ ਇੱਥੇ ਪਹੁੰਚ ਕੇ ਮਨੁੱਖ ਦੇ ਸਭ ਦੁੱਖ ਦਲਿੱਦਰ ਦੂਰ ਹੋ ਜਾਣਗੇ। ਇੱਕ ਬਗੇਸਵਰ ਵਾਲੇ ਬਾਬੇ ਦੇ ਨਾਂ ਨਾਲ ਜਾਣੇ ਜਾਂਦੇ 'ਨੌਜਵਾਨ ਬਾਬੇ' ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਜਿਹੜਾ ਦੇਸ਼ ਵਾਸੀ ਇਸ ਮਹਾਂ-ਕੁੰਭ ਸਮੇਂ ਇੱਥੇ ਇਸ਼ਨਾਨ ਨਹੀਂ ਕਰੇਗਾ ਉਹ ਦੇਸ਼ ਧਰੋਹੀ ਹੈ। ਧਰਮ ਦੇ ਨਾਂ 'ਤੇ ਤੀਰਥ ਇਸ਼ਨਾਨ ਦੀ ਆਸਥਾ ਨੂੰ ਹਿੰਦੂਤਵੀ ਏਜੰਡੇ ਲਈ ਵਰਤਣ ਲਈ ਸਰਕਾਰੀ ਖ਼ਜ਼ਾਨੇ 'ਚੋਂ ਅਰਬਾਂ ਰੁਪਏ ਖਰਚੇ ਗਏ ਪਰ ਆਮ ਲੋਕਾਂ ਲਈ ਇਥੇ ਢੁਕਵੇਂ ਪ੍ਰਬੰਧਾਂ ਦੀ ਅਣਹੋਂਦ ਕਾਰਣ ਹੋਈ ਭਗਦੜ ਦੌਰਾਨ ਸੈਂਕੜੇ ਲੋਕ ਮਾਰੇ ਗਏ ਅਤੇ ਕਿੰਨੇ ਹੀ ਜਖਮੀ ਹੋਏ। ਇਸ ਘਟਨਾ ਵਿੱਚ ਮਾਰੇ ਗਿਆਂ ਬਾਰੇ ਇਹ ਕਹਿਣਾ ਕਿ ਉਹਨਾਂ ਨੂੰ 'ਮੋਕਸ਼' ਦੀ ਪ੍ਰਾਪਤੀ ਹੋ ਗਈ ਹੈ, ਹੋਰ ਵੀ ਘਿਨਾਉਣੀ ਗੱਲ ਹੈ। ਜੇਕਰ ਇਸ ਤਰ੍ਹਾਂ ਮਰਨ ਨੂੰ ਮੋਕਸ਼ ਪ੍ਰਾਪਤ ਹੋਣਾ ਮੰਨਿਆ ਜਾਂਦਾ ਹੈ ਤਾਂ ਇਸ ਮੋਕਸ਼ ਦੇ ਨਾਂ 'ਤੇ ਲੋਕਾਂ ਨੂੰ ਪ੍ਰਵਚਨ ਸੁਣਾਉਣ ਵਾਲੇ ਖ਼ੁਦ ਇਸ ਤਰ੍ਹਾਂ ਮੋਕਸ਼ ਦੀ ਪ੍ਰਾਪਤੀ ਕਿਉਂ ਨਹੀਂ ਕਰ

ਲੈਂਦੇ? ਸਿਰਫ ਲੋਕਾਂ ਨੂੰ ਹੀ ਇਸ ਦੇ ਨਾਂ ਹੇਠ ਮੂਰਖ ਕਿਉਂ ਬਣਾਇਆ ਜਾ ਰਿਹਾ ਹੈ? ਜਿਹੜੇ ਵੀ.ਆਈ.ਪੀ. ਅਤੇ ਸਾਧਾਂ ਦੇ ਅਖਾੜਿਆਂ ਨੂੰ ਸ਼ਾਹੀ ਇਸ਼ਨਾਨ ਕਰਵਾਉਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਂਦੇ ਹਨ, ਉਹ ਇਸ ਢੰਗ ਨਾਲ ਮੋਕਸ਼ ਦੀ ਪ੍ਰਾਪਤੀ ਕਿਉਂ ਨਹੀਂ ਕਰ ਲੈਂਦੇ ? ਇਹ ਹਰ ਵਿਅਕਤੀ ਲਈ ਗਹਿਰਾਈ ਨਾਲ ਸੋਚਣ ਦੇ ਸਵਾਲ ਹਨ। ਇਸੇ ਤਰ੍ਹਾਂ ਦਿੱਲੀ ਰੇਲਵੇ ਸਟੇਸ਼ਨ ਵਿਖੇ ਸ਼ਰਧਾਲੂਆਂ ਦੇ ਇਕੱਠੇ ਹੋਣ ਕਾਰਣ ਹੋਈ ਹਫੜਾ ਦਫੜੀ ਦੌਰਾਨ ਮਾਰੇ ਗਏ ਲੋਕਾਂ ਨੂੰ 10 ਲੱਖ ਪ੍ਰਤੀ ਬੰਦਾ ਅਤੇ ਹਸਪਤਾਲ ਵਿੱਚ ਇਲਾਜ ਲਈ 2 ਲੱਖ ਦੇਣ ਦੇ ਸਰਕਾਰੀ ਐਲਾਨ ਕੀਤੇ ਗਏ। ਇਹ ਸਾਰਾ ਪੈਸਾ ਕਿਰਤ ਕਮਾਈ ਕਰਨ ਵਾਲੇ ਲੋਕਾਂ ਵੱਲੋਂ ਸਰਕਾਰੀ ਟੈਕਸ ਦੇ ਕੇ ਭਰੇ ਖ਼ਜ਼ਾਨੇ ਦਾ ਹਿੱਸਾ ਹੈ ਜੋ ਉਹਨਾਂ ਦੀ ਜ਼ਿੰਦਗੀ ਬੇਹਤਰ ਬਣਾਉਣ ਲਈ ਖਰਚਣ ਦੀ ਥਾਂ ਅੰਧਵਿਸ਼ਵਾਸ ਫੈਲਾਉਣ ਵਾਲੇ ਕੰਮਾਂ ਲਈ ਵਰਤਿਆ ਜਾ ਰਿਹਾ ਹੈ। ਸਮਾਜ ਵਿੱਚ ਵਾਪਰੀ ਜਿਹੜੀ ਆਫਤ ਸਰਕਾਰਾਂ ਅਤੇ 'ਮਹਾਂਪੁਰਸ਼ਾਂ' ਦੀ ਨਲਾਇਕੀ ਦਾ ਸਿੱਟਾ ਹੋਵੇ , ਉਸ ਰਾਹੀਂ ਹੋਏ ਨੁਕਸਾਨ ਦੇ ਭੁਗਤਾਨ ਲਈ ਸਰਕਾਰੀ ਮੰਤਰੀ,ਸੰਤਰੀ, ਪ੍ਰਧਾਨ ਮੰਤਰੀ ਅਤੇ ਹੋਰ ਅਫ਼ਸਰਸਾਹੀ ਸਮੇਤ ਇਹ 'ਮਹਾਂਪੁਰਸ਼' ਅਖਵਾਉਣ ਵਾਲੇ ਜ਼ੁੰਮੇਵਾਰ ਹਨ। ਇਸ ਲਈ ਇਹਨਾਂ ਰਾਹੀਂ ਫੈਲਾਏ ਅੰਧਵਿਸ਼ਵਾਸਾਂ ਕਾਰਣ ਹੋਏ ਨੁਕਸਾਨ ਦੀ ਭਰਪਾਈ ਸਰਕਾਰੀ ਖ਼ਜ਼ਾਨੇ 'ਚੋਂ ਕਰਨ ਦੀ ਬਜਾਏ ਇਹਨਾਂ ਦੀ ਨਿੱਜੀ ਸੰਪਤੀ ਵਿੱਚੋਂ ਕਰਨੀ ਬਣਦੀ ਹੈ। ਕਿਉਂਕਿ ਜੇਕਰ ਨਸ਼ਾ ਤਸਕਰਾਂ ਨੂੰ ਸਮਾਜ ਵਿੱਚ ਨੌਜਵਾਨਾਂ ਨੂੰ ਨਸ਼ੇ 'ਤੇ ਲਾਉਣ ਦੇ ਜ਼ੁੰਮੇਵਾਰੀ ਸਮਝਕੇ, ਇਸ ਕਾਰਣ ਹੋਈਆਂ ਮੌਤਾਂ ਬਦਲੇ ਉਹਨਾਂ ਦੀਆਂ ਸੰਪਤੀਆਂ ਕੁਰਕ ਕੀਤੀਆਂ ਜਾਂ ਢਾਹੀਆਂ ਜਾ ਸਕਦੀਆਂ ਹਨ ਤਾਂ ਜਿਹੜੀਆਂ ਆਫ਼ਤਾਂ ਲਈ ਸਰਕਾਰਾਂ ਅਤੇ ਉਹਨਾਂ ਦੀ ਛਤਰ-ਛਾਇਆ ਹੇਠ ਵਧ ਫੁੱਲ ਰਹੇ 'ਮਹਾਂਪੁਰਸ਼' ਸਿੱਧੇ ਤੌਰ 'ਤੇ ਜ਼ੁੰਮੇਵਾਰ ਹਨ, ਉਹਨਾਂ ਦੀਆਂ ਜਾਇਦਾਦਾਂ ਜ਼ਬਤ ਕਰਕੇ ਹੋਏ ਨੁਕਸਾਨ ਦੀਆਂ ਭਰਪਾਈਆਂ ਕਿਉਂ ਨਹੀਂ ਹੋ ਰਹੀਆਂ? ਇਹ ਇਕ ਵੱਡਾ ਸਵਾਲ ਹੈ ਜਿਸ ਬਾਰੇ ਚਰਚਾ ਕਰਕੇ ਗਲਤ ਕਾਰਗੁਜ਼ਾਰੀ ਨੂੰ ਰੋਕਣ ਲਈ ਆਮ ਲੋਕਾਂ ਨੂੰ ਅੱਗੇ ਆਉਣਾ ਪਏਗਾ।

ਆਸਥਾ ਦੇ ਭਰਮ ਵਿੱਚ ਉਲਝੇ, ਡੁੱਬਕੀ ਲਗਾਉਣ ਵਾਲੇ ਲੋਕਾਂ ਨੇ ਇਸ ਗੱਲ ਵੱਲ ਵੀ ਕੋਈ ਧਿਆਨ ਦੇਣ ਦੀ ਲੋੜ ਨਹੀਂ ਸਮਝੀ ਕਿ ਇਹ ਪਾਣੀ ਨਹਾਉਣ ਯੋਗ ਵੀ ਹੈ ਕਿ ਨਹੀਂ? ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਰਿਪੋਰਟ ਅਨੁਸਾਰ ਤਾਂ ਇਹ ਪਾਣੀ ਨਹਾਉਣ ਯੋਗ ਹੀ ਨਹੀਂ, ਕਿਉਂਕਿ ਇਸ ਵਿੱਚ ਮਨੁੱਖੀ ਤੇ ਪਸ਼ੂ ਮਲ ਮੂਤਰ ਕਾਰਣ ਖ਼ਤਰਨਾਕ ਬੈਕਟੀਰੀਆ ਦੇ ਅੰਸ਼ ਵੱਡੀ ਮਾਤਰਾ ਵਿੱਚ ਪਾਏ ਗਏ। ਪਰ ਧਾਰਮਿਕ ਆਸਥਾ ਤਹਿਤ ਲੋਕ ਇਹ ਪਾਣੀ ਪੀਂਦੇ ਵੀ ਰਹੇ। ਸੋ ਬੇਹੱਦ ਗੰਭੀਰਤਾ ਨਾਲ ਸੋਚਣਾ ਬਣਦਾ ਹੈ ਕਿ ਅਜਿਹੀ ਤਰਕਹੀਣ ਆਸਥਾ ਅਤੇ ਲਾਈਲੱਗਤਾ ਬਣਾਈ ਰੱਖਣ ਲਈ ਸਾਡੇ ਦੇਸ਼ ਦਾ ਰਾਜ-ਪ੍ਰਬੰਧ ਮਨੁੱਖ ਨੂੰ ਕਿੱਧਰ ਲੈ ਕੇ ਜਾ ਰਿਹਾ ਹੈ?

ਸਾਰੇ ਰਾਜ ਨੇਤਾ ਇੱਕ ਪਾਸੇ ਤਾਂ ਹਰ ਧਰਮ ਦਾ ਸਤਿਕਾਰ ਕਰਨ ਦੀ ਗੱਲ ਕਰਦੇ ਹਨ, ਪਰ ਦੂਜੇ ਪਾਸੇ ਇਹੀ ਨੇਤਾ ਲੋਕ ਇੱਕ ਧਰਮ ਨੂੰ ਦੂਜੇ ਧਰਮ ਤੋਂ ਵੱਧ ਮਹੱਤਤਾ ਦੇ ਕੇ, ਨਫ਼ਰਤੀ ਭਾਸ਼ਾ ਵਰਤਕੇ, ਦੰਗੇ ਫਸਾਦ ਕਰਵਾਉਣ ਦੇ ਜ਼ੁੰਮੇਵਾਰ ਹੁੰਦੇ ਹਨ। ਦੇਸ਼ ਦੇ ਪ੍ਰਮੁੱਖ ਰਾਜਾਂ ਦਿੱਲੀ , ਗੁਜਰਾਤ ਅਤੇ ਹੋਰ ਵੱਡੇ ਸ਼ਹਿਰਾਂ ਵਿੱਚ ਧਰਮ ਅਧਾਰਤ ਹੋਏ ਅਣ ਮਨੁੱਖੀ ਦੰਗੇ ਫਸਾਦਾਂ ਵਰਗੇ ਵਰਤਾਰਿਆਂ ਦੇ ਜ਼ਖ਼ਮ ਅੱਜ ਤੱਕ ਵੀ ਦੇਸ਼ ਦੇ ਲੋਕ ਭੁਗਤ ਰਹੇ ਹਨ ,ਜਿਹਨਾਂ ਲਈ ਸਿੱਧੇ ਰੂਪ ਵਿੱਚ ਧਰਮਾਂ ਦੀ ਰਾਜਨੀਤੀ ਕਰਨ ਵਾਲੇ ਨੇਤਾ ਅਤੇ ਇਹਨਾਂ ਲਈ ਵੋਟ ਬੈਂਕ ਬਣੇ ਤਰ੍ਹਾਂ ਤਰ੍ਹਾਂ ਦੇ ਸਫੈਦਪੋਸ਼ ਅਤੇ ਭਗਵਾਂਧਾਰੀ ਦੋਵੇਂ ਤਰ੍ਹਾਂ ਦੇ ਡੇਰੇ ਜ਼ੁੰਮੇਵਾਰ ਹਨ। ਇਸੇ ਤਰ੍ਹਾਂ ਹੋਲੀ ਅਤੇ ਹੋਲਾ ਮਹੱਲਾ ਵਰਗੇ ਧਰਮ ਅਧਾਰਿਤ ਤਿਉਹਾਰਾਂ ਮੌਕੇ, ਦਿਸ਼ਾਹੀਣ ਹੁੱਲੜਬਾਜ਼ਾਂ ਵੱਲੋਂ ਧਰਮ ਦੇ ਨਾਂ ਹੇਠ ਕੀਤੀਆਂ ਖਰਮਸਤੀਆਂ, ਲਲਕਾਰੇ ਮਾਰਦਿਆਂ ਅਤੇ ਆਪਹੁਦਰੇਪਣ ਦਾ ਵਿਖਾਵਾ ਕਰਦੀਆਂ ਭੀੜਾਂ ਨੂੰ ਸੋਸ਼ਲ ਮੀਡੀਆ ਰਾਹੀਂ ਸਭ ਨੇ ਵੇਖਿਆ। ਕਿਵੇਂ ਉਹ ਟਰੈਕਟਰ ਟਰਾਲੀਆਂ, ਕਾਰਾਂ, ਜੀਪਾਂ 'ਤੇ ਸਵਾਰ ਹੋ ਕੇ ਧਰਮ ਦੀ 'ਮਹਿਮਾ' ਵਧਾ ਰਹੇ ਸਨ। ਇਸ ਬਾਰੇ ਸੰਜੀਦਗੀ ਨਾਲ ਆਪਣੇ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ।

ਦੂਜੇ ਪਾਸੇ ਦੇਸ਼ ਦੀ ਆਰਥਿਕਤਾ ਨੂੰ 5 ਟ੍ਰਿਲੀਅਨ ਬਣਾਉਣ ਅਤੇ ਵਿਸ਼ਵ ਗੁਰੂ ਘੋਸ਼ਤ ਕਰਨ ਦੇ ਦਮਗਜੇ ਮਾਰਕੇ ਲੋਕਾਂ ਦਾ ਝੂਠਾ ਮਨਪ੍ਰਚਾਵਾ ਕੀਤਾ ਜਾ ਰਿਹਾ ਹੈ, ਕਿਉਂਕਿ ਜਿਸ ਦੇਸ਼ ਵਿੱਚ ਆਮ ਲੋਕਾਂ ਦੀ ਅੱਧਿਓਂ ਵੱਧ ਅਬਾਦੀ ਦੋ ਡੰਗ ਦੀ ਰੋਟੀ ਤੋਂ ਵੀ ਵਿਰਵੀ ਹੋਵੇ, ਉਸ ਦੇਸ਼ ਨੂੰ ਅਜਿਹੇ ਖਿਤਾਬ ਦੇਣੇ ਕੀ ਲੋਕਾਂ ਦੇ ਅੱਖੀਂ ਘੱਟਾ ਪਾਉਣ ਦੇ ਤੁਲ ਨਹੀਂ? ਜਿਸ ਦੇਸ਼ ਵਿੱਚ ਨੌਜਵਾਨੀ ਰੋਜ਼ਗਾਰ ਦੀ ਭਾਲ ਵਿੱਚ ਆਪਣਾ ਦੇਸ਼ ਛੱਡਣ ਨੂੰ ਪਹਿਲ ਦਿੰਦੀ ਹੋਵੇ ਅਤੇ ਆਪਣੀਆਂ ਜਾਨਾਂ ਦੀ ਵੀ ਪ੍ਰਵਾਹ ਕਰੇ ਬਿਨਾਂ ਵਿਦੇਸ਼ ਪਹੁੰਚਣ ਲਈ ਬਰਬਾਦ ਹੋ ਰਹੀ ਹੋਵੇ, ਤਾਂ ਕੀ ਅਜਿਹੇ ਦੇਸ਼ ਨੂੰ ਵਿਸ਼ਵ ਗੁਰੂ ਕਹਾਉਣ ਵੱਲ ਵਿਕਾਸ ਕਰਦਾ ਕਹੋਗੇ? ਦੇਸ਼ ਦੀ ਜੁਆਨੀ ਨੂੰ

ਜਦੋਂ ਆਪਣੇ ਦੇਸ਼ ਵਿੱਚ ਆਪਣਾ ਭਵਿੱਖ ਹਨੇਰਾ ਨਜ਼ਰ ਆਣ ਲੱਗੇ ਤਾਂ ਉਹ ਭਵਿੱਖ ਨੂੰ ਉੱਜਲ ਬਣਾਉਣ ਲਈ ਕਿਸੇ ਵੀ ਜਾਇਜ਼ ਨਾਜਾਇਜ਼ ਢੰਗ ਦੁਆਰਾ ਆਪਣਾ ਦੇਸ਼ , ਮਾਂ ਬਾਪ, ਭੈਣ ਭਰਾ ਛੱਡਣ ਦਾ ਕੌੜਾ ਘੁੱਟ ਨਾ ਭਰੇ ਤਾਂ ਹੋਰ ਕੀ ਕਰੇ ? ਕੀ ਇਹ ਵਰਤਾਰੇ ਰਾਜ ਪ੍ਰਬੰਧ ਚਲਾਉਣ ਵਾਲਿਆਂ ਦੀ ਨਾਕਾਮੀ ਦਾ ਸਿੱਟਾ ਨਹੀਂ ? ਨੌਜਵਾਨੀ ਨੂੰ ਨਸ਼ਿਆਂ ਅਤੇ ਖੁਦਕਸ਼ੀਆਂ ਰਾਹੀਂ ਆਪਣੀਆਂ ਅਤੇ ਆਪਣੇ ਪਰਿਵਾਰਾਂ ਦੀਆਂ ਜ਼ਿੰਦਗੀਆਂ ਬਰਬਾਦ ਕਰਨ ਦੇ ਰਾਹ ਤੋਰਨ ਲਈ ਕੀ ਅਜਿਹਾ ਰਾਜ ਪ੍ਰਬੰਧ ਚਲਾਉਣ ਵਾਲੇ ਜ਼ੁੰਮੇਵਾਰ ਨਹੀਂ ? ਜਿਸ ਦੇਸ਼ ਦੇ ਅੱਧੋਂ ਵੱਧ (80 ਕਰੋੜ) ਲੋਕ 5 ਕਿੱਲੋ ਸਰਕਾਰੀ ਅਨਾਜ ‘ਤੇ ਗੁਜ਼ਾਰਾ ਕਰਨ ਲਈ ਮਜਬੂਰ ਹੋਣ, ਪਰ ਦੂਜੇ ਪਾਸੇ ਇਸੇ ਪ੍ਰਬੰਧ ਹੇਠ ਵੱਡੇ ਵੱਡੇ ਕਾਰਪੋਰੇਟਾਂ ਦੀ ਆਮਦਨ ਦਿਨੋ ਦਿਨ ਅਸਮਾਨ ਛੂਹਣ ਵੱਲ ਵਧ ਰਹੀ ਹੋਵੇ, ਤਾਂ ਸਪਸ਼ਟ ਹੈ ਕਿ 5 ਟ੍ਰਿਲੀਅਨ ਆਰਥਿਕਤਾ ਦੇਸ਼ ਦੀ ਨਹੀਂ , ਸਗੋਂ ਇਹਨਾਂ ਕਾਰਪੋਰੇਟਾਂ ਦੀ ਕਰਨ ਦਾ ਸਰਕਾਰੀ ਟੀਚਾ ਸਮਝਿਆ ਜਾਣਾ ਚਾਹੀਦਾ ਹੈ । ਪਰ ਦੁੱਖ ਇਸ ਗੱਲ ਦਾ ਹੈ ਕਿ ਸਾਡੀ ਜਨਤਾ ਭਾਵੇਂ ਕਾਰਪੋਰੇਟਾਂ ਦੇ ਨਾਂ ਤੋਂ ਤਾਂ ਕਿਸਾਨੀ ਮੋਰਚੇ ਰਾਹੀਂ ਜਾਣੂ ਹੋ ਗਈ ਹੈ ਪਰ ਅਜੇ ਵੀ ਪੜ੍ਹ ਲਿਖਣ ਦੇ ਬਾਵਜੂਦ ਅੰਧਵਿਸ਼ਵਾਸੀ ਆਸਥਾ ਦੇ ਪ੍ਰਭਾਵਾਂ ਹੇਠ ਅਨਪੜ੍ਹ ਬਣੀ ਹੋਈ ਹੈ, ਜਿਸ ਨੂੰ ਕੋਈ ਵੀ ਐਰਾ ਗੈਰਾ ਸਿਆਸਤਦਾਨ ਅਤੇ ਕਿਸਮਤ ਬਦਲਣ ਦੇ ਨੁਸਖ਼ੇ ਦੱਸ ਕੇ ਲੁੱਟਣ ਵਾਲੇ ਕਰਾਮਾਤੀ ਦਾਅਵੇਦਾਰ ਆਪਣੇ ਪਿੱਛੇ ਤੋਰਨ ਵਿੱਚ ਸਫਲ ਹੋ ਰਹੇ ਹਨ। ਦੇਸ਼ ਦਾ ਬੇੜਾ ਡੋਬਣ ਵੱਲ ਵਧਦੇ ਇਹਨਾਂ ਵਰਤਾਰਿਆਂ ਨੂੰ ਗੰਭੀਰਤਾ ਨਾਲ ਲੈਣ ਦੀ ਬੇਹੱਦ ਲੋੜ ਹੈ। ‘ਪਰਲੋਕ’ ਸੁਧਾਰਨ ਦੀ ਝੂਠੀ ਮਾਨਸਿਕਤਾ ਵਿੱਚ ਫਸੇ ਲੋਕਾਂ ਨੂੰ ਸਿਖਿਅਤ ਕਰਕੇ ਸਹੀ ਸੇਧ ਦੇਣ ਲਈ ਵਿਗਿਆਨਿਕ ਨਜ਼ਰੀਆ ਵਿਕਸਿਤ ਕਰਨ ਲਈ ਸੰਵਿਧਾਨ ਵਿੱਚ ਦਰਜ ਧਾਰਾ 51 ਸਰਕਾਰ ਦੀ ਜ਼ੁੰਮੇਵਾਰੀ ਤਹਿ ਕਰਦੀ ਹੈ। ਪਰ ਸਰਕਾਰ ਵੱਲੋਂ ਇਹ ਜ਼ੁੰਮੇਵਾਰੀ ਨਿਭਾਉਣ ਦੀ ਬਜਾਏ ਇਸ ਧਾਰਾ ਦੀ ਉਲੰਘਣਾ ਕਰਕੇ ਅੰਧਵਿਸ਼ਵਾਸ ਫੈਲਾਉਣ ਵਾਲਿਆਂ ਦੀ ਪਿੱਠ ਥੱਪਥਪਾਈ ਜਾ ਰਹੀ ਹੈ। ਇਸ ਲਈ ਦੇਸ਼ ਪ੍ਰਤੀ ਸੰਜੀਦਗੀ ਨਾਲ ਵਿਚਾਰਨ ਵਾਲੇ ਲੋਕਾਂ ਨੂੰ ਅੱਗੇ ਆ ਕੇ ਹਰ ਤਰ੍ਹਾਂ ਦੀ ਗੈਰ-ਵਿਗਿਆਨਿਕ ਆਸਥਾ ਦਾ ਖੰਡਨ ਕਰਨ ਲਈ ਜੱਥੇਬੰਦਕ ਕਦਮ ਚੁੱਕਣ ਦੀ ਬਹੁਤ ਜ਼ਰੂਰੀ ਲੋੜ ਹੈ। ਸੋ ਦੇਸ਼ ਦਾ ਬੇੜਾ ਡੁੱਬ ਜਾਣ ਤੋਂ ਰੋਕਣ ਲਈ ਹਰ ਦੇਸ਼ ਵਾਸੀ ਨੂੰ ਧਰਮਾਂ ਦੇ ਅੰਧਵਿਸ਼ਵਾਸੀ ਵਰਤਾਰਿਆਂ ਵਿੱਚੋਂ ਬਾਹਰ ਆ ਕੇ ਸਹੀ ਵਿਗਿਆਨਿਕ ਵਿਚਾਰਧਾਰਾ ਅਪਨਾਉਣੀ ਸਮੇਂ ਦੀ ਲੋੜ ਹੈ।

## ਆਪਣੇ ਵਿਚਾਰਾਂ ਦੇ ਬੀਜ ਬੀਜਦੇ ਜਾਓ

ਤੁਸੀਂ ਦੂਸਰਿਆਂ ਨੂੰ ਆਪਣੀ ਗੱਲ ਸੁਣਨ ਲਈ ਮਜਬੂਰ ਨਹੀਂ ਕਰ ਸਕਦੇ, ਜੇ ਉਹ ਤੁਹਾਡੀ ਗੱਲ ਸੁਣਨਾ ਨਹੀਂ ਚਾਹੁੰਦੇ ਜਾਂ ਸਮਝ ਨਹੀਂ ਸਕਦੇ। ਤੁਹਾਨੂੰ ਬੀਜ ਦੀ ਤਾਕਤ ‘ਤੇ ਯਕੀਨ ਹੋਣਾ ਚਾਹੀਦਾ ਹੈ ਕਿ ਜੇ ਬੀਜ ਬੀਜੋਗੇ ਤਾਂ ਉਹ ਜਰੂਰ ਪੁੰਗਰੇਗਾ ਅਤੇ ਦਰਖਤ ਬਣੇਗਾ।

ਤੁਹਾਡੇ ਵਿਚਾਰ ਵੀ ਬੀਜ ਵਾਂਗ ਹੁੰਦੇ ਹਨ। ਜੇ ਤੁਹਾਡੇ ਕੋਲ ਚੰਗੇ ਵਿਚਾਰ ਹਨ, ਸਮਾਜ ਦੇ ਭਲੇ ਦਾ ਕੋਈ ਸੁਪਨਾ ਹੈ ਤਾਂ ਇਹ ਸੋਚੇ ਬਿਨਾਂ ਕਿ ਕੋਈ ਤੁਹਾਡੀ ਗੱਲ ਸੁਣਦਾ-ਸਮਝਦਾ ਹੈ ਜਾਂ ਨਹੀਂ, ਆਪਣੇ ਵਿਚਾਰ ਬੀਜਦੇ ਜਾਓ। ਜੇ ਉਨ੍ਹਾਂ ਵਿੱਚ ਕੋਈ ਦਮ ਹੈ ਤਾਂ ਤੁਹਾਡੇ ਵਿਚਾਰ ਇੱਕ ਦਿਨ ਜਰੂਰ ਪੁੰਗਰਨਗੇ।

ਤੁਹਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਬਹੁਗਿਣਤੀ ਲੋਕ ਅਤੀਤ ਵਿੱਚ ਜਿਉਂਦੇ ਹਨ ਜਾਂ ਅਤੀਤ ਰਾਹੀਂ ਜੀਣਾ ਚਾਹੁੰਦੇ ਹਨ। ਇਸ ਲਈ ਉਨ੍ਹਾਂ ਕੋਲ ਭਵਿੱਖ ਵਿੱਚ ਦੇਖਣ ਵਾਲੀ ਦੂਰ-ਦ੍ਰਿਸ਼ਟੀ ਨਹੀਂ ਹੁੰਦੀ।

ਇਸ ਲਈ ਦੂਰ-ਦ੍ਰਿਸ਼ਟੀ ਰੱਖਣ ਵਾਲੇ ਲੋਕਾਂ ਦੇ ਵਿਚਾਰ ਅਗਾਂਹਵਧੂ ਹੋਣ ਕਰਕੇ ਆਮ ਲੋਕਾਂ ਦੀ ਸਮਝ ਵਿੱਚ ਦੇਰ ਨਾਲ ਆਉਂਦੇ ਹਨ। ਜਿਤਨਾ ਤੁਹਾਡਾ ਵਿਜ਼ਨ ਵੱਡਾ ਹੈ, ਉਤਨਾ ਲੰਬਾ ਸਮਾਂ ਲੋਕਾਂ ਨੂੰ ਤੁਹਾਡੀ ਗੱਲ ਸਮਝਣ ਵਿੱਚ ਲੱਗੇਗਾ। ਕਈ ਮਹਾਨ ਲੋਕਾਂ ਦੇ ਵਿਚਾਰ ਸਮਝਣ ਲਈ ਸਦੀਆਂ ਲੱਗ ਜਾਂਦੀਆਂ ਹਨ। ਇਸ ਲਈ ਕਾਹਲੇ ਨਾ ਹੋਵੋ।

**ਹਰਚਰਨ ਸਿੰਘ ਪ੍ਰਹਾਰ**

---



ਰੇਸ਼ਮ ਸਿੰਘ, ਆਦਰਸ਼ ਨਗਰ, ਬਠਿੰਡਾ ਜਿਨ੍ਹਾਂ ਦੀ 59 ਸਾਲ ਦੀ ਉਮਰ ਵਿੱਚ ਮੌਤ ਹੋ ਜਾਣ ਉਪਰੰਤ ਇਕਾਈ ਬਠਿੰਡਾ ਰਾਹੀਂ ਆਦੇਸ਼ ਮੈਡੀਕਲ ਕਾਲਜ ਭੁੱਚੋ (ਬਠਿੰਡਾ) ਨੂੰ ਸਰੀਰ ਪ੍ਰਦਾਨ ਕੀਤਾ ਗਿਆ।

ਕਹਾਣੀ

# ਭੂਤਾਂ ਵਾਲੀ ਕੋਠੀ

ਸਾਡੇ ਮੁਹੱਲੇ ਵਿੱਚ ਇੱਕ ਭੂਤਾਂ ਵਾਲੀ ਕੋਠੀ ਬਹੁਤ ਮਸ਼ਹੂਰ ਸੀ। ਉਸ ਦਾ ਮਾਲਕ ਬਾਹਰਲੇ ਦੇਸ਼ ਵਿੱਚ ਰਹਿੰਦਾ ਸੀ। ਉਸ ਦੀ ਦੇਖ ਰੇਖ ਲਈ ਉਸਨੇ ਆਪਣੇ ਕਿਸੇ ਰਿਸ਼ਤੇਦਾਰ ਨੂੰ ਕਿਹਾ ਹੋਇਆ ਸੀ। ਪਰ ਉਹ ਰਿਸ਼ਤੇਦਾਰ ਵੀ ਡਰਦਾ ਕੋਠੀ ਨੂੰ ਖੋਲ੍ਹ ਕੇ ਨਹੀਂ ਸੀ ਦੇਖਦਾ। 30 ਕੁ ਸਾਲ ਦੀ ਖਾਲੀ ਪਈ ਤਾਂ ਮੈਂ ਵੀ ਦੇਖ ਰਿਹਾ ਸੀ।

ਕਹਿੰਦੇ ਐ ਪਹਿਲਾਂ ਪਹਿਲ ਲੋਕਾਂ ਨੇ ਕਿਰਾਏ 'ਤੇ ਵੀ ਲਈ ਸੀ। ਪਰ ਜਦ ਘਰ ਵਿੱਚ ਕੋਈ ਵੀ ਛੋਟੀ ਮੋਟੀ ਗਲਤ ਘਟਨਾ ਹੋ ਜਾਂਦੀ, ਜਿਹੜੀਆਂ ਕਿ ਹਰ ਘਰ ਵਿੱਚ ਹੁੰਦੀਆਂ ਰਹਿੰਦੀਆਂ ਹਨ, ਤਾਂ ਉਹ ਡਰ ਕੇ ਖਾਲੀ ਕਰਕੇ ਭੱਜ ਜਾਂਦੇ। ਲੇਕਿਨ ਕੋਠੀ ਦੇ ਬਾਹਰ 'ਕਿਰਾਏ ਲਈ ਖਾਲੀ ਹੈ' ਦਾ ਪੱਕਾ ਬੋਰਡ ਲੱਗਿਆ ਹੋਇਆ ਸੀ।

ਇੱਕ ਕੋਈ ਪਤੀ ਪਤਨੀ .... ਸਸਤਾ ਕਿਰਾਇਆ ਦੇਖ ਕੇ ਬੈਠ ਗਏ। ਆਂਢੀਆਂ ਗੁਆਂਢੀਆਂ ਨੇ ਉਹਨਾਂ ਨੂੰ ਭੂਤਾਂ ਵਾਲੀ ਗੱਲ ਦੱਸੀ ...ਪਰ ਉਸ ਬੰਦੇ ਦੇ ਕੰਨ ਤੇ ਜੂੰ ਨਾ ਸਰਕੀ, ਕਿਉਂਕਿ ਉਸ ਨੂੰ ਇਹਨਾਂ ਗੱਲਾਂ ਵਿੱਚ ਵਿਸ਼ਵਾਸ ਨਹੀਂ ਸੀ। ਹਫ਼ਤੇ ਕੁ ਬਾਅਦ ਇਕ ਦਿਨ ਉਸਨੂੰ ਬਾਹਰ ਜਾਣਾ ਪਿਆ, ਉਹ ਕਾਫੀ ਲੇਟ ਹੋ ਗਿਆ ਅਤੇ ਘਰਵਾਲੀ ਘਰ ਵਿੱਚ ਇਕੱਲੀ ਸੀ। ਰਾਤ ਦੇ ਕਰੀਬ 10 ਕੁ ਵੱਜਣ ਵਾਲੇ ਹੋਣਗੇ। ਸਰਦੀ ਦੀ ਰੁੱਤ ਸੀ। ਉਹ ਸੋਚ ਰਹੀ ਸੀ ਕਿ ਕਿਸੇ ਨਾ ਕਿਸੇ ਗੁਆਂਢਣ ਨੂੰ ਕੋਲ ਬੁਲਾ ਲਵੇ। ਪਰ ਉਸਦੇ ਦਿਮਾਗ ਵਿੱਚ ਆਇਆ ਕਿ ਗੁਆਂਢੀਆਂ ਨੇ ਤਾਂ ਮਕਾਨ ਕਿਰਾਏ 'ਤੇ ਲੈਣ ਤੋਂ ਪਹਿਲਾਂ ਹੀ ਸਾਨੂੰ ਦੱਸ ਦਿੱਤਾ ਸੀ ਕਿ ਇਹ ਕੋਠੀ ਤਾਂ ਭੂਤਾਂ ਵਾਲੀ ਹੈ। ਇਸ ਕਰਕੇ ਮੇਰੇ ਕੋਲ ਕੀਹਨੇ ਆਉਣਾ....? ਸੋਚਦੇ ਸੋਚਦੇ ਉਸ ਦੀ ਨਿਗਾਹ ...ਕਮਰੇ ਵਿੱਚ ਇਕ ਕਿਰਲੀ ਤੇ ਪਈ। ਉਹ ਮੱਛਰ ਖਾ ਰਹੀ ਸੀ। ਉਸ ਨੂੰ ਲੱਗਿਆ.... ਕਿਤੇ ਇਹੀ ਭੂਤ ਨਾ ਹੋਵੇ...? ਤੇ ਮੈਨੂੰ ਦੱਸ ਰਹੀ ਹੋਵੇ... ਕਿ ਇਸ ਤਰ੍ਹਾਂ ਖਾ ਜਾਊਂਗੀ।

ਬਾਹਰ ਬੱਦਲਵਾਈ ਤਾਂ ਪਹਿਲਾਂ ਹੀ ਹੋਈ ਪਈ ਸੀ, ਐਨੇ ਵਿੱਚ ਬਾਰਿਸ਼ ਸ਼ੁਰੂ ਹੋ ਗਈ। ਤੇਜ ਹਵਾ ਨਾਲ ਬਿਜਲੀ ਵੀ ਲਿਸ਼ਕ ਰਹੀ ਸੀ ਜ਼ਬਰਦਸਤ। ਹੁਣ ਉਹ ਬਹੁਤ ਜਿਆਦਾ ਡਰੀ ਹੋਈ ਸੀ। ਉਸ ਕੋਲ ਕੋਈ ਟੈਲੀਫੋਨ ਵੀ ਨਹੀਂ ਸੀ। ਬਾਹਰ ਸਭ ਲੋਕਾਂ ਦੇ ਦਰਵਾਜੇ ਬੰਦ ਸਨ। ਠੰਡ ਵੀ ਲੋਹੜੇ ਦੀ.... ਥੋੜ੍ਹਾ ਜਿਹਾ ਪਰਦਾ ਹਿੱਲਿਆ... ਤਾਂ ਉਸ ਨੂੰ ਲੱਗਿਆ ਕਿ ਪਰਦੇ ਪਿੱਛੇ ਤਾਂ ਪੱਕਾ ਭੂਤ ਐ...! ਤੇ ਹੌਲੀ ਹੌਲੀ ਮੈਨੂੰ ਦੇਖ ਰਿਹੈ। ਉਸਨੇ ਫਿਰ ਪਰਦੇ ਵੱਲ ਦੇਖਣਾ ਸ਼ੁਰੂ ਕੀਤਾ। ਹੁਣ ਦੁਬਾਰਾ ਕਿਰਲੀ ਵੱਲ ਦੇਖਿਆ.... ਤਾਂ ਕਿਰਲੀ ਉਥੋਂ ਗਾਇਬ ਸੀ। ਹੁਣ ਕਦੇ ਪਰਦੇ ਵੱਲ... ਕਦੇ ਕਿਰਲੀ ਵੱਲ... ਤੇ ਕਦੇ ਮੰਜੇ ਦੇ ਥੱਲੇ ਝਾਕਦੀ। ਉਹ ਪੂਰੀ ਡਰੀ ਹੋਈ ਸੀ। ਤੇਜ ਹਵਾ ਕਰਕੇ ਖਿੜਕੀ ਹਿਲਦੀ ਤਾਂ ਉਸਨੂੰ ਲੱਗਦਾ ਕਿ ਬੱਸ ਹੁਣ ਤਾਂ ਭੂਤ ਆ ਹੀ ਗਿਆ। ਫਿਰ ਥੋੜ੍ਹੀ ਦੇਰ ਲਈ ਬਿਲਕੁਲ ਸੰਨਾਟਾ ਛਾ ਗਿਆ। ਇਨੇ 'ਚ ਇਕ ਦਮ ਰਸੋਈ ਵਿੱਚ ਲਗਾਤਾਰ ਦੋ ਤਿੰਨ ਭਾਂਡੇ ਡਿੱਗਣ ਦੀਆਂ ਆਵਾਜ਼ਾਂ ਆਈਆਂ ਅਤੇ ਇਸ ਦੇ ਨਾਲ ਹੀ ਉਸਦੀ ਬਹੁਤ ਉੱਚੀ ਚੀਕ ਨਿਕਲੀ ਤੇ ਉਹ ਬਾਹਰ ਵੱਲ ਨੂੰ ਭੱਜੀ। ਭੱਜਣ ਵੇਲੇ ਉਸ ਦਾ ਪੈਰ ਤਿਲਕ ਗਿਆ ਤੇ ਉਹ ਧੜੰਮ ਦੇਣੇ ਫਰਸ਼ ਤੇ ਡਿੱਗ ਪਈ। ਸਮਾਂ ਰਾਤ ਦੇ ਸਾਢੇ ਬਾਰਾਂ ਦਾ ਹੋ ਗਿਆ ਸੀ।

ਮੀਂਹ ਹਟਣ ਤੋਂ ਬਾਅਦ ਰਾਤ 1 ਵਜੇ ਦੇ ਕਰੀਬ ਉਸ ਦਾ ਘਰ ਵਾਲਾ ਆਇਆ ਤਾਂ ਉਸਨੇ ਬਹੁਤ ਦਰਵਾਜ਼ਾ ਖੜਕਾਇਆ, ਪਰ ਕਿਸੇ ਨੇ ਨਾ ਖੋਲ੍ਹਿਆ। ਉਹ ਬਹੁਤ ਜਿਆਦਾ ਘਬਰਾ ਗਿਆ ਤੇ ਫਟਾਫਟ ਦਰਵਾਜਾ ਤੋੜ ਕੇ ਅੰਦਰ ਵੜ ਗਿਆ। ਅੰਦਰ ਆ ਕੇ ਦੇਖਿਆ ਤਾਂ ਘਰਵਾਲੀ ਬੇਹੋਸ਼ ਫਰਸ਼ 'ਤੇ ਪਈ ਸੀ। ਘਰ ਵਾਲਾ ਥੋੜਾ ਨਿੱਡਰ ਸੀ। ਇਸੇ ਕਰਕੇ ਉਸਨੇ ਇਹ ਕੋਠੀ ਕਿਰਾਏ 'ਤੇ ਲਈ ਸੀ। ਉਹ ਘਰਵਾਲੀ ਨੂੰ ਚੁੱਕ ਕੇ ਹਸਪਤਾਲ ਲੈ ਗਿਆ। ਹਸਪਤਾਲ ਵਿੱਚ ਬੈਠਾ ਹੁਣ ਉਹ ਸੋਚਣ ਲੱਗਾ ਕਿ ਇਹ ਸਭ ਕੁਝ ਹੋਇਆ ਕਿਵੇਂ? ਉਹ ਸੋਚ ਰਿਹਾ ਸੀ ਕਿ ਮੇਰੀ ਘਰ ਵਾਲੀ ਰਸੋਈ ਵਿੱਚ ਹੋਣੀ ਐ... ਭੂਤ ਆਇਆ ਹੋਣਾ ਤੇ ਉਹਨੇ ਮੇਰੀ ਘਰ ਵਾਲੀ ਦੇ ਸੱਟ ਮਾਰ ਕੇ ਬੇਹੋਸ਼ ਕੀਤਾ ਹੋਣਾ। ਇਧਰ ਡਾਕਟਰਾਂ ਨੇ ਕਿਹਾ ਕਿ ਤੇਰੀ ਘਰ ਵਾਲੀ ਤਾਂ ਬਹੁਤ ਸੀਰੀਅਸ ਹੈ। ਇਸ ਨੂੰ ਤਾਂ ਹੁਣ ਕੋਈ ਕ੍ਰਿਸ਼ਮਾ ਹੀ ਬਚਾ ਸਕਦਾ ਹੈ।

ਸਾਰੇ ਸ਼ਹਿਰ ਵਿੱਚ ਗੱਲ ਉੱਡ ਗਈ ਕਿ ਭੂਤਾਂ ਵਾਲੀ ਕੋਠੀ ਵਿੱਚ ਕੋਈ ਨਵਾਂ ਕਿਰਾਏਦਾਰ ਆਇਆ ਸੀ। ਉਸ ਦੀ ਘਰ ਵਾਲੀ ਮਾਰ ਦਿੱਤੀ ਭੂਤਾਂ ਨੇ। ਕੋਠੀ ਮਾਲਕ 500 ਗਜ ਦੀ ਕੋਠੀ, ਜਿਹੜੀ ਦੋ ਸੜਕਾਂ 'ਤੇ ਲੱਗਦੀ ਸੀ, 20 ਲੱਖ ਦੀ ਵੇਚਣ ਨੂੰ ਫਿਰਦਾ ਸੀ, ਉਹ ਵੀ ਸਿੱਧਾ 10 ਲੱਖ 'ਤੇ ਆ ਗਿਆ।

ਤੀਜੇ ਦਿਨ ਡਾਕਟਰਾਂ ਨੇ ਦੱਸਿਆ ਕਿ ਅੱਜ ਤੇਰੀ ਘਰ ਵਾਲੀ ਖਤਰੇ ਤੋਂ ਬਾਹਰ ਹੈ। ਇਹ ਗੱਲ ਸੁਣ ਕੇ ਉਸ ਦਾ ਦਿਮਾਗ ਇਕ ਦਮ ਬਦਲ ਗਿਆ। ਉਸਨੇ ਸੋਚਿਆ ਕਿ ਮੈਂ ਛੋਟਾ ਹੁੰਦਾ ਵੀ ਟੂਣੇ ਉੱਪਰ ਕੋਈ ਰੁਪਈਆ, ਦੋ ਰੁਪਏ ਪਏ ਹੁੰਦੇ ਤਾਂ ਚੁੱਕ ਕੇ ਦੁਕਾਨ ਤੋਂ ਟੌਫੀਆਂ ਲੈ ਆਉਂਦਾ ਸੀ। ਜੇ ਮੇਰੇ ਦੋਸਤ ਕਹਿੰਦੇ, 'ਪਾਪ ਲੱਗੂਗਾ' ਤਾਂ ਮੈਂ ਕਹਿੰਦਾ ਉਹ ਦੋ ਰੁਪਏ ਤਾਂ ਹੁਣ ਦੁਕਾਨਦਾਰ ਕੋਲ ਆ। ਪਾਪ ਤਾਂ ਉਹਨੂੰ ਲੱਗੂ ਜਾਂ ਜਿਹੜਾ ਰੱਖ ਕੇ ਗਿਆ ਉਹਨੂੰ। ਕਿਉਂਕਿ ਸਭ ਤੋਂ ਪਹਿਲਾਂ ਹੱਥ ਤਾਂ ਉਸੇ ਦੇ ਲੱਗੇ ਆ ਰੁਪਈਆਂ ਨੂੰ। ਮੇਰੀਆਂ ਗੱਲਾਂ ਸਾਰਿਆਂ ਨੂੰ ਜਚ ਜਾਂਦੀਆਂ। ਕਈ ਵਾਰ ਤਾਂ ਮੈਂ ਦੋਸਤਾਂ ਨੂੰ ਟੌਫੀਆਂ ਖਵਾ ਕੇ ਦੱਸਦਾ ਹੁੰਦਾ ਸੀ ਕਿ ਇਹ ਪੈਸੇ ਤਾਂ ਮੈਂ ਟੂਣੇ ਤੋਂ ਚੁੱਕੇ ਸਨ। ਵਾਕਿਆ ਹੀ ਮੇਰਾ ਅੱਜ ਤੱਕ ਕੁਝ ਨਹੀਂ ਸੀ ਵਿਗੜਿਆ।

ਜਦੋਂ ਦੋਨੋਂ ਪਤੀ ਪਤਨੀ ਹਸਪਤਾਲ ਵਿੱਚੋਂ ਘਰ ਆਏ ਤਾਂ ਚੰਗੀ ਤਰ੍ਹਾਂ ਆਰਾਮ ਕਰਨ ਤੋਂ ਬਾਅਦ ਠੰਡੇ ਦਿਮਾਗ ਨਾਲ ਪਤਨੀ ਨੂੰ ਪੁੱਛਿਆ ਕਿ ਇਹ ਭੂਤ ਆਇਆ ਕਿਵੇਂ ਸੀ, ਅਤੇ ਫਿਰ ਤੇਰੇ ਉੱਪਰ ਹਮਲਾ ਕਿਵੇਂ ਕੀਤਾ ? ਤਾਂ ਉਹ ਕਹਿੰਦੀ, "ਮੈਂ ਬੈਠੀ ਭੂਤਾਂ ਬਾਰੇ ਹੀ ਸੋਚ ਰਹੀ ਸੀ ਕਿ ਅਚਾਨਕ ਰਸੋਈ 'ਚ ਭਾਂਡੇ ਡਿੱਗਣ ਦੀਆਂ ਆਵਾਜ਼ਾਂ ਆਈਆਂ। ਮੈਂ ਡਰ ਗਈ ਤੇ ਭੱਜਣ ਲੱਗੀ ਦਾ ਪੈਰ ਤਿਲਕ ਗਿਆ ਤੇ ਉਸੇ ਵੇਲੇ ਰਸੋਈ 'ਚੋਂ ਬਿੱਲੀ ਭੱਜ ਕੇ ਬਾਹਰ ਨਿਕਲ ਗਈ। ਇਸ ਤੋਂ ਬਾਅਦ ਕੀ ਹੋਇਆ ? ਕੁਝ ਪਤਾ ਨਹੀਂ।"ਹੁਣ ਦੋਵੇਂ ਪਤੀ ਪਤਨੀ ਸਾਰੀ ਗੱਲ ਚੰਗੀ ਤਰ੍ਹਾਂ ਸਮਝ ਗਏ ਸਨ। ਉਹਨਾਂ ਨੇ ਰਾਇ ਕਰਕੇ ਸਾਰੇ ਲੋਕਾਂ ਨੂੰ ਕਿਹਾ ਕਿ ਭਾਈ ਤੁਸੀਂ ਠੀਕ ਹੀ ਕਹਿੰਦੇ ਸੀ, ਇਸ ਕੋਠੀ ਵਿੱਚ ਤਾਂ ਵਾਕਿਆ ਹੀ ਭੂਤ ਰਹਿੰਦੇ ਨੇ। ਪਰ ਲੋਕ ਉਸ ਵੇਲੇ ਹੈਰਾਨ ਪ੍ਰੇਸ਼ਾਨ ਹੋ ਗਏ ਜਦੋਂ ਕਈ ਦਿਨਾਂ ਬਾਅਦ ਲੋਕਾਂ ਨੂੰ ਪਤਾ ਲੱਗਾ ਕਿ ਉਸ ਕਿਰਾਏਦਾਰ ਨੇ ਤਾਂ ਉਹ ਕੋਠੀ 8 ਲੱਖ ਰੁਪਏ ਦੀ ਕਿਸ਼ਤਾਂ ਵਿੱਚ ਪੈਸੇ ਦੇਣੇ ਕਰਕੇ ਖਰੀਦ ਲਈ ਹੈ।

ਕਿਉਂਕਿ ਉਸ ਕੋਠੀ ਦੇ ਦੋ ਪਾਸੇ ਸੜਕਾਂ ਸਨ, ਉਸ ਨੇ ਦੋਵੇਂ ਪਾਸੇ ਦੁਕਾਨਾਂ ਦੀ ਪੂਰੀ ਮਾਰਕੀਟ ਬਣਾ ਕੇ ਦੋ ਕਰੋੜ ਦੀਆਂ ਵੇਚੀ ਅਤੇ ਉਹ ਫਟਾਫਟ ਵਿਕ ਗਈਆਂ। ਕਿਉਂਕਿ 10 ਲੱਖ ਦੀ ਬਣੀ ਬਣਾਈ ਦੁਕਾਨ ਲੋਕਾਂ ਨੂੰ ਸਸਤੀ ਲੱਗੀ। ਉਹ ਦਿਨਾਂ ਵਿੱਚ ਹੀ ਅਮੀਰ ਹੋ ਗਿਆ। ਉਸ ਨੇ ਮਾਰਕੀਟ ਦਾ ਨਾਮ ਵੀ 'ਭੂਤਾਂ ਵਾਲੀ ਮਾਰਕੀਟ' ਰੱਖਿਆ।

ਅੱਜ ਦੋਨੋਂ ਪਤੀ ਪਤਨੀ ਅਤੇ ਉਨਾਂ ਦੇ ਬੱਚੇ ਅਕਸਰ ਭੂਤਾਂ ਵਾਲੀ ਘਟਨਾ ਨੂੰ ਯਾਦ ਕਰਦੇ ਹਨ। ਸਾਰਾ ਪਰਿਵਾਰ ਕਹਿੰਦਾ ਹੈ ਕਿ ਭੂਤ ਨਾਮ ਦੀ ਕੋਈ ਚੀਜ਼ ਨਹੀਂ ਹੁੰਦੀ, ਇਹ ਸਿਰਫ ਬੰਦੇ ਦੇ ਮਨ ਦਾ ਵਹਿਮ ਹੈ। ਲੋਕਾਂ ਨੇ ਚਾਅ ਚਾਅ ਵਿੱਚ ਹੀ ਉਸ ਮਾਰਕੀਟ ਦੀ ਪੂਰੀ ਚੜ੍ਹਾਈ ਕਰਾ ਦਿੱਤੀ। ਅੱਜ ਦੂਰੋਂ ਦੂਰੋਂ ਲੋਕ ਇਸ ਅਖੌਤੀ ਭੂਤਾਂ ਵਾਲੀ ਮਾਰਕੀਟ ਨੂੰ ਦੇਖਣ ਲਈ ਆਉਂਦੇ ਹਨ ਅਤੇ ਮਾਰਕੀਟ ਦਾ ਕੰਮ ਵਧੀਆ ਚੱਲ ਰਿਹਾ ਹੈ।

20 ਸਾਲਾਂ ਬਾਅਦ ਹੁਣ ਕਦੇ ਕਦੇ ਉਹ ਬੰਦਾ ਸੋਚਦਾ ਕਿ ਜੇਕਰ ਮੇਰੀ ਘਰ ਵਾਲੀ ਉਸ ਵੇਲੇ ਮਰ ਜਾਂਦੀ ਤਾਂ ਅੱਜ ਮੈਂ ਵੀ ਭੂਤਾਂ ਤੋਂ ਡਰਦਾ ਹੁੰਦਾ ਤੇ ਮੈਨੂੰ ਜਿੰਦਗੀ ਭਰ ਇਹੀ ਭੁਲੇਖਾ ਰਹਿੰਦਾ ਕਿ ਭੂਤਾਂ ਨੇ ਹੀ ਮੇਰੀ ਘਰ ਵਾਲੀ ਦੀ ਜਾਨ ਲੈ ਲਈ ਅਤੇ ਇਸ ਕੋਠੀ ਉੱਪਰ ਭੂਤਾਂ ਦਾ ਹੋਰ ਪੱਕਾ ਠੱਪਾ ਲੱਗ ਜਾਂਦਾ ਅਤੇ ਅੱਜ ਇਹ ਕੋਠੀ ਖੰਡਰ ਬਣੀ ਹੁੰਦੀ। ਲੋਕਾਂ ਨੇ ਇਸ ਕੋਠੀ ਦੇ ਅੱਗਿਓਂ ਦੀ ਲੰਘਣਾ ਬੰਦ ਕਰ ਦੇਣਾ ਸੀ।

**ਲੇਖਕ -ਰਮੇਸ਼ ਗਰਗ, ਸੀਨੀਅਰ ਵਾਈਸ ਪ੍ਰਧਾਨ**
**ਪੰਜਾਬ ਪ੍ਰਦੇਸ਼ ਵਪਾਰ ਮੰਡਲ (ਰਜਿ.)**

---



## ਕਿਤਾਬ

ਕਿਤਾਬ ਕਿੰਨੀ ਅਨੋਖੀ ਚੀਜ਼ ਹੈ। ਇਹ ਰੁੱਖ ਤੋਂ ਬਣੀਂ ਇੱਕ ਸਪਾਟ ਜਿਹੀ ਚੀਜ਼ ਹੈ, ਜਿਸ ਤੇ ਰੰਗਣ ਨਾਲ ਬਣੀਆਂ ਰੇਖਾਵਾਂ ਵਾਂਗ ਕੁੱਝ ਅਜੀਬੋ-ਗਰੀਬ ਛਪਿਆ ਹੁੰਦਾ ਹੈ। ਪਰ ਸਿਰਫ ਇੱਕ ਨਜ਼ਰ ਫੇਰਨ ਦੀ ਹੀ ਲੋੜ ਹੈ ਤੇ ਤੁਸੀਂ ਕਿਸੇ ਦੂਜੇ ਵਿਅਕਤੀ ਦੇ ਦਿਮਾਗ ਵਿੱਚ ਪੁੱਜ ਜਾਂਦੇ ਹੋ, ਬੇਸ਼ੱਕ ਉਹ ਵਿਅਕਤੀ ਹਜਾਰਾਂ ਸਾਲ ਪਹਿਲਾਂ ਚੱਲ ਵਸਿਆ ਹੋਵੇ। ਹਜ਼ਾਰਾਂ ਸਾਲਾਂ ਦੇ ਫਾਸਲੇ ਦੇ ਬਾਵਜੂਦ, ਲੇਖਕ ਸਿੱਧਾ ਤੁਹਾਡੇ ਦਿਮਾਗ ਨਾਲ ਚੁੱਪਚਾਪ ਗੱਲ ਕਰ ਰਿਹਾ ਹੁੰਦਾ ਹੈ, ਉਹ ਸਿੱਧਾ ਤੁਹਾਡੇ ਨਾਲ ਗੱਲ਼ ਕਰ ਰਿਹਾ ਹੁੰਦਾ ਹੈ। ਲੇਖਣੀ ਸ਼ਾਇਦ ਮਨੁੱਖ ਦੀ ਸਰਵੋਤਮ ਖੋਜ ਹੈ ਜੋ ਇੱਕ-ਦੂਜੇ ਤੋਂ ਅਣਜਾਣ ਦੋ ਵੱਖਰੇ ਯੁੱਗਾਂ ਵਿੱਚ ਰਹਿਣ ਵਾਲੇ ਨਾਗਰਿਕਾਂ ਨੂੰ ਇੱਕ ਡੋਰ ਨਾਲ ਬੰਨ ਦਿੰਦੀ ਹੈ। ਕਿਤਾਬਾਂ ਸਮੇਂ ਦੀਆਂ ਜ਼ੰਜੀਰਾਂ ਤੋੜ ਦਿੰਦੀਆਂ ਹਨ। ਕਿਤਾਬ ਇੱਕ ਜਿਉਂਦਾ ਸਬੂਤ ਹੈ ਕਿ ਮਨੁੱਖ 'ਜਾਦੂ' ਕਰਨ ਦੇ ਸਮਰੱਥ ਹੈ।"

**-ਕਾਰਲ ਸੈਗਾਨ (ਮਸ਼ਹੂਰ ਤਾਰਾ-ਵਿਗਿਆਨੀ**
**ਅਤੇ ਵਿਗਿਆਨ-ਪਾਸਾਰ ਲੇਖਕ)**

# ਬ੍ਰਾਂਡਡ ਬਨਾਮ ਜੈਨੇਰਿਕ ਦਵਾਈਆਂ  ਕੁਝ ਵਿਚਾਰਨਯੋਗ ਨੁਕਤੇ

(ਫੇਸਬੁੱਕ ਉੱਤੇ 'ਸਾਡਾ ਡਾਕਟਰ Saada-Our Doctor' ਨਾਮ ਦਾ ਪੇਜ ਸਮਾਜਿਕ ਸਰੋਕਾਰਾਂ ਵਾਲੇ ਡਾਕਟਰਾਂ ਦਾ ਇੱਕ ਅਜਿਹਾ ਮੰਚ ਹੈ, ਜਿਸਦਾ ਉਦੇਸ਼ ਹੈ : ਆਮ ਲੋਕਾਂ ਨਾਲ ਸਰਲ ਭਾਸ਼ਾ ਵਿੱਚ ਬਿਮਾਰੀਆਂ ਦੇ ਕਾਰਣਾਂ ਅਤੇ ਇਲਾਜ ਬਾਰੇ ਜਾਣਕਾਰੀ ਸਾਂਝੀ ਕਰਨੀ, ਬਿਮਾਰੀਆਂ ਦੇ ਕਾਰਨਾਂ ਅਤੇ ਇਲਾਜ ਨਾਲ ਜੁੜੀਆਂ ਮਿੱਥਾਂ ਅਤੇ ਵਹਿਮਾਂ ਬਾਰੇ ਸੁਚੇਤ ਕਰਨਾ, ਇਲਾਜ ਦੇ ਵਿਗਿਆਨਕ ਤੌਰ ਤਰੀਕਿਆਂ ਬਾਰੇ ਜਾਣਕਾਰੀ ਦੇਣਾ, ਸਿਹਤ ਸਬੰਧੀ ਆਮ ਸਵਾਲਾਂ ਅਤੇ ਸਿਹਤ ਢਾਂਚੇ ਬਾਰੇ ਵਿਚਾਰ ਸਾਂਝੇ ਕਰਨੇ। ਸਿਹਤ ਸਬੰਧੀ ਬਹੁਤ ਜਿਆਦਾ ਭਰਮ ਫੈਲਾਏ ਜਾਂਦੇ ਹਨ, ਉਨ੍ਹਾਂ ਸਬੰਧੀ ਲੋਕਾਂ ਨੂੰ ਸੁਚੇਤ ਕਰਨਾ ਬਹੁਤ ਜਰੂਰੀ ਹੈ ਸੋ ਇਸ ਕਾਰਜ ਲਈ ਅਸੀਂ ਡਾਕਟਰਾਂ ਦੇ ਇਸ ਗਰੁੱਪ ਦੀ ਸ਼ਲਾਘਾ ਕਰਦੇ ਹਾਂ। ਜੋ ਪਾਠਕ ਉਨ੍ਹਾਂ ਨਾਲ ਸੰਪਰਕ ਕਰਨਾ ਚਾਹੁਣ ਉਹ ਉਕਤ ਫੇਸਬੁੱਕ ਪੇਜ ਉੱਤੇ ਜਾਂ saadadoctor@gmail.com 'ਤੇ ਮੇਲ ਕਰਕੇ ਆਪਣੇ ਵਿਚਾਰ ਸਾਂਝੇ ਕਰ ਸਕਦੇ ਹਨ।)

1) **ਬ੍ਰਾਂਡਡ ਦਵਾਈ** - ਜਦੋਂ ਕੋਈ ਕੰਪਨੀ ਦਵਾਈ ਦੀ ਖੋਜ ਕਰਕੇ ਮੰਡੀ ਵਿੱਚ ਵੇਚਣ ਲਈ ਲੈਕੇ ਆਉਂਦੀ ਹੈ ਤਾਂ ਉਸ ਕੰਪਨੀ ਵੱਲੋਂ ਰੱਖੇ ਦਵਾਈ ਦੇ ਨਾਮ ਨੂੰ "ਬਰਾਂਡ"ਕਿਹਾ ਜਾਂਦਾ ਹੈ ਅਤੇ ਇਹ ਕੰਪਨੀ ਦਵਾਈ ਵੇਚਣ ਦੇ ਏਕਾਧਿਕਾਰ (ਪੇਟੈਂਟ) ਨੂੰ ਕਈ ਸਾਲਾਂ ਤੱਕ ਆਪਣੇ ਕੋਲ ਰੱਖਦੀ ਹੈ ਤਾਂ ਕਿ ਉਹ ਉੱਚੀ ਕੀਮਤ ਰੱਖ ਕੇ ਆਪਣੇ "ਖਰਚੇ" ਪੂਰੇ ਕਰ ਸਕੇ, ਸਿੱਧਾ ਕਿਹਾ ਜਾਵੇ ਤਾਂ ਉਹ ਵੱਧ ਤੋਂ ਵੱਧ ਮੁਨਾਫਾ ਕਮਾ ਲੈਣਾ ਚਾਹੁੰਦੀ ਹੈ।

**ਬ੍ਰਾਂਡਡ ਜੈਨੇਰਿਕ ਦਵਾਈ** - "ਪੇਟੈਂਟ"ਦਾ ਸਮਾਂ ਖਤਮ ਹੋਣ ਤੋਂ ਬਾਅਦ ਦੂਜੀਆਂ ਕੰਪਨੀਆਂ ਵੀ ਉਸ ਦਵਾਈ ਨੂੰ ਬਣਾਉਣ-ਵੇਚਣ ਲੱਗਦੀਆਂ ਹਨ, ਉਹ ਜਿਹੜੇ ਨਾਮ ਹੇਠ ਦਵਾਈ ਵੇਚਦੀਆਂ ਹਨ,ਉਹਨਾਂ ਨੂੰ ਬ੍ਰਾਂਡਡ ਜੈਨੇਰਿਕ ਦਵਾਈ ਕਹਿੰਦੇ ਹਨ। ਭਾਵੇਂ ਇਹ ਦਵਾਈਆਂ ਸਸਤੀਆਂ ਹੋਣੀਆਂ ਚਾਹੀਦੀਆਂ ਹਨ, ਪਰ ਅਜਿਹਾ ਅਕਸਰ ਹੁੰਦਾ ਨਹੀਂ ਹੈ।

**ਜੈਨੇਰਿਕ ਦਵਾਈ**   ਜਦੋਂ ਦਵਾਈ ਨੂੰ ਸਿੱਧਾ ਉਸਦੇ ਸਾਲਟ (ਰਸਾਇਣਿਕ ਨਾਮ) ਦੇ ਨਾਮ ਹੇਠ ਹੀ ਵੇਚਿਆ ਜਾਂਦਾ ਹੈ, ਤਾਂ ਉਸ ਨੂੰ ਜੈਨੇਰਿਕ ਦਵਾਈ ਕਿਹਾ ਜਾਂਦਾ ਹੈ।

ਭਾਰਤ ਵਿੱਚ ਵਿਕਦੀਆਂ ਦਵਾਈਆਂ ਵਿੱਚੋਂ 80-85% ਬ੍ਰਾਂਡਡ-ਜੈਨੇਰਿਕ ਦਵਾਈਆਂ ਹਨ, ਜੈਨੇਰਿਕ ਦਵਾਈਆਂ ਮੁਸ਼ਕਿਲ ਨਾਲ਼ 10% ਹਨ ਅਤੇ ਬਾਕੀ ਬ੍ਰਾਂਡਡ ਦਵਾਈਆਂ ਹਨ। ਮੁਨਾਫ਼ੇ ਦਾ 'ਮਾਰਜਨ' ਸਭ ਤੋਂ ਘੱਟ ਬ੍ਰਾਂਡਡ ਦਵਾਈ ਵਿੱਚ ਹੁੰਦਾ ਹੈ, ਜੈਨੇਰਿਕ/ਬ੍ਰਾਂਡਡ-ਜੈਨੇਰਿਕ ਦਵਾਈ ਵਿੱਚ ਮੁਨਾਫ਼ੇ ਦਾ ਮਾਰਜਨ ਆਮ ਕਰਕੇ ਉੱਚਾ ਹੁੰਦਾ ਹੈ। ਦਵਾਈਆਂ ਦੀ ਗੁਣਵੱਤਾ ਦਾ ਨਿਯੰਤ੍ਰਿਨ ਭਾਰਤ ਵਿੱਚ ਬੁਰੇ ਹਾਲੀਂ ਹੈ, ਸਭ ਤੋਂ ਬੁਰਾ ਹਾਲ ਜੈਨੇਰਿਕ/ਬ੍ਰਾਂਡਡ ਜੈਨੇਰਿਕ ਦਵਾਈਆਂ ਦੇ ਮਾਮਲੇ ਵਿੱਚ ਹੈ।

2) ਅਕਸਰ ਸਾਡੇ ਆਲੇ ਦੁਆਲੇ ਬ੍ਰਾਂਡ/ਜੈਨੇਰਿਕ ਦਾ ਰਾਮ-ਰੌਲਾ ਪੈਂਦਾ ਰਹਿੰਦਾ ਹੈ। ਸਰਕਾਰੀ ਪ੍ਰਚਾਰ ਤੰਤਰ ਹਰ ਸਾਲ-ਛਿਮਾਹੀ ਡਾਕਟਰਾਂ ਨੂੰ ਦਵਾਈਆਂ ਦੇ ਰਸਾਇਣਿਕ ਨਾਮ ਲਿਖਣ ਦੇ ਚਿੱਠੀ-ਪੱਤਰ ਭੇਜਦਾ ਰਹਿੰਦਾ ਹੈ, ਅਤੇ ਬਹੁਤ ਸਾਰੇ ਲੋਕ ਇਸ ਪ੍ਰਚਾਰ ਦਾ ਸ਼ਿਕਾਰ ਹੋ ਕੇ ਸਰਕਾਰਾਂ ਦੀਆਂ ਨਕਾਮੀਆਂ ਨੂੰ ਸਮਝਣ ਵਿੱਚ ਨਾਕਾਮਯਾਬ ਰਹਿੰਦੇ ਹਨ, ਅਤੇ ਕੁਝ ਵਿਅਕਤੀ "ਲੋਕ-ਪੱਖੀ" ਦਿੱਖਣ ਦੇ ਚੱਕਰ ਵਿੱਚ ਇਸੇ ਸਰਕਾਰੀ ਪ੍ਰਾਪੇਗੰਡੇ ਨੂੰ ਦੁਹਰਾਈ ਜਾਂਦੇ ਹਨ।

3) ਅਸਲ ਵਿੱਚ ਸੱਚਾਈ ਇਹ ਹੈ ਕਿ ਲੱਗਭਗ ਸਾਰੇ ਹੀ ਡਾਕਟਰ ਜੈਨੇਰਿਕ-ਬ੍ਰਾਂਡਡ ਦਵਾਈਆਂ (ਜੈਨੇਰਿਕ ਭਾਵ ਰਸਾਇਣਿਕ ਨਾਮ ਨਹੀਂ) ਹੀ ਲਿਖਦੇ ਹਨ, ਮੂਲ ਬ੍ਰਾਂਡ ਬਹੁਤ ਘੱਟ ਡਾਕਟਰ ਲਿਖਦੇ ਹਨ (ਅਤੇ ਮੂਲ ਬ੍ਰਾਂਡ ਮਿਲਦੇ ਵੀ ਘੱਟ ਹੀ ਹਨ)। ਅਸਲ ਵਿੱਚ ਬਹਿਸ ਦਾ ਮੁੱਦਾ ਹੀ ਇਹੀ ਹੈ ਕਿ ਡਾਕਟਰ ਰਸਾਇਣਿਕ ਨਾਮ ਲਿਖਣ, ਜਾਂ ਜੈਨੇਰਿਕ ਬ੍ਰਾਂਡ ਲਿਖਣ। ਇੱਥੇ ਡਾਕਟਰ ਦੀ ਭੂਮਿਕਾ ਅਹਿਮ ਹੁੰਦੀ ਹੈ, ਉਹ ਕਿਹੜੇ ਜੈਨੇਰਿਕ ਬ੍ਰਾਂਡ ਨੂੰ ਲਿਖਦਾ ਹੈ। ਇਹ ਹੱਕ ਡਾਕਟਰ ਕੋਲ਼ ਹੀ ਰਹਿਣਾ ਚਾਹੀਦਾ ਹੈ, ਖਾਸ ਕਰਕੇ ਭਾਰਤ ਜਿਹੇ ਦੇਸ਼ ਵਿੱਚ ਜਿੱਥੇ ਨਕਲੀ/ਸਬ-ਸਟੈਂਡਰਡ ਦਵਾਈਆਂ ਦੀ ਭਰਮਾਰ ਹੈ। ਹਾਂ, ਇਹ ਇੱਕ ਤਾਰਕਿਕ ਮੰਗ ਡਾਕਟਰਾਂ ਤੋਂ ਕੀਤੀ ਜਾਣੀ ਬਣਦੀ ਹੈ ਕਿ ਉਹ ਜਿੱਥੋਂ ਤੱਕ ਹੋ ਸਕੇ, ਸਹੀ ਗੁਣਵੱਤਾ ਤੇ ਘੱਟ ਕੀਮਤ ਵਾਲ਼ਾ ਜੈਨੇਰਿਕ ਬ੍ਰਾਂਡ ਲਿਖਣ।

4) ਮੰਨ ਲਵੋ, ਇੱਕ ਡਾਕਟਰ ਦਵਾਈ ਦਾ ਸਿਰਫ਼ ਰਸਾਇਣਿਕ ਨਾਮ ਲਿਖ ਦਿੰਦਾ ਹੈ, ਤਾਂ ਇਹ ਕੌਣ ਤਹਿ ਕਰੇਗਾ ਕਿ ਮਰੀਜ਼ ਨੂੰ ਸਹੀ ਗੁਣਵੱਤਾ ਦੀ ਦਵਾਈ ਮਿਲੇਗੀ, ਜਾਂ ਫ਼ਿਰ ਨਕਲੀ/ਸਬ-ਸਟੈਂਡਰਡ ਦਵਾਈ ਮਿਲੇਗੀ। ਸੁਭਾਵਿਕ ਹੀ ਅਜਿਹਾ ਪੂਰੀ ਤਰ੍ਹਾਂ ਦਵਾਈ ਦੇ ਪਰਚੂਨ ਵਿਕਰੇਤਾ ਉੱਤੇ

ਨਿਰਭਰ ਰਹੇਗਾ। ਡਾਕਟਰ ਦੀ ਜਗ੍ਹਾ ਦਵਾਈ ਵਿਕਰੇਤਾ ਨੂੰ ਦਵਾਈ ਦਾ ਬ੍ਰਾਂਡ ਚੁਣਨ ਦਾ ਹੱਕ ਦੇਣ ਨਾਲ਼ ਮਰੀਜ਼ ਨੂੰ ਕਿੰਨਾ ਕੁ ਫ਼ਾਇਦਾ ਹੋ ਸਕਦਾ ਹੈ, ਇਸ ਬਾਰੇ ਕੋਈ ਸਰਕਾਰੀ ਤੰਤਰ ਦਾ ਅਫਸਰ, ਲੀਡਰ, ਜਾਂ ਫ਼ਿਰ "ਲੋਕ-ਪੱਖੀ"ਪਤਵੰਤਾ ਗੱਲ ਨਹੀਂ ਕਰਦਾ। ਬ੍ਰਾਂਡਡ ਦਵਾਈਆਂ ਵੇਚਣ ਵਾਲੀਆਂ ਵੱਡੀਆਂ ਕੰਪਨੀਆਂ ਦੀਆਂ ਕਈ ਦਵਾਈਆਂ ਦੀ ਗੁਣਵੱਤਾ ਵੀ ਕਦੇ-ਕਦੇ ਸਵਾਲਾਂ ਦੇ ਘੇਰੇ ਵਿੱਚ ਆਈ ਹੈ, ਪਰ ਘੱਟੋ-ਘੱਟ ਇਹ ਜਾਣਕਾਰੀ ਲੋਕਾਂ ਤੱਕ ਪਹੁੰਚਦੀ ਤਾਂ ਹੈ, ਉੱਥੇ ਜੈਨੇਰਿਕ ਬ੍ਰਾਂਡ/ਜੈਨੇਰਿਕ ਦਵਾਈ ਦੀ ਗੁਣਵੱਤਾ ਦੀ ਗਰੰਟੀ ਕਿੱਥੇ ਮਿਲਣੀ ਹੈ? ਕੁਝ ਵੱਡੀਆਂ ਕੰਪਨੀਆਂ ਦੁਆਰਾ ਬਣਾਈਆਂ ਜੈਨੇਰਿਕ/ਜੈਨੇਰਿਕ ਬ੍ਰਾਂਡਡ ਦਵਾਈਆਂ ਨੂੰ ਛੱਡ ਕੇ ਬਹੁਤੀਆਂ ਜੈਨੇਰਿਕ/ਜੈਨੇਰਿਕ ਬ੍ਰਾਂਡਡ ਦਵਾਈਆਂ ਦੀ ਗੁਣਵੱਤਾ ਬਾਰੇ ਤਾਂ ਪੂਰਾ ਹਨੇਰਾ ਹੀ ਹਨੇਰਾ ਹੈ। ਦੂਜਾ, ਇਹ ਵੀ ਕੀ ਗਰੰਟੀ ਹੈ ਕਿ ਪਰਚੂਨ ਵਿਕਰੇਤਾ ਰਸਾਇਣਿਕ ਨਾਮ ਵਾਲ਼ੀ ਦਵਾਈ ਦਾ ਘੱਟ ਕੀਮਤ ਜੈਨੇਰਿਕ ਬ੍ਰਾਂਡ ਹੀ ਦੇਵੇਗਾ?

5) ਸਰਕਾਰੀ ਤੰਤਰ ਨੂੰ ਜੇ ਲੋਕਾਂ ਦੀ ਸਿਹਤ/ਆਰਥਿਕ ਨੁਕਸਾਨ ਦਾ ਇੰਨਾ ਹੀ ਫ਼ਿਕਰ ਹੈ ਤਾਂ ਸਰਕਾਰ ਦਵਾਈਆਂ ਦੀ ਕੀਮਤ/ਬ੍ਰਾਂਡ/ਜੈਨੇਰਿਕ ਦੇ ਇਸ ਰੌਲੇ-ਘਚੋਲੇ ਨੂੰ ਖਤਮ ਹੀ ਕਿਉਂ ਨਹੀਂ ਕਰਦੀ, ਸਰਕਾਰ ਕਿਉਂ ਇਸ ਤਰ੍ਹਾਂ ਦਾ "ਗੋਰਖ ਧੰਦਾ"ਹੋਣ ਦਿੰਦੀ ਹੈ, ਸਗੋਂ ਸਰਕਾਰਾਂ ਨੇ ਤਾਂ ਦਵਾਈਆਂ ਦੀਆਂ ਸਾਰੀਆਂ ਸਰਕਾਰੀ ਫੈਕਟਰੀਆਂ ਬੰਦ ਕਰ ਦਿੱਤੀਆਂ ਹਨ ਅਤੇ ਹੁਣ ਲੋਕਾਂ ਨੂੰ ਮੁਫ਼ਤ ਦਵਾਈਆਂ ਦੇਣ ਦੇ ਬਹਾਨੇ ਪ੍ਰਾਈਵੇਟ ਕੰਪਨੀਆਂ ਤੋਂ ਦਵਾਈਆਂ ਖਰੀਦ ਕੇ ਲੋਕਾਂ ਦਾ ਪੈਸਾ ਪ੍ਰਾਈਵੇਟ ਬੰਦਿਆਂ ਨੂੰ ਵੰਡ ਰਹੀਆਂ ਹਨ। ਸਰਕਾਰ ਡਾਕਟਰਾਂ ਨੂੰ ਚਿੱਠੀਆਂ ਕੱਢ ਕੇ, ਅਖਬਾਰਾਂ-ਮੀਡੀਆ ਵਿੱਚ ਬਿਆਨ ਦੇ ਕੇ ਖੇਖਣ ਕਰਨ ਦੀ ਥਾਂ ਦਵਾਈਆਂ ਦੀ ਮੰਡੀ ਵਿੱਚ ਇੱਕਸਾਰਤਾ ਲਿਆਵੇ, ਬ੍ਰਾਂਡ/ਜੈਨੇਰਿਕ ਬ੍ਰਾਂਡ ਦਵਾਈਆਂ ਵਿਕਣ ਉੱਤੇ ਪਾਬੰਦੀ ਲਗਾਵੇ ਅਤੇ ਸਿਰਫ਼ ਰਸਾਇਣਿਕ ਨਾਮ ਹੇਠ ਇੱਕ ਹੀ ਕੀਮਤ ਹੇਠ ਦਵਾਈਆਂ ਵਿਕਣ ਦੇਵੇ। ਸਭ ਤੋਂ ਉੱਤੇ, ਸਰਕਾਰ ਦਵਾਈਆਂ ਬਣਾਉਣ-ਸਪਲਾਈ ਕਰਨ ਦੇ ਕੰਮ ਨੂੰ ਖੁਦ ਆਪਣੇ ਹੱਥ ਵਿੱਚ ਲਵੇ, ਕਿਉਂਕਿ ਇਸ ਨੂੰ ਮੁਨਾਫ਼ਾਖੋਰੀ ਦੇ ਹਵਾਲੇ ਕੀਤਾ ਹੀ ਨਹੀਂ ਜਾਣਾ ਚਾਹੀਦਾ।

6) ਭਾਰਤ ਦੀ ਤਿੰਨ-ਚੌਥਾਈ ਆਬਾਦੀ ਨੂੰ ਤਾਂ ਢੰਗ ਨਾਲ਼ ਸਿਹਤ ਸੁਵਿਧਾਵਾਂ/ਦਵਾਈਆਂ ਮਿਲਦੀਆਂ ਹੀ ਨਹੀਂ, ਉਹਨਾਂ ਲਈ ਤਾਂ ਬ੍ਰਾਂਡ/ਜੈਨੇਰਿਕ ਬ੍ਰਾਂਡ/ਜੈਨੇਰਿਕ ਆਦਿ ਦੀ ਬਹਿਸ ਤਾਂ ਉੱਕਾ ਹੀ ਖੋਖਲੀ ਸ਼ਬਦ-ਜੁਗਾਲੀ ਹੈ, ਉਹਨਾਂ ਲਈ ਤਾਂ ਮੁਫ਼ਤ ਅਤੇ ਸਟੈਂਡਰਡ ਦੀ ਸਿਹਤ ਸੁਵਿਧਾ ਦੀ ਮੰਗ ਹੀ ਅਸਲ ਗੱਲ ਹੈ, ਬਾਕੀ ਸਭ ਕੁਝ ਜਾਭਾਂ ਦਾ ਭੇੜ ਹੈ।

ਇਹ ਹਨ ਸਵਾਲ ਜਿਹੜੇ ਉਹਨਾਂ ਸਾਰੇ ਲੋਕਾਂ ਵੱਲੋਂ ਸਰਕਾਰਾਂ ਨੂੰ ਕਰਨੇ ਚਾਹੀਦੇ ਹਨ, ਜਿਹੜੇ ਲੋਕਾਂ ਦੀ ਲੁੱਟ ਨੂੰ ਸੱਚਮੁੱਚ ਰੋਕਣਾ ਚਾਹੁੰਦੇ ਹਨ।

7) ਇੱਕ ਹੋਰ ਗੱਲ, ਦਵਾਈਆਂ ਉੱਤੇ ਹੋਣ ਵਾਲ਼ਾ ਖਰਚਾ ਇਸ ਕਰਕੇ ਹੀ ਨਹੀਂ ਵੱਧਦਾ ਕਿ ਦਵਾਈਆਂ ਮਹਿੰਗੀਆਂ ਹਨ, ਸਗੋਂ ਇਸ ਕਰਕੇ ਵੀ ਵੱਧਦਾ ਹੈ ਕਿ ਬਿਨਾਂ ਲੋੜੋਂ ਦਵਾਈਆਂ ਲਿਖੀਆਂ ਜਾਂਦੀਆਂ ਹਨ।

ਇਸ ਮਸਲੇ ਉਤੇ ਵਿਚਾਰ-ਸੰਵਾਦ ਜਾਰੀ ਰਹੇਗਾ, ਫ਼ਿਲਹਾਲ ਇੰਨਾ ਹੀ। ਸੁਆਲਾਂ-ਸੁਝਾਵਾਂ ਨੂੰ ਜੀ ਆਇਆਂ ਨੂੰ.

## 17 ਸਾਲਾ ਹਰਪ੍ਰੀਤ ਦੇ ਅੰਗਦਾਨ ਨਾਲ 3 ਮਰੀਜਾਂ ਨੂੰ ਨਵੀਂ ਜ਼ਿੰਦਗੀ ਮਿਲੀ

ਵਿਗਿਆਨ ਅਤੇ ਮਨੁੱਖਤਾ ਵਿੱਚ ਵਿਸ਼ਵਾਸ ਰੱਖਣ ਵਾਲੇ ਬੱਸੀ ਪਠਾਣਾ ਦੇ ਇੱਕ ਪਰਿਵਾਰ ਨੇ ਆਪਣੇ ਨਿੱਜੀ ਦੁੱਖ ਨੂੰ ਕੁਝ ਹੋਰ ਪਰਿਵਾਰਾਂ ਲਈ ਖੁਸ਼ੀ ਦੇ ਮੌਕੇ ਵਿੱਚ ਬਦਲਣ ਦੀ ਮਿਸਾਲ ਪੇਸ਼ ਕੀਤੀ ਹੈ। ਬੀ.ਸੀ.ਏ. ਕਰ ਰਹੀ ਹਰਪ੍ਰੀਤ, ਜੋ ਜ਼ਿੰਦਗੀ ਪ੍ਰਤੀ ਖੂਬਸੂਰਤ ਆਸਾਂ ਨਾਲ ਭਰਪੂਰ ਸੀ, ਅਚਾਨਕ ਉਚਾਈ ਤੋਂ ਡਿੱਗਣ ਕਰਕੇ ਹਾਦਸੇ ਦਾ ਸ਼ਿਕਾਰ ਹੋ ਗਈ। ਉਸਨੂੰ ਪਹਿਲਾਂ ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ ਵਿੱਚ ਭਰਤੀ ਕੀਤਾ ਗਿਆ ਅਤੇ ਆਖਰ ਗੰਭੀਰ ਹਾਲਤ ਵਿੱਚ ਪੀ.ਜੀ.ਆਈ. ਚੰਡੀਗੜ੍ਹ ਵਿਖੇ ਲਿਆਣਾਂ ਗਿਆ। ਮਾਹਿਰ ਡਾਕਟਰਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਸਦੀ ਹਾਲਤ ਵਿੱਚ ਸੁਧਾਰ ਨਾ ਹੋ ਸਕਿਆ ਅਤੇ ਉਸ ਨੂੰ ਦਿਮਾਗੀ ਤੌਰ 'ਤੇ ਮ੍ਰਿਤ ਘੋਸ਼ਿਤ ਕੀਤਾ ਗਿਆ। ਇਸ ਮੌਕੇ ਉਸ ਦੇ ਪਿਤਾ ਸੁਰਿੰਦਰ ਸਿੰਘ ਨੇ ਬਹੁਤ ਹੌਂਸਲੇ ਵਾਲਾ ਫੈਸਲਾ ਲੈਂਦੇ ਹੋਏ ਹਰਪ੍ਰੀਤ ਦੇ ਸਾਰੇ ਯੋਗ ਅੰਗ ਲੋੜਵੰਦ ਮਰੀਜਾਂ ਨੂੰ ਦਾਨ ਕਰਨ ਲਈ ਸਹਿਮਤੀ ਦੇ ਦਿੱਤੀ। ਪਰਿਵਾਰ ਵੱਲੋਂ ਇਹ ਸਹਿਮਤੀ ਮਿਲਣ 'ਤੇ ਪੀ.ਜੀ.ਆਈ. ਦੀਆਂ ਸਬੰਧਿਤ ਟੀਮਾਂ ਨੇ ਤੁਰੰਤ ਕਾਰਵਾਈ ਕਰਦਿਆਂ ਹਰਪ੍ਰੀਤ ਦੇ ਜਿਗਰ ਨੂੰ ਮੋਹਾਲੀ ਦੇ ਇੱਕ 51 ਸਾਲਾ ਵਿਅਕਤੀ ਨੂੰ ਟ੍ਰਾਂਸਪਲਾਂਟ ਕੀਤਾ ਗਿਆ। ਉਸਦਾ ਇੱਕ ਗੁਰਦਾ ਸੋਲਨ ਦੀ 25 ਸਾਲਾ ਔਰਤ ਨੂੰ ਅਤੇ ਦੂਸਰਾ ਗੁਰਦਾ ਚੰਡੀਗੜ੍ਹ ਦੇ 36 ਸਾਲਾ ਵਿਅਕਤੀ ਨੂੰ ਪ੍ਰਦਾਨ ਕੀਤਾ ਗਿਆ। ਇਹ ਤਿੰਨੋ ਮਰੀਜ, ਜੋ ਆਪਣੇ ਜੀਵਨ ਦੀ ਆਖਰੀ ਕਗਾਰ 'ਤੇ ਸਨ, ਹੁਣ ਹਰਪ੍ਰੀਤ ਦੇ ਅੰਗਦਾਨ ਕਾਰਣ ਨਵੀਂ ਜਿੰਦਗੀ ਜੀ ਰਹੇ ਹਨ।

# ਬਿਨ੍ਹਾਂ ਲਾਗਤ ਦਾ ਧੰਦਾ ਹੈ 'ਬਾਬਾ ਗਿਰੀ'

**- ਵੇਣੀ ਸ਼ੰਕਰ ਪਟੇਲ 'ਬ੍ਰਜ'**

ਜ਼ਿੰਦਗੀ ਵਿੱਚ ਪੈਸਾ ਕਮਾਉਣ ਦੇ ਲਈ ਪਤਾ ਨਹੀਂ ਮਨੁੱਖ ਨੂੰ ਕਿੰਨੇ ਕੰਮ ਕਰਨੇ ਪੈਂਦੇ ਹਨ। ਕੋਈ ਨੌਕਰੀ ਕਰਦਾ ਹੈ, ਕੋਈ ਛੋਟਾ ਵਪਾਰ ਕਰਦਾ ਹੈ, ਕੋਈ ਦਿਹਾੜੀ, ਅਤੇ ਕੋਈ ਖੇਤੀ। ਫਿਰ ਵੀ ਕਈ ਵਾਰ ਚੰਗੀ ਤਰ੍ਹਾਂ ਗੁਜ਼ਾਰਾ ਨਹੀਂ ਹੁੰਦਾ। ਇਸ ਦੇ ਬਾਵਜੂਦ ਇੱਕ ਅਜਿਹਾ ਧੰਦਾ ਵੀ ਹੈ- ਬਾਬਾਗਿਰੀ ਜਿਸ ਵਿੱਚ ਬਿਨ੍ਹਾਂ ਲਾਗਤ ਲਗਾਏ ਕਰੋੜਾਂ ਰੁਪਏ ਦਾ ਫਾਇਦਾ ਹੈ। ਅੱਯਾਸ਼ ਜ਼ਿੰਦਗੀ ਜੀਣ ਦੀ ਪੂਰੀ ਗਾਰੰਟੀ ਹੈ।

ਬੱਸ ਕਿਸੇ ਦਰੱਖਤ ਦੇ ਹੇਠਾਂ ਆਸਨ ਲਗਾ ਕੇ ਬੈਠ ਜਾਓ ਅਤੇ ਆਉਣ ਜਾਣ ਵਾਲਿਆਂ ਨੂੰ ਆਸ਼ੀਰਵਾਦ ਦੇਣ ਲੱਗੋ। ਕੁਝ 'ਗਿਆਨ' ਦੀਆਂ ਗੱਲਾਂ ਉਹਨਾਂ ਨੂੰ ਦੱਸਣ ਲੱਗੋ। ਬੱਸ ਫੇਰ ਦੇਖਦੇ-ਦੇਖਦੇ ਤੁਹਾਡੀ ਮਸ਼ਹੂਰੀ ਆਲੇ-ਦੁਆਲੇ ਪਹੁੰਚ ਜਾਵੇਗੀ। ਕਿਸੇ ਨੂੰ ਭਬੂਤੀ ਦੇ ਦਿਓ, ਤੇ ਕਿਸੇ ਦੇ ਮਨ ਦੀ ਗੱਲ ਦੱਸ ਦਿਓ। ਅੱਜ ਕੱਲ੍ਹ ਕਿਸੇ ਦੇ ਮਨ ਦੀ ਗੱਲ ਦੱਸਣਾ ਤਾਂ ਬਹੁਤ ਆਸਾਨ ਕੰਮ ਹੈ, ਕਿਉਂਕਿ ਹਰੇਕ ਆਦਮੀ ਦਾ ਇੱਕ ਹੀ ਮਕਸਦ ਹੈ- 'ਪੈਸਾ ਕਮਾਉਣਾ।' ਬਸ ਏਨਾ ਹੀ ਤਾਂ ਕਹਿਣਾ ਹੈ ਕਿ ਪੈਸਾ ਤਾਂ ਬਹੁਤ ਆਉਂਦਾ ਹੈ, ਪਰ ਖੜ੍ਹਦਾ ਨਹੀਂ ਹੈ। ਸਾਹਮਣੇ ਵਾਲਾ ਗਦਗਦ ਹੋ ਜਾਵੇਗਾ ਅਤੇ ਫੇਰ ਉਸਦੇ ਸਿਰ ਉੱਤੇ ਹੱਥ ਰੱਖ ਕੇ ਉਸਨੂੰ ਫੁੱਲ ਅਤੇ ਨਾਰੀਅਲ ਫੜ੍ਹਾ ਦਿਓ।

ਜੇਕਰ ਕੁੱਝ ਲੋਕਾਂ ਨੂੰ ਵੀ ਤੁਹਾਡੀ ਆਖੀ ਗੱਲ ਸੂਤ ਬੈਠ ਗਈ ਅਤੇ ਉਹ ਆਪਣੇ ਕੰਮ ਵਿੱਚ ਇਤਫ਼ਾਕਨ ਕਾਮਯਾਬ ਹੋ ਗਏ ਤਾਂ ਸਮਝ ਲਵੋ ਕਿ ਤੁਹਾਡਾ ਕੰਮ ਬਣ ਗਿਆ। ਹੌਲੀ ਹੌਲੀ ਤੁਸੀਂ ਆਪਣਾ ਆਸ਼ਰਮ ਬਣਾ ਲਵੋ। ਕਥਾ ਸੁਣਾਉਣ ਲੱਗੋ। ਲੋਕਾਂ ਦੀ ਭੀੜ ਆਪਣੇ ਆਪ ਤੁਹਾਡੇ 'ਪ੍ਰਵਚਨ' ਵਿੱਚ ਇਕੱਠੀ ਹੋਣ ਲੱਗੇਗੀ। ਜਦ ਭੀੜ ਇਕੱਠੀ ਹੋਵੇਗੀ ਤਾਂ ਉਹ ਦਾਨ ਦਕਸ਼ਣਾ ਵੀ ਦੇਵੇਗੀ। ਕਦੇ ਕੋਈ ਵੱਡਾ ਆਦਮੀ ਪੰਜੇ ਵਿੱਚ ਫਸ ਗਿਆ ਤਾਂ ਉਹ ਆਸ਼ਰਮ ਨੂੰ ਮਹਿਲਨੁਮਾ ਬਣਾ ਦੇਵੇਗਾ। ਜੇਕਰ ਧੰਦਾ ਜਮ ਕੇ ਚੱਲ ਪਿਆ ਤਾਂ ਤੁਸੀਂ ਆਪਣੇ ਆਸ਼ਰਮ ਨੂੰ ਫਾਈਵ ਸਟਾਰ ਹੋਟਲ ਬਣਾ ਸਕਦੇ ਹੋ।

ਯਕੀਨ ਨਾ ਹੋਵੇ ਤਾਂ ਆਸਾ ਰਾਮ ਬਾਪੂ ਨੂੰ ਦੇਖ ਲਵੋ। ਕਿੱਥੇ ਤਾਂ ਉਹ ਪਾਕਿਸਤਾਨ ਤੋਂ ਗੁਜਰਾਤ ਆ ਕੇ ਤਾਂਗਾ ਚਲਾਉਂਦਾ ਸੀ, ਕਦੇ ਸੜਕ ਦੇ ਕਿਨਾਰੇ ਚਾਹ ਵੇਚਣ ਦਾ ਕੰਮ ਕਰਿਆ ਕਰਦਾ ਸੀ ਅਤੇ ਹੋਰ ਧੰਦਿਆਂ ਵਿੱਚ ਵੀ ਹੱਥ ਅਜਮਾਇਆ ਸੀ ਪਰ ਬਾਅਦ ਵਿੱਚ ਉਹਨਾਂ ਦੇ ਅੰਦਰ 'ਭਗਵਾਨ' ਬਣਨ ਦੀ ਇੱਛਾ ਨੇ ਜਨਮ ਲਿਆ। 'ਭਗਵਾਨ' ਬਣੇ ਆਸਾ ਰਾਮ ਨੇ ਅਹਿਮਦਾਬਾਦ ਤੋਂ ਕੁੱਝ ਕਿਲੋਮੀਟਰ ਦੂਰ ਮੋਟੇਰਾ ਕਸਬੇ ਵਿੱਚ ਆਪਣਾ ਆਸ਼ਰਮ ਖੋਲ੍ਹ ਦਿੱਤਾ। ਹੌਲੀ-ਹੌਲੀ ਆਸਾ ਰਾਮ ਲੋਕਾਂ ਦਾ 'ਬਾਪੂ' ਬਣ ਗਿਆ। ਅੱਜ ਸੰਸਾਰ ਭਰ ਵਿੱਚ ਉਸ ਦੇ 400 ਆਸ਼ਰਮ, 40 ਗੁਰੂਕੁਲ ਅਤੇ ਦੁਨੀਆਂ ਭਰ ਵਿੱਚ ਲਗਭਗ 3 ਕਰੋੜ ਭਗਤ ਹਨ। ਬਾਬਿਆਂ ਦੀ 'ਕੁੰਡਲੀ' ਖੰਗਾਲਣ ਉੱਤੇ ਇਹ ਸਾਬਤ ਹੋ ਜਾਂਦਾ ਹੈ ਕਿ ਬਿਨ੍ਹਾਂ ਕਿਸੇ ਲਾਗਤ ਦੇ ਅਰਬਾਂ ਰੁਪਏ ਦੀ ਧਨ ਦੌਲਤ ਕਮਾਈ ਜਾ ਸਕਦੀ ਹੈ। ਉੱਤਰ ਪ੍ਰਦੇਸ਼ ਦੇ ਹਾਥਰਸ ਵਿੱਚ ਨਾਰਾਇਣ ਸਾਕਾਰ ਹਰੀ ਉਰਫ਼ ਭੋਲੇ ਬਾਬੇ ਦੇ ਕੋਲ ਸੌ ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਹੈ। ਰਈਸ 'ਬਾਬਿਆਂ' ਦੀ ਲੜੀ ਵਿੱਚ ਰਾਮਦੇਵ ਅਤੇ ਸਦਗੁਰੂ ਜੱਗੀ ਵਾਸੁਦੇਵ ਦਾ ਨਾਂ ਵੀ ਸਭ ਤੋਂ ਉੱਪਰ ਵਾਲਿਆਂ ਵਿੱਚ ਆਉਂਦਾ ਹੈ। ਅਜਿਹੇ ਹੋਰ ਵੀ ਅਧਿਆਤਮਕ ਗੁਰੂ ਅਤੇ ਬਾਬੇ ਹਨ ਜਿਹੜੇ ਬੇਹਿਸਾਬ ਜਾਇਦਾਦ ਦੇ ਮਾਲਕ ਹਨ। ਇਹਨਾਂ ਦੇ ਅੱਗੇ ਤਾਂ ਵੱਡੇ-ਵੱਡੇ ਉਦਯੋਗਪਤੀ ਵੀ ਫੇਲ੍ਹ ਹਨ।

ਡੇਰਾ ਸੱਚਾ ਸੌਦਾ ਦੇ ਗੁਰਮੀਤ ਰਾਮ ਰਹੀਮ ਸਿੰਘ ਦੇ ਕੋਲ ਕਰੋੜਾਂ ਰੁਪਏ ਦੀ ਜਾਇਦਾਦ ਹੈ। ਸੱਤਿਆ ਸਾਂਈ ਬਾਬੇ ਦੀ ਮੌਤ ਦੇ ਬਾਅਦ ਉਹਨਾਂ ਦੇ ਕਮਰੇ 'ਚੋਂ 98 ਕਿਲੋ ਸੋਨਾ, 11 ਕਰੋੜ ਰੁਪਏ ਦੀ ਨਕਦੀ ਅਤੇ 307 ਕਿਲੋ ਚਾਂਦੀ ਬਰਾਮਦ ਹੋਈ ਸੀ। 'ਯੋਗ ਗੁਰੂ' ਅਖਵਾਉਣ ਵਾਲੇ ਰਾਮਦੇਵ ਦੀ ਕੰਪਨੀ ਦਾ ਸਾਲਾਨਾ ਟਰਨਓਵਰ 10,000 ਕਰੋੜ ਤੋਂ ਵੀ ਵੱਧ ਦਾ ਹੋ ਚੁੱਕਾ ਹੈ।

'ਆਰਟ ਆਫ ਲਿਵਿੰਗ' ਸੰਸਥਾ ਦੇ ਬਾਨੀ ਸ਼੍ਰੀ ਸ਼੍ਰੀ ਰਵੀ ਸ਼ੰਕਰ ਦੀਆਂ 151 ਦੇਸ਼ਾਂ ਵਿੱਚ ਬਰਾਂਚਾਂ ਹਨ। ਇਸ ਦੇ ਇਲਾਵਾ ਉਹਨਾਂ ਦੀ ਫਾਰਮੇਸੀ ਕੰਪਨੀ ਅਤੇ ਸਿਹਤ ਕੇਂਦਰ ਵੀ ਹਨ। ਇਸ ਹਿਸਾਬ ਨਾਲ ਉਹਨਾਂ ਦੀ ਕੁੱਲ ਜਾਇਦਾਦ ਅਰਬਾਂ-ਖਰਬਾਂ ਵਿੱਚ ਹੈ।

ਭਾਰਤ ਦੇ ਲੋਕ Logic (ਤਰਕ) ਦੀ ਬਜਾਏ Magic (ਜਾਦੂ) ਦੇ ਪਿੱਛੇ ਭੱਜਦੇ ਹਨ। ਇਹੀ ਵਜ੍ਹਾ ਹੈ ਕਿ ਪਿਛਲੇ ਕੁੱਝ ਸਾਲਾਂ ਤੋਂ ਇਸ ਦੇਸ਼ ਵਿੱਚ ਵਿਗਿਆਨ ਪੈਦਾ ਹੋਣ ਦੀ ਬਜਾਏ ਜੋਤਸ਼ੀਆਂ ਅਤੇ ਬਾਬਿਆਂ ਦੀ ਫ਼ਸਲ ਬੇਸ਼ੁਮਾਰ ਵਧੀ

ਹੈ। ਬਾਬਾਗਿਰੀ ਦੇ ਇਸ ਕਾਰੋਬਾਰ/ਵਪਾਰ ਨੂੰ ਹੱਲਾ-ਸ਼ੇਰੀ ਦੇਣ ਵਿੱਚ ਸਰਕਾਰ ਨੇ ਵੀ ਕੋਈ ਕਸਰ ਬਾਕੀ ਨਹੀਂ ਛੱਡੀ ਹੈ।

ਸਾਡੇ ਦੇਸ਼ ਦੀ ਜਨਤਾ ਬਹੁਤ ਹੀ ਸ਼ਰਧਾਵਾਨ ਹੈ। ਘਰ ਵਿੱਚ ਭਾਵੇਂ ਦੋ ਡੰਗ ਦੀ ਰੋਟੀ ਨਸੀਬ ਨਾ ਹੋਵੇ, ਪਰ ਡੇਰਿਆਂ/ਧਾਰਮਿਕ ਸਥਾਨਾਂ ਵਿੱਚ ਖੁੱਲ੍ਹ ਕੇ ਚੜ੍ਹਾਵਾ ਚੜ੍ਹਾਉਣ ਵਿੱਚ ਉਹ ਪਿੱਛੇ ਨਹੀਂ ਹੈ। ਪਿੰਡ ਸ਼ਹਿਰ ਤੋਂ ਚੰਦਾ ਉਗਰਾਹੀ ਕਰ ਕੇ ਕੋਈ ਧਾਰਮਿਕ ਯੱਗ, ਧਾਰਮਿਕ ਪੂਜਾ ਪਾਠ ਕਰਾ ਕੇ 'ਬਾਬਾ' ਜੀ ਇਕ ਪਹੁੰਚੇ ਹੋਏ ਸੰਤ ਦਾ ਪ੍ਰਮਾਣ ਪੱਤਰ ਪ੍ਰਾਪਤ ਕਰ ਲੈਂਦੇ ਹਨ। ਹੁਣ ਬਾਬਾ ਬਣਨ ਦੇ ਲਈ ਗੇਰੂਆ ਕੱਪੜੇ ਪਾਉਣ ਦੀ ਲੋੜ ਨਹੀਂ ਹੈ। ਸੂਟ-ਬੂਟ ਅਤੇ ਟਾਈ ਪਾ ਕੇ ਵੀ ਬਾਬਾ ਬਣਿਆ ਜਾ ਸਕਦਾ ਹੈ। ਮਾਡਰਨ ਭੋਲੇ ਬਾਬੇ ਨੇ ਕਰੋੜਾਂ ਰੁਪਏ ਦੀ ਜਾਇਦਾਦ ਜੋੜ ਲਈ ਹੈ। ਉੱਤਰ ਪ੍ਰਦੇਸ਼ ਵਿੱਚ ਉਸ ਦੇ ਲਗਭਗ 25 ਆਸ਼ਰਮ ਹਨ। ਇਸ ਦੇ ਨਾਲ-ਨਾਲ ਕਿੰਨੀਆਂ ਹੀ ਲਗਜ਼ਰੀ ਕਾਰਾਂ ਦਾ ਕਾਫ਼ਲਾ ਵੀ ਹੈ। ਨਾਲ ਹੀ ਸੇਵਾ ਵਿੱਚ ਸੈਂਕੜੇ ਸੇਵਾਦਾਰ ਤੈਨਾਤ ਰਹਿੰਦੇ ਹਨ।

ਵਿਗਿਆਨ ਅਤੇ ਤਕਨੀਕ ਦੇ ਜ਼ਮਾਨੇ ਵਿੱਚ ਬਾਬੇ ਵੀ ਹਾਈਟੈਕ ਹੋ ਗਏ ਹਨ। ਉਹਨਾਂ ਦੇ ਨਾਂ ਹੁਣ 'ਲੈਪਟੌਪ ਬਾਬਾ', 'ਮੋਬਾਈਲ ਬਾਬਾ', 'ਇੰਟਰਨੈੱਟ ਬਾਬਾ' ਆਦਿ ਹੋ ਗਏ ਹਨ। ਹੁਣ ਇਹ ਬਾਬੇ ਜੰਗਲ ਅਤੇ ਸੁੰਨਸਾਨ ਵਿੱਚ ਨਹੀਂ ਸਗੋਂ ਆਲੀਸ਼ਾਨ ਆਸ਼ਰਮਾਂ ਵਿੱਚ ਰਹਿ ਕੇ 'ਔਖੀ/ਕਠਿਨ' ਸਾਧਨਾ ਵਿੱਚ ਲੀਨ ਰਹਿੰਦੇ ਹਨ। ਅੱਜ ਕੱਲ੍ਹ ਸਤਿਸੰਗ ਉਸੇ ਸੰਤ ਦਾ ਠੀਕ ਮੰਨਿਆ ਜਾਂਦਾ ਹੈ ਜਿਸ ਦੇ ਪੰਡਾਲ ਵਿੱਚ ਜਲੇਬੀ ਅਤੇ ਅਦਰਕ ਵਾਲੀ ਚਾਹ ਮਿਲਦੀ ਹੋਵੇ। ਇਸ ਗੱਲ ਦਾ ਧਿਆਨ ਵੀ ਰੱਖਿਆ ਜਾਵੇ ਕਿ ਭਗਤਾਂ ਨੂੰ ਕਥਾ ਪ੍ਰਵਚਨ ਸੁਨਣ ਵਿੱਚ ਕੋਈ ਅਸੁਵਿਧਾ ਨਾ ਹੋਵੇ। ਖ਼ਰਚ ਦੀ ਫ਼ਿਕਰ ਕਰਨ ਦੀ ਲੋੜ ਨਹੀਂ ਹੈ। ਭਗਤ ਚੜ੍ਹਾਵਾ ਚੜ੍ਹਾਉਂਦੇ ਸਮੇਂ ਪੋਹਾ, ਜਲੇਬੀ, ਚਾਹ ਦੀ ਪੇਮੈਂਟ ਦੇ ਨਾਲ ਆਪਣੇ ਹਿੱਸੇ ਦਾ ਦਾਨਪੁੰਨ ਕਰਨ ਵਿੱਚ ਕਦੇ ਪਿੱਛੇ ਨਹੀਂ ਰਹਿਣਗੇ।

ਸਰਕਾਰ ਬਾਬਾਗਿਰੀ ਦੇ ਇਸ ਧੰਦੇ ਨੂੰ ਉਤਸ਼ਾਹ ਦੇਣ ਦੇ ਲਈ ਸਕੂਲਾਂ, ਕਾਲਜ਼ਾਂ ਵਿੱਚ ਇਸ ਦੇ ਲਈ ਕੋਰਸ ਸ਼ਾਮਲ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੀ ਹੈ। ਜੇਲ੍ਹ ਵਿੱਚ ਬੰਦ ਬਾਬਿਆਂ ਤੋਂ ਉਹਨਾਂ ਦੇ ਤਜ਼ਰਬਿਆਂ ਦਾ ਲਾਭ ਲੈ ਕੇ ਇਹਨਾਂ ਵਿਸ਼ਿਆਂ ਦਾ ਸਿਲੇਬਸ ਤਿਆਰ ਕਰਾਉਣ ਉੱਤੇ ਵਿਚਾਰ ਚੱਲ ਰਿਹਾ ਹੈ।

ਲੋਕ ਹਿਤ ਇਹ ਮੰਗ ਕਰਦਾ ਹੈ ਕਿ ਭੋਲੇ-ਭਾਲੇ, ਅਗਿਆਨੀ, ਪਿਛਲੱਗ ਲੋਕਾਂ ਆਦਿ ਨੂੰ 'ਬਾਬਿਆਂ' ਦੇ ਇਸ ਚੁੰਗਲ ਵਿੱਚੋਂ ਕੱਢ ਕੇ ਉਹਨਾਂ ਦੇ ਜੀਵਨ ਦੀਆਂ ਸਮੱਸਿਆਵਾਂ ਦੇ ਅਸਲੀ ਕਾਰਣਾਂ ਬਾਰੇ ਸੁਚੇਤ ਕੀਤਾ ਜਾਵੇ ਤਾਂ ਜੋ ਇਹਨਾਂ ਡੇਰਿਆਂ ਵਿੱਚ ਉਹਨਾਂ ਦੀ ਹੋ ਰਹੀ ਲੁੱਟ ਤੋਂ ਉਹਨਾਂ ਨੂੰ ਨਿਜਾਤ ਦਿਵਾਈ ਜਾ ਸਕੇ।

**ਪੰਜਾਬੀ ਅਨੁਵਾਦ : ਪਵਨ ਰੱਤੋ**

## ਕੌਣ ਕਹਿੰਦਾ ਹੈ ?

ਕੌਣ ਕਹਿੰਦਾ ਹੈ ਕਿ ਨਿਰਜੀਵ ਬੋਲਦਾ ਨਹੀਂ ?
ਸਾਇੰਸ ਅਧਿਆਪਕ ਦੇ ਘਰ 'ਤੇ ਲੱਗਿਆ ਨਜ਼ਰਬੱਟੂ
ਬਹੁਤ ਕੁੱਝ ਕਹਿੰਦਾ ਹੈ।
ਸਾਧਾਂ ਦੇ ਨਾਮ 'ਤੇ ਰੱਖੇ ਸਕੂਲਾਂ ਦੇ ਨਾਂ
ਬੜਾ ਕੁੱਝ ਕਹਿੰਦੇ ਨੇ।
ਧਾਰਮਿਕ ਸਥਾਨਾਂ ਦੀ ਸ਼ਾਨੋ ਸ਼ੌਕਤ
ਬੜਾ ਕੁੱਝ ਕਹਿੰਦੀ ਹੈ।
ਤੇ ਬਾਹਰ ਲੱਗੇ ਜੋੜਿਆਂ ਦੇ ਅੰਬਾਰ
ਬੜਾ ਕੁੱਝ ਕਹਿੰਦੇ ਨੇ।
ਬਾਲਾਂ 'ਤੇ ਥੋਪੇ ਧਾਰਮਿਕ ਪਹਿਰਾਵੇ
ਵੀ ਬੜਾ ਕੁੱਝ ਕਹਿੰਦੇ ਨੇ।
ਨਾਲੀਆਂ 'ਚ ਰੁਲਦਾ ਦੁੱਧ
ਬਹੁਤ ਕੁੱਝ ਕਹਿੰਦਾ ਹੈ।
ਤੇ ਬੋਤਲਾਂ 'ਚ ਵਿਕਣ ਵਾਲਾ ਮੂਤਰ ਵੀ
ਬੜਾ ਕੁੱਝ ਕਹਿੰਦਾ ਹੈ।
ਦਰਵਾਜ਼ਿਆਂ 'ਤੇ ਟੰਗੇ ਨਿੰਬੂ ਮਿਰਚਾਂ ਵੀ
ਬੜਾ ਕੁੱਝ ਕਹਿੰਦੇ ਹਨ।
ਆਗੂ ਦੇ ਕਹਿਣ 'ਤੇ ਖੜਕਾਈਆਂ ਥਾਲੀਆਂ
ਬੜਾ ਕੁੱਝ ਕਹਿੰਦੀਆਂ ਨੇ।
ਸਾਧ ਦੇ ਫਰਲੋ ਆਉਣ 'ਤੇ ਕੀਤੀ ਦੀਪਮਾਲਾ
ਬਹੁਤ ਕੁੱਝ ਕਹਿੰਦੀ ਹੈ।
ਪਰ ਆਪਾਂ ਬੋਲੇ ਹਾਂ,
ਸਾਨੂੰ ਤਾਂ ਸਸਤੇ ਆਟੇ ਦਾਲ ਦਾ
ਹੋਕਾ ਹੀ ਸੁਣਦਾ ਹੈ।

**- ਜਗਜੀਤ ਮਨਸੂਰਪੁਰੀ**

# 'ਜਲ-ਪ੍ਰਵਾਹ' : ਨਹਿਰਾਂ ਦੀ ਵਿਗੜੀ 'ਗ੍ਰਹਿ ਚਾਲ'

**- ਚਰਨਜੀਤ ਭੁੱਲਰ**

**ਨਹਿਰਾਂ ਵਿੱਚ ਠੋਸ ਸਮੱਗਰੀ ਤਾਰ ਰਹੇ ਨੇ ਲੋਕ : ਜਲ ਸਰੋਤ ਵਿਭਾਗ ਵੱਲੋਂ ਤਿੰਨ ਦਰਜਨ ਥਾਵਾਂ ਦੀ ਸ਼ਨਾਖ਼ਤ**

ਪੰਜਾਬ ਦੇ ਵਹਿਮਾਂ-ਭਰਮਾਂ 'ਚ ਫਸੇ ਲੋਕ ਆਪਣੇ 'ਗ੍ਰਹਿ' ਟਾਲਣ ਲਈ ਨਹਿਰਾਂ ਨੂੰ ਪਲੀਤ ਕਰ ਰਹੇ ਹਨ, ਜਿਨ੍ਹਾਂ ਤੋਂ ਨਹਿਰ ਮਹਿਕਮਾ ਪ੍ਰੇਸ਼ਾਨ ਹੈ। ਵੱਡੇ ਤੇ ਛੋਟੇ ਸ਼ਹਿਰਾਂ ਨੇੜਿਓਂ ਲੰਘਦੇ ਰਜਵਾਹੇ ਤੇ ਨਹਿਰਾਂ 'ਚ ਨਾਰੀਅਲਾਂ ਸਮੇਤ ਇੰਨੀ 'ਸਮੱਗਰੀ' ਸੁੱਟੀ ਜਾ ਰਹੀ ਹੈ ਜੋ ਨਹਿਰੀ ਪਾਣੀ ਨੂੰ ਦੂਸ਼ਿਤ ਕਰ ਰਹੀ ਹੈ। ਨਹਿਰ ਮਹਿਕਮੇ ਨੇ ਵੱਡੀਆਂ ਨਹਿਰਾਂ ਦੇ ਅਜਿਹੇ ਤਿੰਨ ਦਰਜਨ ਪੁਆਇੰਟਾਂ ਦੀ ਸ਼ਨਾਖ਼ਤ ਕੀਤੀ ਹੈ ਜਿੱਥੋਂ ਲੋਕ ਨਹਿਰਾਂ 'ਚ ਨਾਰੀਅਲ, ਪਲਾਸਟਿਕ ਦੇ ਲਿਫ਼ਾਫ਼ਿਆਂ 'ਚ ਦਾਲਾਂ ਅਤੇ ਹੋਰ ਸਮੱਗਰੀ ਸੁੱਟਦੇ ਹਨ। ਜਲ ਸਰੋਤ ਵਿਭਾਗ ਨੇ ਸਮੁੱਚੇ ਪੰਜਾਬ 'ਚ ਵੱਡੀਆਂ ਨਹਿਰਾਂ 'ਚ ਸੁੱਟੇ ਜਾਂਦੇ ਸਾਮਾਨ ਵਾਲੀਆਂ ਥਾਵਾਂ ਦੀ ਸੂਚੀ ਤਿਆਰ ਕੀਤੀ ਹੈ ਤਾਂ ਜੋ ਕੌਮੀ ਗਰੀਨ ਟ੍ਰਿਬਿਊਨਲ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਤਹਿਤ ਨਹਿਰਾਂ ਨੂੰ ਪ੍ਰਦੂਸ਼ਣ ਮੁਕਤ ਰੱਖਣ ਲਈ ਕਦਮ ਉਠਾਏ ਜਾ ਸਕਣ। ਸਭ ਤੋਂ ਵੱਧ ਪੁਆਇੰਟ ਭਾਖੜਾ ਨਹਿਰ ਦੇ ਸ਼ਨਾਖ਼ਤ ਹੋਏ ਹਨ ਤੇ ਇਸ ਨਹਿਰ ਵਿੱਚ 12 ਥਾਵਾਂ 'ਤੇ ਲੋਕ 'ਸਮੱਗਰੀ', 'ਜਲ ਪ੍ਰਵਾਹ' ਕਰਦੇ ਹਨ। ਰਿਪੋਰਟ ਅਨੁਸਾਰ ਖਰੜ-ਲੁਧਿਆਣਾ ਕੌਮੀ ਮਾਰਗ, ਖੰਨਾ-ਸਮਰਾਲਾ ਰੋਡ, ਖੰਨਾ-ਮਾਲੇਰਕੋਟਲਾ ਸੜਕ ਆਦਿ ਲਾਗੇ ਭਾਖੜਾ ਨਹਿਰ 'ਚ ਲੋਕ ਸਮੱਗਰੀ ਤਾਰਦੇ ਹਨ। ਮੁੱਢਲੇ ਪੜਾਅ 'ਤੇ ਸਿਰਫ਼ ਵੱਡੀਆਂ ਨਹਿਰਾਂ ਦਾ ਅੰਕੜਾ ਤਿਆਰ ਕੀਤਾ ਗਿਆ ਹੈ। ਸਰਹਿੰਦ ਕੈਨਾਲ 'ਤੇ ਗਹਿਰੀ ਬਰਿੱਜ ਅਤੇ ਨੀਲੋਂ ਬਰਿੱਜ ਸ਼ਨਾਖ਼ਤ ਹੋਏ ਹਨ। ਸਰਹਿੰਦ ਕੈਨਾਲ ਦੇ ਸਾਰੇ ਪੁਲਾਂ 'ਤੇ ਹੀ ਲੋਕ ਸਮੱਗਰੀ ਤਾਰਦੇ ਹਨ। ਬਠਿੰਡਾ ਨਹਿਰ 'ਚ ਸ਼ਹਿਰ ਦੇ ਪੁਲ ਕੋਲ ਸਵੇਰ ਸ਼ਾਮ ਵੱਡੀ ਗਿਣਤੀ ਲੋਕ ਪੁੱਜਦੇ ਹਨ।

ਪ੍ਰਾਪਤ ਵੇਰਵਿਆਂ ਅਨੁਸਾਰ ਅੱਪਰਬਾਰੀ ਦੋਆਬ ਨਹਿਰ ਦੇ ਛੇ ਪ੍ਰਮੁੱਖ ਪੁਆਇੰਟ ਸ਼ਨਾਖ਼ਤ ਹੋਏ ਹਨ ਜਿੱਥੇ ਇਹ ਸਮੱਗਰੀ ਤਾਰੀ ਜਾਂਦੀ ਹੈ। ਸਰਹਿੰਦ ਫੀਡਰ ਦੇ ਤਿੰਨ, ਬੀਕਾਨੇਰ ਕੈਨਾਲ ਦੇ ਦੋ ਅਤੇ ਰਾਜਸਥਾਨ ਤੇ ਈਸਟਰਨ ਫੀਡਰ ਦਾ ਇੱਕ-ਇੱਕ ਪ੍ਰਮੁੱਖ ਪੁਆਇੰਟ ਸ਼ਨਾਖ਼ਤ ਹੋਇਆ ਹੈ। ਜਲ ਸਰੋਤ ਵਿਭਾਗ ਦੇ ਅਧਿਕਾਰੀ ਆਖਦੇ ਹਨ ਕਿ ਪਲਾਸਟਿਕ ਦਾ ਕਚਰਾ ਅਤੇ ਨਾਰੀਅਲ ਝਾਲ ਵਿੱਚ ਫਸ ਜਾਂਦੇ ਹਨ ਜੋ ਕਈ ਵਾਰੀ ਨਹਿਰਾਂ ਦੇ ਟੁੱਟਣ ਦਾ ਕਾਰਨ ਵੀ ਬਣਦੇ ਹਨ। ਅਰਸਾ ਪਹਿਲਾਂ ਅੰਮ੍ਰਿਤਸਰ ਵਿੱਚ ਵਿਕਣ ਵਾਲੇ ਨਾਰੀਅਲ ਛੋਟੇ ਵਿਕਰੇਤਾ ਨਹਿਰਾਂ 'ਚੋਂ ਹੀ ਇਕੱਠੇ ਕਰਦੇ ਸਨ। ਕਰੀਬ ਸਾਲ ਪਹਿਲਾਂ ਭਾਖੜਾ ਨਹਿਰ ਵਿੱਚ ਸਮੱਗਰੀ ਜਲ ਪ੍ਰਵਾਹ ਕਰਨ ਗਈ ਇਕ ਔਰਤ ਅਤੇ ਉਸ ਦੇ ਛੋਟੇ ਬੱਚੇ ਦੀ ਪੈਰ ਫਿਸਲਣ ਕਰਕੇ ਮੌਤ ਵੀ ਹੋ ਗਈ ਸੀ। ਇੱਕ ਦਹਾਕਾ ਪਹਿਲਾਂ ਸਰਕਾਰ ਵੱਲੋਂ ਬਠਿੰਡਾ ਨਹਿਰ ਦੇ ਸ਼ਹਿਰ ਵਾਲੇ ਹਿੱਸੇ ਨੂੰ ਇਸ ਪ੍ਰਦੂਸ਼ਣ ਤੋਂ ਬਚਾਉਣ ਲਈ ਰਣਨੀਤੀ ਵੀ ਬਣਾਈ ਗਈ ਸੀ ਜੋ ਸਿਰੇ ਨਹੀਂ ਚੜ੍ਹੀ।

**ਨਹਿਰਾਂ ਨੂੰ ਪਲੀਤ ਹੋਣ ਤੋਂ ਬਚਾਉਣ ਦੇ ਉਪਰਾਲੇ ਜਾਰੀ : ਮੁੱਖ ਇੰਜਨੀਅਰ**

ਮੁੱਖ ਇੰਜਨੀਅਰ (ਨਹਿਰਾਂ) ਦਾ ਕਹਿਣਾ ਸੀ ਕਿ ਪਲਾਸਟਿਕ ਸਮੱਗਰੀ ਅਤੇ ਨਾਰੀਅਲ ਆਦਿ ਜੋ ਨਹਿਰਾਂ ਵਿੱਚ ਸੁੱਟੇ ਜਾਂਦੇ ਹਨ, ਉਹ ਨਹਿਰਾਂ ਨੂੰ ਪਲੀਤ ਕਰਦੇ ਹਨ ਅਤੇ ਇਹ ਬਹੁਤ ਗੰਭੀਰ ਮੁੱਦਾ ਹੈ। ਉਨ੍ਹਾਂ ਕਿਹਾ ਕਿ ਮਹਿਕਮੇ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਨਾਲ ਤਾਲਮੇਲ ਕੀਤਾ ਜਾਂਦਾ ਹੈ ਅਤੇ ਮਹਿਕਮੇ ਦਾ ਫੀਲਡ ਸਟਾਫ਼ ਅਜਿਹਾ ਕਰਨ ਤੋਂ ਰੋਕਣ ਲਈ ਮੁਸਤੈਦ ਵੀ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਕੌਮੀ ਗਰੀਨ ਟ੍ਰਿਬਿਊਨਲ ਨੇ ਵੀ ਇਸ ਦਿਸ਼ਾ ਵਿੱਚ ਨਿਰਦੇਸ਼ ਜਾਰੀ ਕੀਤੇ ਹੋਏ ਹਨ।

ਇੱਕ ਸਮਾਜਿਕ ਕਾਰਕੁਨ ਦਾ ਕਹਿਣਾ ਹੈ ਕਿ ਪੰਜਾਬ ਦੇ ਦਰਿਆਵਾਂ ਦਾ ਪਾਣੀ ਤਾਂ ਪਹਿਲਾਂ ਹੀ ਪਲੀਤ ਹੋ ਚੁੱਕਾ ਹੈ ਅਤੇ ਨਹਿਰਾਂ ਵਿੱਚ ਜੋਤਸ਼ੀਆਂ ਦੇ ਆਖੇ ਅੰਧ-ਵਿਸ਼ਵਾਸੀ ਲੋਕ ਦਾਲਾਂ ਸਮੇਤ ਪਲਾਸਟਿਕ ਲਿਫ਼ਾਫ਼ੇ ਤਾਰਦੇ ਹਨ ਅਤੇ ਕੱਚ ਦਾ ਕਾਫ਼ੀ ਸਾਮਾਨ ਹੁੰਦਾ ਹੈ ਜੋ ਅੱਗੇ ਰਜਵਾਹਿਆਂ ਵਿੱਚ ਹੁੰਦਾ ਹੋਇਆ ਪਿੰਡਾਂ ਤੱਕ ਪੁੱਜਦਾ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਫ਼ੌਰੀ ਇਸ ਪਾਸੇ ਧਿਆਨ ਦੇਵੇ ਕਿਉਂਕਿ ਇਨ੍ਹਾਂ ਦਾ ਪਾਣੀ ਜਲ ਘਰਾਂ ਜ਼ਰੀਏ ਲੋਕ ਪੀਂਦੇ ਹਨ।

**ਸ੍ਰੋਤ : ਪੰਜਾਬੀ ਟ੍ਰਿਬਿਊਨ** (31-01-2025)

**"ਤਰਕਸ਼ੀਲ" ਪੜ੍ਹੋ, "ਤਰਕਸ਼ੀਲ" ਬਣੋ।**

# ਟੀਕੇ ਤੋਂ ਚੀਕਾਂ

"ਮੰਮੀਏ, ਮੈਂ ਟੀਕਾ ਨਹੀਂ ਲਗਵਾਉਣਾ! ਡੈਡੀ ਜੀ, ਮੈਂ ਟੀਕਾ ਨਹੀਂ ਲਗਵਾਉਣਾ, ਮਰ ਜਾਵੇ ਕੁੱਤਾ ਡਾਕਟਰ, ਮੈਂ ਟੀਕਾ ਨਹੀਂ ਲਗਵਾਉਣਾ," ਡਾਕਟਰ ਪਰਦੀਪ ਦੇ ਹੱਥ ਵਿੱਚ ਸਰਿੰਜ ਵਿੱਚ ਭਰਿਆ ਟੀਕਾ ਵੇਖ ਕੇ ਪੰਜਵੀਂ ਵਿੱਚ ਪੜ੍ਹਦਾ ਗੁਰਪ੍ਰੀਤ ਚੀਕਾਂ ਮਾਰੀ ਜਾ ਰਿਹਾ ਸੀ।

ਅੱਜ ਸਕੂਲ ਤੋਂ ਆਉਂਦਿਆਂ ਹੀ ਗੋਪੀ ਨੂੰ ਕੰਬ-ਕੰਬ ਕੇ ਤੇਜ ਬੁਖਾਰ ਹੋ ਗਿਆ ਸੀ। ਡਾਕਟਰ ਦੇ ਹੱਥ ਟੀਕੇ ਨੂੰ ਵੇਖ ਕੇ ਉਹ ਛੋਟੇ ਹੁੰਦੇ ਤੋਂ ਹੀ ਬਹੁਤ ਡਰ ਜਾਂਦਾ ਸੀ। ਇਸੇ ਕਰਕੇ ਮਾੜੇ-ਮੋਟੇ ਬੁਖਾਰ ਤੋਂ ਤਾਂ ਉਹਨਾਂ ਦਾ ਫੈਮਲੀ ਡਾਕਟਰ ਗੋਪੀ ਨੂੰ ਗੋਲੀਆਂ ਤੇ ਕੈਪਸੂਲ ਹੀ ਦੇ ਦਿੰਦਾ ਸੀ। ਪਰ ਪਿਛਲੀ ਵਾਰ ਉਸ ਦਾ ਬੁਖਾਰ ਵਿਗੜਣ ਕਾਰਣ ਉਹ ਬਹੁਤ ਕਮਜੋਰ ਹੋ ਗਿਆ ਸੀ। ਇਸੇ ਕਰਕੇ ਉਸ ਦੇ ਮਾਂ-ਬਾਪ ਨੇ ਆਪ ਹੀ ਡਾਕਟਰ ਨੂੰ ਟੀਕਾ ਲਾਉਣ ਲਈ ਆਖਿਆ ਸੀ।

"ਬੇਟਾ ਗੋਪੀ, ਤੂੰ ਕਿਹੜੀ ਜਮਾਤ ਵਿੱਚ ਪੜ੍ਹਦਾ ਹੈਂ ?"

"ਮੈਂ ਪੰਜਵੀਂ ਵਿੱਚ ਪੜਦਾ ਹਾਂ।" ਡਾਕਟਰ ਨੇ ਮੁੰਡੇ ਦਾ ਧਿਆਨ ਗੱਲ ਵਿੱਚ ਲਾ ਕੇ ਟੀਕਾ ਲਾ ਦਿੱਤਾ ਸੀ। ਗੋਪੀ ਟੀਕਾ ਲੱਗਦਿਆ ਸਾਰ, ਫੇਰ ਛੜਾਂ ਮਾਰ ਕੇ ਤੜਫਿਆ ਪਰੰਤੂ ਉਸ ਦੀ ਮਾਂ ਨੇ ਕੁੱਛੜ ਚੁੱਕ ਕੇ ਮੁੰਡੇ ਨੂੰ ਸੰਭਾਲ ਲਿਆ ਸੀ।

ਸਮਾਂ ਆਪਣੀ ਰਫਤਾਰ ਨਾਲ ਅੱਗੇ ਚਲਦਾ ਗਿਆ। ਗੋਪੀ ਵੀ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਹੋਣ ਕਰਕੇ ਬੀ.ਏ. ਕਰ ਗਿਆ ਸੀ। ਉਸ ਪੁਲੀਸ ਵਿੱਚ ਅਤੇ ਫੌਜ ਵਿੱਚ ਭਰਤੀ ਹੋਣ ਲਈ ਬਹੁਤ ਕੋਸ਼ਿਸ਼ ਕੀਤੀ । ਪਰੰਤੂ ਉਹ ਸਫਲ ਨਾ ਹੋ ਸਕਿਆ। ਫੇਰ ਉਸ ਨੇ ਆਸਟਰੇਲੀਆ ਜਾਣ ਲਈ ਫਾਇਲ ਲਾਈ। ਇਥੇ ਵੀ ਉਸ ਨੂੰ ਤਿੰਨ ਵਾਰ ਰਿਫਿਊਜ਼ਲ ਆ ਗਈ ਸੀ। ਫਿਰ ਉਸ ਨੇ ਪੰਜਾਬ ਸਰਕਾਰ ਦੇ ਕਈ ਮਹਿਕਮਿਆਂ ਵਿੱਚ ਨੌਕਰੀ ਲਈ ਕੋਸ਼ਿਸ਼ਾਂ ਕੀਤੀਆਂ। ਉਸ ਦੀ ਦੋ ਵਾਰ ਚੋਣ ਹੋ ਕੇ ਡਿਊਟੀ ਜੁਆਇਨ ਕਰਨ ਦੇ ਆਡਰ ਤਾਂ ਮਿਲ ਗਏ ਪਰੰਤੂ ਦੋ ਸਾਲ ਤੱਕ ਵੀ ਕਿਸੇ ਪੋਸਟ ਤੇ ਜੁਆਇਨ ਨਾ ਕਰਵਾਇਆ ਗਿਆ।

ਗੋਪੀ ਡਿਪਰੈਸ਼ਨ ਦਾ ਸ਼ਿਕਾਰ ਹੋ ਗਿਆ। ਰਹਿੰਦੀ ਕਸਰ ਪਿੰਡ ਦੇ ਮੁੰਡਿਆਂ ਦੀ ਮਾੜੀ ਸੰਗਤ ਨੇ ਕੱਢ ਦਿੱਤੀ ਸੀ । ਹੁਣ ਉਹ ਚਿੱਟੇ ਦਾ ਸ਼ਿਕਾਰ ਹੋ ਗਿਆ ਸੀ। ਉਹ ਜਿਹੜੇ ਟੀਕਿਆਂ ਤੋਂ ਡਰਦਾ ਚੀਕਾਂ ਮਾਰਦਾ ਹੁੰਦਾ ਸੀ, ਉਹ ਟੀਕੇ ਢਾਣੀਆਂ ਵਿੱਚ ਖੁਦ ਨਾੜ ਲੱਭ ਕੇ ਲਾਉਣ ਲੱਗ ਪਿਆ ਸੀ। ਮਾਂ-ਬਾਪ ਨੇ ਸਮਝਾਉਣ ਲਈ ਹਰ ਕੋਸਿਸ਼ ਕੀਤੀ ਸੀ। ਪਰੰਤੂ ਉਹ ਲੜਾਈ-ਝਗੜਾ ਕਰਕੇ ਜਾਂ ਚੋਰੀ ਕਰਕੇ ਪੈਸੇ ਲੈ ਜਾਂਦਾ ਸੀ। ਨਾੜਾਂ ਵਿੱਚ ਟੀਕੇ ਲਾ ਲਾ ਕੇ ਉਸ ਨੇ ਆਪਣੇ ਸਾਰੇ ਸਰੀਰ ਨੂੰ ਕਾਲੇ ਧੱਬਿਆਂ ਨਾਲ ਭਰ ਲਿਆ ਸੀ।

ਆਖਿਰ ਮਾਂ-ਬਾਪ ਨੇ ਇਕ ਦਿਨ ਗੋਪੀ ਦੀ ਸਾਰੀ ਕਹਾਣੀ ਆਪਣੇ ਫੈਮਿਲੀ ਡਾਕਟਰ ਨੂੰ ਰੋ ਰੋ ਕੇ ਦੱਸੀ। ਅਗਲੇ ਦਿਨ ਤੜਕੇ ਡਾਕਟਰ ਇਕ ਤਰਕਸ਼ੀਲ ਨੂੰ ਨਾਲ ਲੈ ਕੇ ਉਹਨਾਂ ਦੇ ਘਰ ਆ ਗਿਆ ਸੀ। ਉਹਨਾਂ ਨੇ ਮੁੰਡੇ ਨੂੰ ਪਹਿਲਾਂ ਭਰੋਸੇ ਵਿੱਚ ਲਿਆ। ਫੇਰ ਉਸ ਦੀ ਸਾਰੀ ਵਿਥਿਆ ਸੁਣੀ। ਡਾਕਟਰ ਸਾਹਿਬ ਨੇ ਆਖਿਆ, "ਵੇਖ ਗੋਪੀ ਤੈਨੂੰ ਚੰਗੀ ਤਰ੍ਹਾਂ ਯਾਦ ਹੋਵੇਗਾ, ਤੂੰ ਮੇਰੇ ਹੱਥ ਵਿੱਚ ਸੂਈ-ਸਰਿੰਜ ਵੇਖ ਕੇ ਚੀਕਾਂ ਮਾਰਨ ਲੱਗ ਪੈਂਦਾ ਸੀ। ਇਥੇ ਹੀ ਬੱਸ ਨਹੀਂ ਮੈਨੂੰ ਗਾਲ੍ਹਾਂ ਕੱਢਦਾ ਬਾਹਰ ਭੱਜ ਜਾਂਦਾ ਸੀ।

"ਜਿਹੜੇ ਟੀਕਿਆਂ ਦੀ ਪੀੜ ਤੋਂ ਤੂੰ ਇਸ ਤਰ੍ਹਾਂ ਡਰਦਾ ਸੀ, ਜਿਵੇਂ ਪਠਾਣਾਂ ਦੇ ਬੱਚੇ ਹਰੀ ਸਿੰਘ ਨਲੂਏ ਤੋਂ ਡਰਦੇ ਸੀ। ਉਹ ਟੀਕੇ ਤੂੰ ਖੁਦ ਘੜੀ-ਮੁੜੀ ਲਾਉਣ ਲੱਗ ਪਿਆ ਹੈ। ਹੁਣ ਇਹਨਾਂ ਟੀਕਿਆਂ ਦੀ ਪੀੜ ਨਹੀਂ ਹੁੰਦੀ ?" ਡਾਕਟਰ ਨੇ ਮੁੰਡੇ ਦੀ ਦੁੱਖਦੀ ਰਗ 'ਤੇ ਹੱਥ ਰੱਖ ਕੇ ਸਮਝਾਉਣ ਦੀ ਕੋਸ਼ਿਸ਼ ਕਰਦਿਆਂ ਆਖਿਆ।

ਤਰਕਸ਼ੀਲ ਨੇ ਬਿਮਾਰੀ ਦੀ ਤਹਿ ਤੱਕ ਜਾ ਕੇ ਆਖਿਆ, "ਵੇਖ ਗੋਪੀ, ਹਾਲੇ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਜੇਕਰ ਤੂੰ ਨਸ਼ਿਆਂ ਨੂੰ ਛੱਡ ਕੇ ਪਹਿਲਾਂ ਵਾਲਾ ਗੋਪੀ ਬਣ ਜਾਵੇਂ, ਮੈਂ ਆਪਣੀ ਰਿਸ਼ਤੇਦਾਰੀ ਵਿੱਚੋਂ 7 ਆਈਲੈਟਸ ਬੈਂਡ ਵਾਲੀ ਕੁੜੀ ਦਾ ਰਿਸ਼ਤਾ ਕਰਵਾ ਕੇ ਇਕ ਸਾਲ ਵਿੱਚ ਤੈਨੂੰ ਕੈਨੇਡਾ ਜਾਂ ਆਸਟਰੇਲੀਆ ਭੇਜ ਦੇਵਾਂਗਾ।

ਮੁੰਡੇ ਨੇ ਆਖਿਆ, "ਮੈਂ ਖੁਦ ਵੀ ਨਸ਼ਿਆਂ ਨੂੰ ਗਲੋਂ ਲਾਉਣਾ ਚਾਹੁੰਦਾ ਹਾਂ। ਪਰੰਤੂ ਸਰੀਰ ਦੀ ਤਰੋਟ, ਭਵਿੱਖ ਵਿੱਚ ਹਨੇਰਾ, ਮੈਨੂੰ ਡਿਪਰੈਸ਼ਨ ਵਿੱਚ ਲੈ ਜਾਂਦੇ ਹਨ। ਡਿਪਰੈਸ਼ਨ ਤੋਂ ਬਚਣ ਲਈ ਮੈਂ ਨਸ਼ਿਆਂ ਦੇ ਮੱਕੜ-ਜਾਲ ਵਿੱਚ ਫਸ ਗਿਆ ਹਾਂ।

"ਅੰਕਲ ਜੀ, ਕੀ ਸੱਚਮੁੱਚ ਤੁਸੀਂ ਮੈਨੂੰ ਉਸ ਕੁੜੀ ਦਾ ਰਿਸ਼ਤਾ ਕਰਵਾ ਦਿਉਗੇ। ਮੈਂ ਕੰਨਾਂ ਨੂੰ ਹੱਥ ਲਾ ਕੇ ਤੋਬਾ ਕਰਦਾ ਹਾਂ। ਡਾਕਟਰ ਸਾਹਿਬ ਤੁਹਾਡੀਆਂ ਨਸੀਹਤਾਂ ਨੇ ਮੈਨੂੰ ਅੰਦਰ ਤੱਕ ਝੰਜੋੜ ਕੇ ਰੱਖ ਦਿੱਤਾ ਹੈ।" ਗੋਪੀ ਆਤਮ-ਵਿਸ਼ਵਾਸ਼ ਨਾਲ ਉੱਠਿਆ ਤੇ ਘਰ ਵਿੱਚ ਪਈਆਂ ਸਾਰੀਆਂ ਸਰਿੰਜਾਂ ਸੂਈਆਂ ਹਥੌੜੀ ਨਾਲ ਤੋੜ ਦਿੱਤੀਆਂ।

ਉਹੀ ਗੋਪੀ ਨਸ਼ਿਆਂ ਨੂੰ ਪੱਕੇ ਇਰਾਦੇ ਨਾਲ ਛੱਡ ਕੇ ਖੁਰਾਕ ਖਾਣ ਲੱਗ ਪਿਆ। ਛੇ ਮਹੀਨਿਆਂ ਵਿੱਚ, ਉਸੇ ਡਾਕਟਰ ਦੀ ਸਹਾਇਤਾ ਨਾਲ ਗੋਪੀ 'ਤੇ ਪਹਿਲਾਂ ਵਾਲੀ ਸੂਰਤ ਆ ਗਈ ਸੀ। ਜ਼ਮੀਨ ਅੱਠ ਕਿੱਲੇ ਬਚੀ ਹੋਣ ਕਰਕੇ ਉਸੇ ਕੁੜੀ ਦਾ ਰਿਸ਼ਤਾ ਹੋ ਗਿਆ ਸੀ। ਅਗਲੇ ਸਾਲ ਉਹ ਆਪਣੀ ਘਰ ਵਾਲੀ ਨਾਲ ਆਸਟਰੇਲੀਆ ਚਲੇ ਗਿਆ।

ਹੁਣ ਉਹ ਟੀਕਿਆਂ ਨੂੰ ਵੇਖ ਕੇ ਫੇਰ ਪਹਿਲਾਂ ਵਾਂਗ ਡਰਨ ਲੱਗ ਪਿਆ ਸੀ।

**ਸੁਖਵਿੰਦਰ ਸਿੰਘ ਖਾਰੇ ਵਾਲੇ ਦੀ ਕਲਮ ਤੋਂ।**

95305-79175

**ਤਰਕਸ਼ੀਲ ਨਜ਼ਰੀਆ -**

# ਸਭਿਆਚਾਰਕ ਤਬਦੀਲੀ ਅਤੇ ਸਭਿਆਚਾਰਕ ਵਿਰਾਸਤ

ਸਾਡਾ ਸਮਾਜ ਇੱਕ ਵੱਡੀ ਸਭਿਆਚਾਰਕ ਤਬਦੀਲੀ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਸ ਨਵੇਂ ਸਭਿਆਚਾਰ ਵਿੱਚ ਜਿੱਥੇ ਕੁਝ ਪੁਰਾਣੇ ਬੰਧਨ ਟੁੱਟ ਰਹੇ ਹਨ ਉਥੇ ਬਹੁਤ ਸਾਰੇ ਮਾੜੇ ਰੁਝਾਨ ਵੀ ਸਾਹਮਣੇ ਆ ਰਹੇ ਹਨ। ਯਾਨੀ ਇਸ ਨਵੇਂ ਉਭਰ ਰਹੇ ਸਭਿਆਚਾਰ ਵਿੱਚ ਵੀ ਹਾਂ-ਪੱਖ ਅਤੇ ਨਾਂਹ-ਪੱਖ ਦੋਹਵੇਂ ਸਾਹਮਣੇ ਆ ਰਹੇ ਹਨ। ਸਮਾਜ ਨੂੰ ਚੰਗੇ ਰੁਖ ਲੈ ਕੇ ਜਾਣ ਲਈ ਜਰੂਰੀ ਹੈ ਕਿ ਸਭਿਆਚਾਰ ਦੇ ਹਾਂ-ਪੱਖਾਂ ਨੂੰ ਉਤਸ਼ਾਹਿਤ ਕਰਦੇ ਹੋਏ ਨਾਂਹ-ਪੱਖਾਂ ਪ੍ਰਤੀ ਸੁਚੇਤ ਕੀਤਾ ਜਾਵੇ। ਪਰ ਇਸਦੇ ਲਈ ਇਹ ਸਮਝਣ ਦੀ ਜਰੂਰਤ ਹੈ ਕਿ ਸਭਿਆਚਾਰਕ ਤਬਦੀਲੀ ਪਿੱਛੇ ਕੀ ਕਾਰਕ ਕੰਮ ਕਰਦੇ ਹਨ। ਨਹੀਂ ਤਾਂ ਬਹੁਤ ਸਾਰੇ ਲੋਕ ਭਾਵਨਾਤਮਿਕ ਤੌਰ 'ਤੇ ਪੁਰਾਣੇ ਸਭਿਆਚਾਰ ਨਾਲ ਜੁੜੇ ਹੋਣ ਕਰਕੇ ਵਿਰਸੇ ਅਤੇ ਵਿਰਾਸਤ ਪ੍ਰਤੀ ਉਲਾਰ ਪਹੁੰਚ ਦਿਖਾਉਂਦੇ ਹਨ। ਅੱਜ ਕੱਲ੍ਹ ਬੀਤੇ ਸਮੇਂ ਦੇ ਰੀਤੀ ਰਿਵਾਜਾਂ ਅਤੇ ਕਦਰਾਂ ਕੀਮਤਾਂ ਨੂੰ ਅਪਨਾਉਣ ਪ੍ਰਤੀ ਕਾਫੀ ਭਾਵਕ ਅਪੀਲਾਂ ਕੀਤੀਆਂ ਜਾ ਰਹੀਆਂ ਹਨ। ਸੋ ਅਸੀਂ ਸਭਿਆਚਾਰਕ ਤਬਦੀਲੀ ਅਤੇ ਵਿਰਸੇ ਪ੍ਰਤੀ ਕੀ ਪਹੁੰਚ ਅਪਣਾਈਏ ਉਸ ਲਈ ਇਸ ਲੇਖ ਵਿੱਚ ਕੁਝ ਬੁਨਿਆਦੀ ਗੱਲਾਂ ਕੀਤੀਆਂ ਗਈਆਂ ਹਨ ਜਿਨ੍ਹਾਂ ਦੇ ਆਧਾਰ 'ਤੇ ਅੱਗੇ ਵਿਚਾਰ-ਚਰਚਾ ਚਲਾਉਣ ਦੀ ਲੋੜ ਹੈ।

---

ਅਸੀਂ ਜਾਣਦੇ ਹਾਂ ਕਿ ਮਨੁੱਖੀ ਇਤਿਹਾਸ ਵਿੱਚ ਸਭਿਆਚਾਰ ਲਗਾਤਾਰ ਤਬਦੀਲ ਹੁੰਦਾ ਰਿਹਾ ਹੈ। ਪਰ ਸਵਾਲ ਇਹ ਹੈ ਕਿ ਇਸ ਨੂੰ ਤਬਦੀਲ ਕਰਦਾ ਕੌਣ ਹੈ ? ਕੀ ਕੁਝ ਲੋਕ ਇਹ ਫੈਸਲਾ ਕਰ ਲੈਂਦੇ ਹਨ ਕਿ ਕੱਲ੍ਹ ਤੋਂ ਅਸੀਂ ਇਸ ਰਸਮ ਨੂੰ ਨਹੀਂ ਮੰਨਣਾ, ਇਸ ਪ੍ਰਥਾ ਨੂੰ ਛੱਡ ਦੇਣਾ ਹੈ, ਇਹੋ ਜਿਹੇ ਗੀਤ ਗਾਉਣੇ ਹਨ, ਇਹੋ ਜਿਹਾ ਪਹਿਰਾਵਾ ਪਹਿਨਣਾ ਹੈ। ਨਹੀਂ, ਇਉਂ ਕੁਝ ਵਿਅਕਤੀਆਂ ਦੇ ਸੋਚਿਆਂ ਸਭਿਆਚਾਰ ਨਹੀਂ ਬਦਲਦਾ। ਸਭਿਆਚਾਰ ਨੂੰ ਪੈਦਾ ਕਰਨ ਅਤੇ ਤਬਦੀਲ ਕਰਨ ਪਿੱਛੇ ਪਦਾਰਥਕ ਹਾਲਤਾਂ ਦਾ ਬੁਨਿਆਦੀ ਰੋਲ ਹੁੰਦਾ ਹੈ। ਪਦਾਰਥਕ ਹਾਲਤਾਂ ਨੂੰ ਆਧਾਰ (Base) ਅਤੇ ਸਭਿਆਚਾਰ ਨੂੰ ਉਸਾਰ (Super-structure) ਮੰਨਿਆ ਜਾਂਦਾ ਹੈ। ਮਨੁੱਖ ਆਪਣੀ ਕਿਰਤ ਨੂੰ ਸੌਖਾਲਾ ਕਰਨ ਲਈ ਲਗਾਤਾਰ ਯਤਨਸ਼ੀਲ ਰਹਿੰਦਾ ਹੈ ਜਿਸ ਦੇ ਸਿੱਟੇ ਵਜੋਂ ਉਸਦੇ ਸੰਦਾਂ ਅਤੇ ਪੈਦਾਵਾਰ ਦੇ ਢੰਗਾਂ ਵਿੱਚ ਲਗਾਤਾਰ ਤਬਦੀਲੀ ਹੁੰਦੀ ਜਾਂਦੀ ਹੈ। ਇਸ ਦਾ ਅਸਰ ਸਭਿਆਚਾਰ ਉੱਤੇ ਪੈਂਦਾ ਹੈ। ਇਸ ਨੂੰ ਇੱਕ ਉਦਾਹਰਣ ਰਾਹੀਂ ਸਮਝਿਆ ਜਾ ਸਕਦਾ ਹੈ

ਪੰਜਾਬ ਵਿੱਚ ਕਿਸੇ ਸਮੇਂ ਆਦਮੀਆਂ ਵੱਲੋਂ ਹੀਰ ਵਰਗੇ ਕਿੱਸੇ ਗਾਉਣੇ ਅਤੇ ਔਰਤਾਂ ਵੱਲੋਂ ਲੰਮੀਆਂ ਹੇਕਾਂ ਵਾਲੇ ਗੀਤ ਗਾਉਣੇ ਬਹੁਤ ਪ੍ਰਚਲਿਤ ਸਨ। ਸੰਗੀਤਕ ਸਾਜਾਂ ਵਿੱਚ ਸਾਰੰਗੀ, ਰਬਾਬ ਆਦਿ ਨੂੰ ਚੰਗੀ ਮਾਨਤਾ ਹਾਸਲ ਸੀ। ਪਰ ਸਠਵਿਆਂ ਤੋਂ ਬਾਅਦ ਵਾਲੀ ਪੀੜ੍ਹੀ ਨੂੰ ਇਹ ਗੀਤ-ਸੰਗੀਤ ਚੰਗਾ ਲੱਗਣੋ ਹਟ ਗਿਆ। ਇਸ ਦੀ ਥਾਂ ਤੇਜ ਗਤੀ ਵਾਲੇ ਗੀਤ ਅਤੇ ਤੂੰਬੀ, ਢੋਲਕੀ ਵਰਗੇ ਸਾਜ ਵੱਧ ਪ੍ਰਚਲਿਤ ਹੋ ਗਏ। ਹੁਣ ਵਾਲੀ ਪੀੜ੍ਹੀ 'ਰੈਪ' ਵਰਗੇ ਬਹੁਤ ਤੇਜ ਗੀਤਾਂ ਅਤੇ ਇਲੈਕਟਰੋਨਿਕ ਸਾਜਾਂ ਉੱਤੇ ਵਜਦੇ ਸੰਗੀਤ ਨੂੰ ਪਸੰਦ ਕਰਦੀ ਹੈ। ਗਾਇਕੀ ਵਿੱਚ ਇਸ ਤਬਦੀਲੀ ਪਿੱਛੇ ਅਸਲ ਕਾਰਣ ਪੈਦਾਵਾਰੀ ਢੰਗ ਤਬਦੀਲ ਹੋਣਾ ਹੀ ਹੈ। ਜਦ ਬਲਦਾਂ ਨਾਲ ਖੇਤੀ ਕੀਤੀ ਜਾਂਦੀ ਸੀ ਤਾਂ ਖੇਤ ਵਾਹੁੰਦੇ ਸਮੇਂ ਕਈ ਘੰਟੇ ਬਲਦਾਂ ਮਗਰ ਹੌਲੀ ਹੌਲੀ ਤੁਰਦੇ ਬੰਦੇ ਦੀ ਜਾਂ ਗੱਡੇ ਉੱਤੇ ਬੈਠੇ ਧੀਮੀ ਚਾਲ ਨਾਲ ਖੇਤ ਜਾ ਰਹੇ ਬੰਦੇ ਦੀ ਸੁਰ ਹੇਕਾਂ ਲਾ ਕੇ ਹੀਰ ਗਾਉਣ ਵਾਲੀ ਹੀ ਹੋਵੇਗੀ। ਉਸ ਦੇ ਕੰਮ ਕਰਨ ਦੀ ਚਾਲ ਨਾਲ ਇਹ ਸੁਰਾਂ ਮੇਲ ਖਾਂਦੀਆਂ ਸਨ ਇਸ ਕਰਕੇ ਉਸ ਨੂੰ ਆਨੰਦ ਦਿੰਦੀਆਂ ਸਨ। ਪਰ ਜਦ ਖੇਤਾਂ ਵਿੱਚ ਕੰਮ ਲਈ ਟਰੈਕਟਰ ਆ ਗਿਆ ਤਾਂ ਟਰੈਕਟਰ ਦੀ ਆਵਾਜ ਨਾਲ ਹੀਰ ਦੀ ਹੇਕ ਦਾ ਕੋਈ ਮੇਲ ਨਹੀਂ ਬਣਦਾ ਸੀ ਅਤੇ ਨਾ ਹੀ ਟਰੈਕਟਰ ਨਾਲ ਖੇਤ ਵਾਹ ਰਹੇ ਬੰਦੇ ਨੂੰ ਰਾਗਾਂ ਦੀਆਂ ਬੰਦਿਸ਼ਾਂ ਵਾਲਾ ਸੰਗੀਤ ਚੰਗਾ ਲੱਗਦਾ ਹੈ। ਉਸ ਨੂੰ ਤਾਂ ਟਰੈਕਟਰ ਉੱਤੇ ਲੱਗੀ ਟੇਪ ਵਿਚੋਂ ਮੁਹੰਮਦ ਸਦੀਕ ਜਾਂ ਦੀਦਾਰ ਸੰਧੂ ਵਰਗੇ ਗਾਇਕ ਹੀ ਵਧੀਆ ਲਗਦੇ ਸਨ। ਇਸੇ ਤਰ੍ਹਾਂ ਔਰਤਾਂ ਦਾ ਜੀਵਨ ਸਹਿਜ ਨਾਲ ਚਲਦਾ ਸੀ, ਚਾਹੇ ਉਨ੍ਹਾਂ ਉਪਰ ਕੰਮ ਦਾ ਬੋਝ ਬਹੁਤ ਹੁੰਦਾ ਸੀ ਪਰ ਹੁਣ ਵਾਂਗ ਘੜੀ ਦੀਆਂ ਸੂਈਆਂ ਨਾਲ ਬੱਝਿਆ ਜੀਵਨ ਨਹੀਂ ਸੀ, ਸੋ ਉਨ੍ਹਾਂ ਦੇ ਗੀਤਾਂ ਵਿੱਚ ਵੀ ਸਹਿਜ ਸੀ, ਗੀਤਾਂ ਵਿੱਚ ਆਪਣੀ ਗੱਲ ਛੇਤੀ ਕਹਿਣ ਦੀ ਕਾਹਲ ਨਹੀਂ ਹੁੰਦੀ ਸੀ। ਸੋ ਉਹ ਆਪਣੇ ਮਨ ਦੀਆਂ ਭਾਵਨਾਵਾਂ ਨੂੰ ਲੰਮੀਆਂ ਹੇਕਾਂ ਵਾਲੇ ਗੀਤਾਂ ਰਾਹੀਂ ਪ੍ਰਗਟ ਕਰਦੀਆਂ ਸਨ। ਬਦਲਦੇ ਮਸ਼ੀਨੀ ਦੌਰ ਵਿੱਚ ਔਰਤਾਂ ਨੂੰ ਵੀ ਗਿੱਧੇ ਵਿੱਚ ਤੇਜ ਗਤੀ ਨਾਲ ਬੋਲੀਆਂ ਪਾਉਣਾ ਜਾਂ ਢੋਲਕੀ ਉੱਤੇ ਤੇਜ ਗਤੀ ਵਾਲੇ ਗੀਤ ਗਾਉਣੇ ਚੰਗੇ ਲੱਗਣ ਲੱਗੇ। ਹੁਣ ਜਦ ਹਰ ਕੰਮ ਦਾ ਹੀ ਮਸ਼ੀਨੀਕਰਨ ਹੋ ਗਿਆ ਹੈ ਤਾਂ ਨਵੀਂ ਪੀੜ੍ਹੀ ਨੂੰ ਮਸ਼ੀਨੀ ਗਤੀ ਨਾਲ ਬੋਲੇ ਜਾਂਦੇ ਗੀਤ, ਜਿਨ੍ਹਾਂ ਨੂੰ ਰੈਪ ਕਿਹਾ ਜਾਂਦਾ ਹੈ ਚੰਗੇ ਲਗਦੇ

ਹਨ। ਤੂੰਬੀ, ਢੋਲਕੀ, ਹਾਰਮੋਨੀਅਮ ਵਰਗੇ ਅਲੱਗ ਅਲੱਗ ਸਾਜ ਵਜਾਉਣ ਦੀ ਜਗ੍ਹਾ ਇਕੋ ਇਲੈਕਟਰਾਨਿਕ ਮਸ਼ੀਨ ਜਿਸ ਨੂੰ 'ਕੀ-ਬੋਰਡ' ਕਿਹਾ ਜਾਂਦਾ ਹੈ, ਹਰ ਤਰ੍ਹਾਂ ਦੇ ਸਾਜ ਦੀ ਆਵਾਜ ਪੈਦਾ ਕਰ ਦਿੰਦੀ ਹੈ, ਨਵੇਂ ਗਾਇਕਾਂ ਦੀ ਪਸੰਦ ਬਣ ਗਈ। ਇਸ ਤਰ੍ਹਾਂ ਸਾਜ ਵਜਾਉਣ ਵਿੱਚ ਵੀ ਇਨਸਾਨ ਦੀ ਜਗ੍ਹਾ ਮਸ਼ੀਨ ਦਾ ਰੋਲ ਵਧ ਜਾਂਦਾ ਹੈ। ਪਹਿਲੀ ਪੀੜ੍ਹੀ ਨੂੰ ਲਗਦਾ ਹੈ ਕਿ ਨਵੀਂ ਪੀੜ੍ਹੀ ਨੂੰ ਸੰਗੀਤ ਦੀ ਸਮਝ ਨਹੀਂ, ਉਹ ਬੇਸੁਰੇ ਗਾਇਕਾਂ ਮਗਰ ਲਗਦੀ ਹੈ ਪਰ ਅਸਲ ਵਿੱਚ ਲਗਾਤਾਰ ਮਸ਼ੀਨਾਂ ਨਾਲ ਕੰਮ ਕਰਨ ਸਦਕਾ ਨੌਜਵਾਨਾਂ ਦੀ ਮਾਨਸਿਕਤਾ ਵੀ ਮਸ਼ੀਨੀ ਹੋ ਜਾਂਦੀ ਹੈ, ਉਨ੍ਹਾਂ ਨੂੰ ਮਸ਼ੀਨੀ ਢੰਗ ਦੀ ਗਾਇਕੀ ਹੀ ਚੰਗੀ ਲਗਦੀ ਹੈ। ਜਿਸ ਤਰ੍ਹਾਂ ਗੀਤ-ਸੰਗੀਤ ਉੱਤੇ ਤਕਨੀਕੀ ਤਬਦੀਲੀ ਦਾ ਅਸਰ ਪੈਂਦਾ ਹੈ ਉਸੇ ਤਰ੍ਹਾਂ ਸਭਿਆਚਾਰ ਦੇ ਹੋਰ ਪੱਖਾਂ ਉੱਤੇ ਵੀ ਤਕਨੀਕੀ ਵਿਕਾਸ ਦਾ ਅਸਰ ਪੈਂਦਾ ਹੈ।

**ਸਭਿਆਚਾਰਕ ਪਛੜੇਵਾਂ (Cultural Lag)**

ਇਥੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਜਿੰਨੀ ਤੇਜੀ ਨਾਲ ਪਦਾਰਥਕ ਹਾਲਤਾਂ ਬਦਲਦੀਆਂ ਹਨ ਸਭਿਆਚਾਰ ਦੇ ਸਾਰੇ ਪੱਖ ਓਨੀ ਤੇਜੀ ਨਾਲ ਨਹੀਂ ਬਦਲਦੇ। ਜਦ ਕੋਈ ਨਵੀਂ ਮਸ਼ੀਨਰੀ ਆ ਜਾਂਦੀ ਹੈ ਅਤੇ ਉਹ ਕੰਮ ਵਿੱਚ ਸੌਖਿਆਈ ਕਰਦੀ ਹੋਵੇ ਜਾਂ ਪੈਦਾਵਾਰ ਵਿੱਚ ਵਾਧਾ ਕਰਦੀ ਹੋਵੇ ਤਾਂ ਉਸ ਨੂੰ ਜਲਦੀ ਹੀ ਅਪਣਾਅ ਲਿਆ ਜਾਂਦਾ ਹੈ। ਪਰ ਪਹਿਲੇ ਪੈਦਾਵਾਰੀ ਢੰਗ ਨਾਲ ਜੁੜੀਆਂ ਸਭਿਆਚਾਰਕ ਮਾਨਤਾਵਾਂ ਐਨੀ ਜਲਦੀ ਨਹੀਂ ਬਦਲਦੀਆਂ। ਇਸ ਦਾ ਕਾਰਣ ਇਹ ਹੁੰਦਾ ਹੈ ਕਿ ਸਭਿਆਚਾਰਕ ਮਾਨਤਾਵਾਂ, ਰਸਮੋ-ਰਿਵਾਜ ਬਚਪਨ ਤੋਂ ਮਾਨਸਿਕਤਾ ਦਾ ਅੰਗ ਬਣੇ ਹੁੰਦੇ ਹਨ ਇਸ ਲਈ ਪਹਿਲੀ ਪੀੜ੍ਹੀ ਤਾਂ ਉਨ੍ਹਾਂ ਨੂੰ ਬਹੁਤ ਸਮਾਂ ਲਾ ਕੇ ਛਡਦੀ ਹੈ ਜਾਂ ਕਈ ਵਾਰ ਛਡਦੀ ਹੀ ਨਹੀਂ। ਸਭਿਆਚਾਰ ਵਿਗਿਆਨੀਆਂ ਵੱਲੋਂ ਇਸ ਨੂੰ ਸਭਿਆਚਾਰਕ ਪਛੜੇਵਾਂ (Cultural Lag) ਕਿਹਾ ਜਾਂਦਾ ਹੈ। ਇਸ ਸਦਕਾ ਨਵੀਂ ਪੀੜ੍ਹੀ ਅਤੇ ਪੁਰਾਣੀ ਪੀੜ੍ਹੀ ਵਿੱਚ ਤਣਾਅ ਵੀ ਬਣਿਆ ਰਹਿੰਦਾ ਹੈ। ਅਗਾਂਹਵਧੂ ਲੋਕ ਚਾਹੇ ਕਿਸੇ ਵੀ ਪੀੜ੍ਹੀ ਦੇ ਹੋਣ, ਉਹ ਨਵੀਆਂ ਹਾਲਤਾਂ ਦੇ ਅਨੁਸਾਰੀ ਸਭਿਆਚਾਰ ਅਪਨਾਉਣ ਲਈ ਪ੍ਰੇਰਦੇ ਹਨ, ਜਿਸ ਨਾਲ ਪਦਾਰਥਕ ਹਾਲਤਾਂ ਅਤੇ ਸਭਿਆਚਾਰ ਵਿੱਚ ਇਕਸੁਰਤਾ ਸਥਾਪਿਤ ਹੋਣ ਵਿੱਚ ਮਦਦ ਮਿਲਦੀ ਹੈ। ਇਸ ਦੇ ਮੁਕਾਬਲੇ ਜਿਸ ਵਰਗ ਨੂੰ ਪਹਿਲਾਂ ਸਥਾਪਿਤ ਕਦਰਾਂ-ਕੀਮਤਾਂ ਤੋਂ ਫਾਇਦਾ ਹੋ ਰਿਹਾ ਹੋਵੇ ਉਹ ਵਿਰਸੇ ਅਤੇ ਵਿਰਾਸਤ ਦੇ ਨਾਂ ਉੱਤੇ ਪੁਰਾਣੇ ਸਭਿਆਚਾਰ ਨੂੰ ਹੀ ਕਾਇਮ ਰੱਖਣ ਦਾ ਯਤਨ ਕਰਦੇ ਹਨ। ਹਾਲਾਂ ਕਿ ਸਾਡੇ ਪੁਰਾਣੇ ਸਭਿਆਚਾਰ ਵਿੱਚ ਔਰਤ ਉੱਤੇ ਦਾਬਾ, ਜਾਤਪਾਤੀ ਦਾਬਾ ਅਤੇ ਅਨੇਕਾਂ ਤਰ੍ਹਾਂ ਦੇ ਵਹਿਮਾਂ-ਭਰਮਾਂ ਦਾ ਬੋਲਬਾਲਾ ਸੀ।

**ਵਿਰਸਾ ਅਤੇ ਵਿਰਾਸਤ** ਬਹੁਤ ਸਾਰੇ ਲੋਕ ਵਿਰਸੇ ਦੇ ਨਾਂ ਉੱਤੇ ਪੁਰਾਤਨ ਰਸਮੋ-ਰਿਵਾਜਾਂ ਅਤੇ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਦੀ ਵਕਾਲਤ ਕਰਦੇ ਹਨ। ਜਿਵੇਂ ਕਿ ਪਹਿਲਾਂ ਬਿਆਨਿਆ ਗਿਆ ਹੈ ਮਨੁੱਖੀ ਸਮਾਜ ਦੇ ਵਿਕਾਸ ਨਾਲ ਸਭਿਆਚਾਰ ਨੇ ਲਗਾਤਾਰ ਤਬਦੀਲ ਹੁੰਦੇ ਜਾਣਾ ਹੈ। ਵੱਖ ਵੱਖ ਪੜਾਵਾਂ ਉੱਤੇ ਮਨੁੱਖਤਾ ਨੇ ਜੋ ਚੰਗੀਆਂ ਲੋਕ-ਪੱਖੀ ਸਭਿਆਚਾਰਕ ਕਦਰਾਂ-ਕੀਮਤਾਂ ਘੜ੍ਹੀਆਂ ਹਨ ਉਨ੍ਹਾਂ ਨੂੰ ਨਵੇਂ ਸਭਿਆਚਾਰਕ ਮੁੱਲਾਂ ਵਿੱਚ ਸ਼ਾਮਲ ਕਰਨਾ ਤਾਂ ਦਰੁੱਸਤ ਹੈ ਪਰ ਵੇਲਾ ਵਿਹਾ ਚੁੱਕੀਆਂ ਰਸਮਾਂ ਅਤੇ ਕਦਰਾਂ-ਕੀਮਤਾਂ ਨਾਲ ਚਿੰਬੜੇ ਰਹਿਣਾ ਸਮਾਜਿਕ ਵਿਕਾਸ ਦੇ ਰਾਹ ਵਿੱਚ ਅੜਿੱਕਾ ਲਾਉਣਾ ਹੈ। ਵਿਰਸੇ ਪ੍ਰਤੀ ਤਰਕਸ਼ੀਲ ਨਜ਼ਰੀਆ ਇਹ ਬਣਦਾ ਹੈ ਕਿ ਵਿਰਸੇ ਵਿਚੋਂ ਲੋਕ-ਪੱਖੀ ਅੰਸ਼ਾਂ ਨੂੰ ਲੈਂਦੇ ਹੋਏ ਅਤੇ ਵੇਲਾ ਵਿਹਾ ਚੁੱਕੇ ਅੰਸ਼ਾਂ ਨੂੰ ਰੱਦ ਕਰਦੇ ਹੋਏ ਨਵੇਂ ਯੁੱਗ ਦੇ ਅਨੁਸਾਰੀ ਅਗਾਂਹਵਧੂ ਕਦਰਾਂ-ਕੀਮਤਾਂ ਵਾਲਾ ਲੋਕ-ਪੱਖੀ ਸਭਿਆਚਾਰ ਉਸਾਰਨ ਲਈ ਯਤਨਸ਼ੀਲ ਰਿਹਾ ਜਾਵੇ।

---

## ਗੀਤ

ਕੰਜਕਾਂ ਖਵਾਕੇ ਲੋਕੀਂ ਪੁੱਤ ਮੰਗਦੇ।
ਫਿਰਦੇ ਮੁਹੱਲੇ ਵਿਚ ਗੁੱਤ ਮੰਗਦੇ।
ਕੁੱਖਾਂ ਵਿਚ ਕਰਕੇ ਕਤਲ ਰੌਸ਼ਨੀ
ਨ੍ਹੇਰੀਆਂ ਖੁੱਡਾਂ 'ਚ ਬੈਠੇ ਧੁੱਪ ਮੰਗਦੇ

ਟੱਲ ਤੇ ਭਜਨ ਸਭ ਠੀਕ ਸੁਣਦੇ।
ਬੇਟੀਆਂ ਦੀ ਕਦੇ ਨਾ ਇਹ ਚੀਖ ਸੁਣਦੇ।
ਡੁੱਬ ਜਾਵੇ ਥੋਡਾ ਉਹ ਰੱਬ ਚੰਦਰਾ
ਮੁੰਡਾ ਹੋਣ ਵਾਲੀ ਜਿੱਥੇ ਸੁੱਖ ਮੰਗਦੇ।

ਦੋ ਵਾਰੀ ਸਾਲ 'ਚ ਖਵਾਕੇ ਪੂਰੀਆਂ,
ਫੇਰ ਨਾ ਇਹ ਦੇਖਦੇ ਕੀ ਮਜ਼ਬੂਰੀਆਂ।
ਬੜੇ ਵਾਰੀ ਮੌਕੇ 'ਤੇ ਜੁਗਾੜ ਕੀਤਾ ਏ,
ਦਾਜ ਵਾਲੀ ਪੰਡ ਬੂਹੇ ਢੁੱਕ ਮੰਗਦੇ।

ਦਿਨ ਰਾਤ ਪੁੱਤਾਂ ਵਾਲੇ ਖਾਬ ਪਾਲਦੇ,
ਉਂਞ ਇਹ ਕਨੇਡਾ ਵਾਲੀ ਕੁੜੀ ਭਾਲਦੇ।
ਦਿਲਾਂ ਵਾਲੇ ਰਿਸ਼ਤੇ 'ਚ ਸੌਦੇ ਬਾਜੀਆਂ,
ਛਾਂ ਦੇ ਬਹਾਨੇ ਪੂਰੇ ਰੁੱਖ ਮੰਗਦੇ।

- ਕੁਲਦੀਪ ਸਿਰਸਾ

# ਇੱਕ ਵਿਗਿਆਨੀ ਦੀ ਗੁਫਾ ਵਿੱਚ ਤਪੱਸਿਆ

ਸਾਡੇ ਸਮਾਜ ਵਿੱਚ ਕਈ ਸਾਧਾਂ ਬਾਰੇ ਮਸ਼ਹੂਰ ਹੈ ਕਿ ਉਸ ਨੇ ਬੜੀ ਤਪੱਸਿਆ ਕੀਤੀ ਹੈ, ਉਸ ਨੇ ਚਲੀਹਾ ਕੱਟਿਆ ਹੈ। ਚਲੀਹੇ ਦਾ ਭਾਵ ਹੁੰਦਾ ਹੈ ਕਿ ਉਹ ਚਾਲੀ ਦਿਨ ਕਿਸੇ ਭੋਰੇ ਵਿੱਚ ਬੈਠ ਕੇ ਰੱਬ ਦੀ ਭਗਤੀ ਕਰਦਾ ਰਿਹਾ ਹੈ। ਫਿਰ ਉਸ ਦੇ ਚੇਲੇ ਬਾਲਕੇ ਉਸ ਸਾਧ ਦੀ ਇਸ ਕਥਿਤ ਭਗਤੀ ਦਾ ਪ੍ਰਚਾਰ ਕਰਕੇ ਸਾਰੀ ਉਮਰ ਦੇ ਤੋਰੀ ਫੁਲਕੇ ਦਾ ਪ੍ਰਬੰਧ ਕਰ ਲੈਂਦੇ ਹਨ।

ਉਨ੍ਹਾਂ ਸਾਧਾਂ ਦੇ ਚਾਲੀ ਦਿਨ ਭੋਰੇ ਵਿੱਚ ਬੈਠਣ ਨਾਲ ਸਮਾਜ ਦਾ ਕੀ ਭਲਾ ਹੋਇਆ ? ਕੋਈ ਨਹੀਂ।

ਮਨੁੱਖ ਦੇ ਗਿਆਨ ਵਿੱਚ ਕੋਈ ਵਾਧਾ ਹੋਇਆ ? ਕੋਈ ਨਹੀਂ।

ਇਸ ਦੇ ਮੁਕਾਬਲੇ ਕੁਝ ਵਿਗਿਆਨੀਆਂ ਨੇ ਕਈ ਕਈ ਮਹੀਨੇ ਗੁਫਾਵਾਂ ਵਿੱਚ ਆਪਣੇ ਆਪ ਨੂੰ ਬਹੁਤ ਔਖੀਆਂ ਹਾਲਤਾਂ ਵਿੱਚ ਰੱਖ ਕੇ ਆਪਣੇ ਉੱਤੇ ਵਿਗਿਆਨਕ ਤਜ਼ਰਬੇ ਕੀਤੇ ਹਨ ਜਿਨ੍ਹਾਂ ਨਾਲ ਮਨੁੱਖ ਦੀਆਂ ਸਰੀਰ ਵਿਗਿਆਨਕ ਕ੍ਰਿਆਵਾਂ ਦੇ ਪੈਟਰਨ ਬਾਰੇ ਬਹੁਤ ਸਾਰੀ ਨਵੀਂ ਜਾਣਕਾਰੀ ਮਿਲੀ। ਇਹ ਜਾਣਕਾਰੀ ਅੱਗੇ ਪੁਲਾੜ ਵਿੱਚ ਜਾਣ ਵਾਲਿਆਂ ਅਤੇ ਪਣਡੁੱਬੀਆਂ ਵਿੱਚ ਰਹਿਣ ਵਾਲਿਆਂ ਲਈ ਬਹੁਤ ਕੀਮਤੀ ਸਾਬਤ ਹੋਈ ਹੈ।

ਅਜਿਹਾ ਇੱਕ ਵਿਗਿਆਨੀ ਸੀ ਫਰਾਂਸ ਦਾ ਮਿਸ਼ੇਲ ਸਿਫ਼ਰੇ ਜੋ 1962 ਵਿੱਚ ਯੌਰਪ ਦੇ ਐਲਪਸ ਪਹਾੜਾਂ ਵਿੱਚ ਧਰਤੀ ਤੋਂ 130 ਮੀਟਰ ਹੇਠਾਂ ਬਣੀ ਇੱਕ ਬਹੁਤ ਠੰਢੀ ਕੁਦਰਤੀ ਗੁਫਾ ਵਿੱਚ ਦੋ ਮਹੀਨੇ ਰਿਹਾ। ਇਸ ਗੁਫਾ ਵਿੱਚ ਕੋਈ ਰੋਸ਼ਨੀ ਨਹੀਂ ਪਹੁੰਚਦੀ ਸੀ, ਕੋਈ ਸਾਥੀ ਨਹੀਂ ਸੀ, ਦਿਨ ਰਾਤ ਦਾ ਕੋਈ ਪਤਾ ਨਹੀਂ ਚਲਦਾ ਸੀ, ਸਮੇਂ ਦਾ ਕੋਈ ਅਹਿਸਾਸ ਨਹੀਂ ਹੁੰਦਾ ਸੀ।

ਇਸ ਤਰ੍ਹਾਂ 60 ਦਿਨ ਗੁਫਾ ਵਿੱਚ ਰਹਿਣ ਨਾਲ ਸਰੀਰ ਦੀਆਂ ਕ੍ਰਿਆਵਾਂ ਉਪਰ ਪੈਣ ਵਾਲੇ ਅਸਰਾਂ ਬਾਰੇ ਨਵੀਂ ਜਾਣਕਾਰੀ ਮਿਲੀ। ਜੋ ਸਾਡਾ ਸੌਣ ਅਤੇ ਜਾਗਣ ਦਾ 24 ਘੰਟੇ ਦਾ ਚੱਕਰ ਬਣਿਆ ਹੋਇਆ ਹੈ ਇਹ ਬਿਲਕੁਲ ਬਦਲ ਗਿਆ। ਇਸਦੀ ਬਜਾਏ ਇਸ ਚੱਕਰ 48 ਘੰਟੇ ਤੱਕ ਲੰਬਾ ਹੋ ਗਿਆ, ਉਸਦੇ ਲਗਾਤਾਰ ਜਾਗਣ ਦਾ ਸਮਾਂ 36 ਘੰਟੇ ਤੱਕ ਹੋ ਗਿਆ। ਉਸ ਦੀ ਸਮੇਂ ਦੀ ਸਮਝ ਵਿੱਚ ਬਹੁਤ ਗੜਬੜ੍ਹ ਹੋ ਗਈ। ਉਸਦੇ ਬਾਹਰ ਆਉਣ ਉੱਤੇ ਜਦ ਉਸ ਉੱਤੇ ਟੈਸਟ ਕੀਤੇ ਗਏ ਤਾਂ ਵੇਖਿਆ ਗਿਆ ਗਿਆ ਕਿ ਉਸ ਦੀ ਦਿਮਾਗੀ ਕਾਰਗੁਜ਼ਾਰੀ ਵਿੱਚ ਕਈ ਵਿਗਾੜ ਆ ਗਏ ਸਨ। ਉਸ ਨੂੰ 120 ਤੱਕ ਗਿਣਨ ਲਈ ਕਿਹਾ ਗਿਆ ਤਾਂ ਉਸ ਨੇ ਇਹ ਗਿਣਨ ਵਿੱਚ 5 ਮਿੰਟ ਲਗਾ ਦਿੱਤੇ ਜਦ ਕਿ ਅਸਲ ਵਿੱਚ ਇਸ ਲਈ 2 ਮਿੰਟ (120 ਸੈਕਿੰਡ) ਲੱਗਣੇ ਚਾਹੀਦੇ ਸਨ। ਉਸ ਨੂੰ ਥੋੜ੍ਹਾ ਚਿਰ ਪਹਿਲਾਂ ਵਾਪਰੀਆਂ ਗੱਲਾਂ ਯਾਦ ਰੱਖਣ ਵਿੱਚ ਸਮੱਸਿਆ ਆ ਗਈ।

ਉਸਦੇ ਦਿਮਾਗ ਦੀ ਕਾਰਗੁਜ਼ਾਰੀ ਪੂਰੀ ਤਰ੍ਹਾਂ ਨਾਰਮਲ ਹੋਣ ਵਿੱਚ ਕਈ ਸਾਲ ਲੱਗੇ। ਪਰ ਉਹ ਆਪਣੀ ਖੋਜ ਨੂੰ ਹੋਰ ਅੱਗੇ ਵਧਾਉਣ ਲਈ 1972 ਵਿੱਚ ਫਿਰ 6 ਮਹੀਨੇ ਲਈ ਅਮਰੀਕਾ ਦੀ ਇੱਕ ਗੁਫਾ ਵਿੱਚ ਇਸੇ ਤਰ੍ਹਾਂ ਰਿਹਾ ਜਿੱਥੇ ਕੋਈ ਰੋਸ਼ਨੀ ਨਹੀਂ ਸੀ। ਉਹ ਮਨੁੱਖੀ ਸਰੀਰ ਉੱਤੇ ਹੋਣ ਵਾਲੇ ਅਸਰਾਂ ਬਾਰੇ ਨਵੇਂ ਤਜਰਬੇ ਕਰਦਾ ਰਿਹਾ। ਵਰਣਨਯੋਗ ਹੈ ਕਿ ਜਿੱਥੇ ਇਨ੍ਹਾਂ ਤਜਰਬਿਆਂ ਨਾਲ ਉਸਦੀ ਮਾਨਸਿਕ ਅਤੇ ਸਰੀਰਕ ਸਿਹਤ ਉੱਤੇ ਹਾਨੀਕਾਰਕ ਅਸਰ ਪਏ ਉਥੇ ਇੱਕ ਲੱਖ ਡਾਲਰ ਦਾ ਕਰਜਾ ਵੀ ਚੜ੍ਹ ਗਿਆ ਜੋ ਉਸ ਨੇ ਬਾਅਦ ਵਿੱਚ ਕਿਤਾਬਾਂ ਆਦਿ ਲਿਖ ਕੇ ਉਤਾਰਿਆ।

ਮਿਸ਼ੇਲ ਸਿਫਰੇ ਦੀ ਕਹਾਣੀ ਦੱਸਣ ਦਾ ਮਕਸਦ ਇਹੀ ਹੈ ਕਿ ਵਿਗਿਆਨੀਆਂ ਦੀ ਤਪੱਸਿਆ ਰੱਬ ਦੀ ਖੋਜ ਕਰਨ ਵਾਲਿਆਂ ਨਾਲੋਂ ਬਹੁਤ ਵੱਡੀ ਹੁੰਦੀ ਹੈ ਅਤੇ ਉਨ੍ਹਾਂ ਦੀ ਤਪੱਸਿਆ ਸਾਰਥਿਕ ਸਿੱਟੇ ਵੀ ਕਢਦੀ ਹੈ। ਮਿਸ਼ੇਲ ਸਿਫਰੇ ਦੀ ਇਸ ਘਾਲਣਾ ਨੇ ਇੱਕ ਨਵੇਂ ਵਿਗਿਆਨ Chronobiology ਦੀ ਨੀਂਹ ਰੱਖੀ ਜਿਸ ਨਾਲ ਇਹ ਸਮਝਣ ਵਿੱਚ ਮਦਦ ਮਿਲੀ ਕਿ ਦਿਨ ਰਾਤ ਦੇ ਚੱਕਰ ਨਾਲ ਰੋਸ਼ਨੀ ਦਾ ਜੋ ਵਾਧਾ ਘਾਟਾ ਹੁੰਦਾ ਹੈ, ਉਸ ਦਾ ਸਾਡੇ ਸਰੀਰਾਂ ਉੱਤੇ ਕੀ ਅਸਰ ਪੈਂਦਾ ਹੈ। ਨਾ ਸਿਰਫ ਸਾਡੇ ਸੌਣ ਜਾਗਣ ਦਾ ਸਮਾਂ ਬਲਕਿ ਕੁਝ ਹਾਰਮੋਨਾਂ ਦਾ ਸਰੀਰ ਵਿੱਚ ਛੱਡੇ ਜਾਣਾ ਅਤੇ ਪਾਚਣ ਕ੍ਰਿਆ ਵਰਗੀਆਂ ਬਹੁਤ ਸਾਰੀਆਂ ਸਰੀਰਕ ਕ੍ਰਿਆਵਾਂ ਵੀ ਇਸ ਨਾਲ ਜੁੜੀਆਂ ਹੁੰਦੀਆਂ ਹਨ। ਪੁਲਾੜ ਯਾਤਰੀਆਂ ਲਈ ਇਹ ਜਾਣਕਾਰੀ ਬਹੁਤ ਮਹੱਤਵਪੂਰਨ ਸਾਬਤ ਹੋਈ ਹੈ ਕਿਉਂਕਿ ਉਥੇ ਵੀ ਦਿਨ ਰਾਤ ਦਾ ਕੋਈ ਅਹਿਸਾਸ ਨਹੀਂ ਹੁੰਦਾ।

ਵੱਡੇ ਹੌਂਸਲੇ ਵਾਲੇ ਇਸ ਵਿਗਿਆਨੀ ਦਾ ਪਿਛਲੇ ਸਾਲ 25 ਅਗਸਤ ਨੂੰ 85 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ।

ਸਾਡਾ ਅਜਿਹੇ ਵਿਗਿਆਨੀਆਂ ਦੀਆਂ ਘਾਲਣਾਵਾਂ ਨੂੰ ਸਲਾਮ ਕਰਨਾ ਬਣਦਾ ਹੈ।

# ਤਰਕਸ਼ੀਲ ਸੋਸਾਇਟੀ ਪੰਜਾਬ ਦੀ ਨਵੀਂ ਸੂਬਾ ਕਾਰਜਕਾਰਨੀ ਕਮੇਟੀ

| | | | |
|---|---|---|---|
| 1. | ਜਥੇਬੰਦਕ ਵਿਭਾਗ | ਰਾਜਿੰਦਰ ਭਦੌੜ | 98728-74620 |
| 2. | ਵਿਤ ਵਿਭਾਗ | ਰਾਜੇਸ਼ ਅਕਲੀਆ | 98156-70725 |
| 3. | ਸਾਹਿਤ ਵਿਭਾਗ | ਰਾਮ ਸਵਰਨ ਲੱਖੇਵਾਲੀ | 95010-06626 |
| 4. | ਸਭਿਆਚਾਰ ਵਿਭਾਗ | ਜੋਗਿੰਦਰ ਕੁੱਲੇਵਾਲ | 98721-21958 |
| 5. | ਮੀਡੀਆ ਵਿਭਾਗ | ਸੁਮੀਤ ਸਿੰਘ | 76960-30173 |
| 6. | ਸੋਸ਼ਲ ਮੀਡੀਆ ਵਿਭਾਗ | ਸੁਰਜੀਤ ਟਿੱਬਾ | 99140-52555 |
| 7. | ਸੰਪਾਦਕ ਤਰਕਸ਼ੀਲ | ਰਾਜਪਾਲ ਸਿੰਘ | 98767-10809 |
| 8. | ਸੰਪਾਦਕ ਤਰਕਸ਼ੀਲ ਪੱਥ (ਹਿੰਦੀ) | ਕੁਲਜੀਤ ਡੰਗਰਖੇੜਾ | 97819-25566 |
| 9. | ਪ੍ਰਿੰਟਿੰਗ ਵਿਭਾਗ | ਸੁਖਵਿੰਦਰ ਬਾਗਪੁਰ | 94174-27538 |
| 10. | ਕੌਮੀ ਤੇ ਕੌਮਾਂਤਰੀ ਵਿਭਾਗ | ਜਸਵੰਤ ਮੋਹਾਲੀ | 98555-30721 |
| 11. | ਮਾਨਸਿਕ ਸਿਹਤ ਵਿਭਾਗ | ਜੁਝਾਰ ਲੌਂਗੋਵਾਲ | 94654-30016 |
| 12. | ਵਿਦਿਆਰਥੀ ਚੇਤਨਾ | ਗੁਰਪ੍ਰੀਤ ਸ਼ਹਿਣਾ | 98150-14532 |
| 13. | ਸਾਹਿਤ ਵੈਨ | ਮੋਹਨ ਬਡਲਾ | 94176-79306 |
| 14. | ਕਾਨੂੰਨ ਵਿਭਾਗ | ਜਸਵਿੰਦਰ ਫਗਵਾੜਾ | 94783-04560 |
| 15. | ਦਫ਼ਤਰ ਸਕੱਤਰ | ਹੇਮ ਰਾਜ ਸਟੈਨੋ | 98769-53561 |

---

### 1. ਜ਼ੋਨ ਅੰਮ੍ਰਿਤਸਰ

| | | |
|---|---|---|
| 1. ਜਥੇਬੰਦਕ | ਸੰਦੀਪ ਧਾਰੀਵਾਲ ਭੋਜਾਂ | 98155-46700 |
| 2. ਵਿਤ ਅਤੇ ਮੈਗਜ਼ੀਨ | ਮੁਖਤਾਰ ਗੋਪਾਲਪੁਰਾ | 94179-49818 |
| 3. ਮਾਨਸਿਕ ਸਿਹਤ ਮਸ਼ਵਰਾ | ਰਣਜੀਤ ਕੌਰ ਗੱਗੋਮਾਹਲ | 98761-48275 |
| 4. ਸਭਿਆਚਾਰ | ਤਰਲੋਚਨ ਸਿੰਘ | 98141-08715 |
| 5. ਮੀਡੀਆ | ਰਜਵੰਤ ਬਾਗੜੀਆਂ | 98154-68377 |

### 2. ਜ਼ੋਨ ਬਠਿੰਡਾ

| | | |
|---|---|---|
| 1. ਜਥੇਬੰਦਕ | ਬਲਰਾਜ ਮੌੜ | 98722-70362 |
| 2. ਵਿਤ ਅਤੇ ਮੈਗਜ਼ੀਨ | ਗਿਆਨ ਸਿੰਘ | 94171-21721 |
| 3. ਮਾਨਸਿਕ ਸਿਹਤ ਮਸ਼ਵਰਾ | ਚੰਨਣ ਵਾਂਦਰ | 98143-37522 |
| 4. ਸਭਿਆਚਾਰ | ਅਜਾਇਬ ਜਲਾਲਆਣਾ | 94167-24331 |
| 5. ਮੀਡੀਆ | ਰਾਮ ਸਿੰਘ ਨਿਰਮਾਣ | 94173-20864 |

### 3. ਜ਼ੋਨ ਮਾਨਸਾ

| | | |
|---|---|---|
| 1. ਜਥੇਬੰਦਕ | ਅੰਮ੍ਰਿਤ ਰਿਸ਼ੀ | 94630-23216 |
| 2. ਵਿਤ ਅਤੇ ਮੈਗਜ਼ੀਨ | ਗੁਰਦੀਪ ਸਿੰਘ ਸਿੱਧੂ | 94174 51482 |
| 3. ਮਾਨਸਿਕ ਸਿਹਤ ਮਸ਼ਵਰਾ | ਜਸਵੀਰ ਸੋਨੀ | 94787-76938 |
| 4. ਸਭਿਆਚਾਰ | ਕ੍ਰਿਸ਼ਨ ਮਾਨਬੀਬੜੀਆਂ | 99429-00013 |
| 5. ਮੀਡੀਆ | ਭੁਪਿੰਦਰ ਫੌਜੀ | 98143-98762 |

### 4. ਜ਼ੋਨ ਬਰਨਾਲਾ-ਸੰਗਰੂਰ

| | | |
|---|---|---|
| 1. ਜਥੇਬੰਦਕ | ਪਰਮਵੇਦ | 99174-22349 |
| 2. ਵਿਤ ਅਤੇ ਮੈਗਜ਼ੀਨ | ਸੋਹਨ ਸਿੰਘ ਮਾਝੀ | 99170-01432 |
| 3. ਮਾਨਸਿਕ ਸਿਹਤ ਮਸ਼ਵਰਾ | ਗੁਰਦੀਪ ਸਿੰਘ ਲਹਿਰਾ | 98788-27316 |
| 4. ਸਭਿਆਚਾਰ | ਗੁਰਜੰਟ ਸਿੰਘ ਬਣਵਾਲਾ | 94638-16408 |
| 5. ਮੀਡੀਆ | ਸੀਤਾ ਰਾਮ ਬਾਲਦ | 62392-99970 |

### 5. ਜ਼ੋਨ ਲੁਧਿਆਣਾ

| | | |
|---|---|---|
| 1. ਜਥੇਬੰਦਕ | ਜਸਵੰਤ ਜ਼ੀਰਖ | 98151-69825 |
| 2. ਵਿਤ ਅਤੇ ਮੈਗਜ਼ੀਨ | ਧਰਮਪਾਲ ਸਿੰਘ | 80546-11200 |
| 3. ਮਾਨਸਿਕ ਸਿਹਤ ਮਸ਼ਵਰਾ | ਕਮਲਜੀਤ ਬੁਜ਼ਰਗ | 88722-84148 |
| 4. ਸਭਿਆਚਾਰ | ਸਮਸ਼ੇਰ ਨੂਰਪੁਰੀ | 94647-63861 |
| 5. ਮੀਡੀਆ | ਹਰਚੰਦ ਭਿੰਡਰ | 94179-23785 |

### 6. ਜ਼ੋਨ ਜਲੰਧਰ

| | | |
|---|---|---|
| 1. ਜਥੇਬੰਦਕ | ਸੁਖਦੇਵ ਫਗਵਾੜਾ | 98726-36037 |
| 2. ਵਿਤ ਅਤੇ ਮੈਗਜ਼ੀਨ | ਬਿੱਟੂ ਰੂਪੇਵਾਲੀ | 94177-11161 |
| 3. ਮਾਨਸਿਕ ਸਿਹਤ ਮਸ਼ਵਰਾ | ਬਲਵਿੰਦਰ ਬੁਲੋਵਾਲ | 94178-84515 |
| 4. ਸਭਿਆਚਾਰ | ਸੰਦੀਪ ਦਰਦੀ | 99149-87088 |
| 5. ਮੀਡੀਆ | ਵਿਜੈ ਰਾਹੀ | 96460-33120 |

### 7. ਜ਼ੋਨ ਨਵਾਂ ਸ਼ਹਿਰ

| | | |
|---|---|---|
| 1. ਜਥੇਬੰਦਕ | ਮਾ. ਜਗਦੀਸ਼ ਰਾਏਪੁਰ ਡੱਬਾ | 94174-34038 |
| 2. ਵਿਤ ਅਤੇ ਮੈਗਜ਼ੀਨ | ਸੁਖਵਿੰਦਰ ਗੋਗਾ | 94171-87510 |
| 3. ਮਾਨਸਿਕ ਸਿਹਤ ਮਸ਼ਵਰਾ | ਸੱਤਪਾਲ ਸਲੋਹ | 94641-23321 |
| 4. ਸਭਿਆਚਾਰ | ਮੋਹਨ ਬੀਕਾ | 98720-39444 |
| 5. ਮੀਡੀਆ | ਬਲਜਿੰਦਰ ਸਵਾਜਪੁਰ | 94638-74516 |

### 8. ਜ਼ੋਨ ਮੁਕਤਸਰ-ਫਾਜ਼ਿਲਕਾ

| | | |
|---|---|---|
| 1. ਜਥੇਬੰਦਕ | ਪ੍ਰਵੀਨ ਜੰਡ ਵਾਲਾ | 98157-30432 |
| 2. ਵਿਤ ਅਤੇ ਮੈਗਜ਼ੀਨ | ਜਗਦੀਸ਼ ਕਿੱਕਰ ਖੇੜਾ | 94630-39544 |
| 3. ਮਾਨਸਿਕ ਸਿਹਤ ਮਸ਼ਵਰਾ | ਬਲਦੇਵ ਸਿੰਘ ਲੱਧੂਵਾਲਾ | 98550-78113 |
| 4. ਸਭਿਆਚਾਰ | ਤਜਿੰਦਰ ਸਿੰਘ | 98724-66177 |
| 5. ਮੀਡੀਆ | ਬੂਟਾ ਸਿੰਘ ਵਾਕਫ਼ | 98762-24461 |

**ਜ਼ੋਨ ਚੰਡੀਗੜ੍ਹ ਅਤੇ ਪਟਿਆਲਾ ਦੀ ਚੋਣ ਮੈਗਜ਼ੀਨ ਦੀ ਛਪਾਈ ਸ਼ੁਰੂ ਹੋਣ ਤੀਕ ਨਹੀਂ ਹੋ ਸਕੀ ਸੀ। ਇਨ੍ਹਾਂ ਦੇ ਅਹੁਦੇਦਾਰਾਂ ਦੀ ਸੂਚੀ ਅਗਲੇ ਅੰਕ ਵਿੱਚ ਦਿੱਤੀ ਜਾਵੇਗੀ**

# ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਡੈਲੀਗੇਟ ਇਜਲਾਸ ਦੀ ਰਿਪੋਰਟ

ਸਮਾਜ ਵਿਚ ਅੰਧਵਿਸ਼ਵਾਸਾਂ, ਵਹਿਮਾਂ-ਭਰਮਾਂ, ਅਖੌਤੀ ਚਮਤਕਾਰਾਂ, ਪਾਖੰਡੀ ਬਾਬਿਆਂ, ਸਮਾਜਿਕ ਬੁਰਾਈਆਂ ਅਤੇ ਹਰ ਤਰ੍ਹਾਂ ਦੇ ਗੈਰ-ਵਿਗਿਆਨਕ ਵਰਤਾਰਿਆਂ ਦੇ ਖਿਲਾਫ ਵਿਗਿਆਨਕ ਚੇਤਨਾ ਦੇ ਪ੍ਰਚਾਰ ਤੇ ਪ੍ਰਸਾਰ ਤੋਂ ਇਲਾਵਾ ਲੋਕ ਪੱਖੀ ਸਮਾਜਿਕ ਤੇ ਸੱਭਿਆਚਾਰਕ ਤਬਦੀਲੀ ਲਈ ਪਿਛਲੇ 41 ਸਾਲਾਂ ਤੋਂ ਲਗਾਤਾਰ ਜਦੋਜਹਿਦ ਕਰ ਰਹੀ ਤਰਕਸ਼ੀਲ ਸੁਸਾਇਟੀ ਪੰਜਾਬ ਦਾ ਦੋ ਰੋਜ਼ਾ ਸੂਬਾਈ ਡੈਲੀਗੇਟ ਇਜਲਾਸ ਤਰਕਸ਼ੀਲ ਭਵਨ ਬਰਨਾਲਾ ਵਿਖੇ 5-6 ਅਪ੍ਰੈਲ ਨੂੰ ਹੋਇਆ ਜਿਸ ਵਿਚ ਪੰਜਾਬ ਦੇ 10 ਜੋਨਾਂ ਦੀਆਂ 50 ਇਕਾਈਆਂ ਦੇ 148 ਡੈਲੀਗੇਟ ਅਤੇ ਦਰਸ਼ਕ ਸ਼ਾਮਿਲ ਹੋਏ।

ਪੰਜਾਬ ਦੇ ਕੋਨੇ ਕੋਨੇ ਤੋਂ ਨਿਰਧਾਰਤ ਵਕਤ 'ਤੇ ਪੁੱਜੇ ਸਾਰੇ ਡੈਲੀਗੇਟਾਂ ਅਤੇ ਦਰਸ਼ਕਾਂ ਵੱਲੋਂ ਰਜਿਸਟਰੇਸ਼ਨ ਕਰਵਾਉਣ ਅਤੇ ਚਾਹ-ਪਾਣੀ ਪੀਣ ਉਪਰੰਤ ਪਹਿਲੇ ਸੈਸ਼ਨ ਦੀ ਬਾਕਾਇਦਾ ਸ਼ੁਰੂਆਤ ਤੋਂ ਪਹਿਲਾਂ ਤਰਕਸ਼ੀਲ ਸਾਥੀਆਂ ਅਜਮੇਰ ਅਕਲੀਆ, ਮਨਜੀਤ ਘਣਗਸ, ਰਾਮ ਨਿਰਮਾਣ ਚੁੱਘੇ ਕਲਾਂ ਅਤੇ ਸੁਖਵਿੰਦਰ ਖਾਰਾ ਵੱਲੋਂ ਇਨਕਲਾਬੀ ਗੀਤ ਅਤੇ ਅਗਾਂਹਵਧੂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ।

ਉਦਘਾਟਨੀ ਸੈਸ਼ਨ ਦੇ ਮੁੱਖ ਮਹਿਮਾਨ ਅਤੇ ਮੁੱਖ ਬੁਲਾਰੇ ਉੱਘੇ ਜਮਹੂਰੀ ਚਿੰਤਕ ਅਤੇ ਸਮਾਜਿਕ ਕਾਰਕੁੰਨ ਹਿਮਾਂਸ਼ੂ ਕੁਮਾਰ ਨੇ 'ਮੌਜੂਦਾ ਦੌਰ ਚ ਫਾਸ਼ੀਵਾਦ ਦੀਆਂ ਚੁਣੌਤੀਆਂ ਅਤੇ ਸਾਡੇ ਕਾਰਜ' ਵਿਸ਼ੇ ਬਾਰੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ 31 ਮਾਰਚ 2026 ਤੱਕ ਨਕਸਲਵਾਦ ਦਾ ਸਫ਼ਾਇਆ ਕਰਨ' ਦੀ ਮੋਦੀ ਸਰਕਾਰ ਦੀ ਨੀਤੀ ਲੋਕਾਂ ਦੇ ਬੁਨਿਆਦੀ ਮਸਲੇ ਹੱਲ ਕਰਨ ਦੀ ਬਜਾਏ ਅਖੌਤੀ ਆਰਥਿਕ ਵਿਕਾਸ ਦੇ ਨਾਂਅ ਹੇਠ ਆਦਿਵਾਸੀ ਲੋਕਾਂ ਦੇ ਕੀਤੇ ਜਾ ਰਹੇ ਉਜਾੜੇ, ਕਤਲੇਆਮ ਅਤੇ ਉਨ੍ਹਾਂ ਦੇ ਜਲ, ਜੰਗਲ, ਜ਼ਮੀਨ ਅਤੇ ਖਣਿਜ ਪਦਾਰਥਾਂ ਨੂੰ ਲੁੱਟਣ ਲਈ ਕਾਰਪੋਰੇਟ ਪ੍ਰੋਜੈਕਟਾਂ ਦਾ ਰਾਹ ਸਾਫ਼ ਕਰਨ ਦੀ ਫਾਸ਼ੀਵਾਦੀ ਨੀਤੀ ਹੈ ਜਿਸ ਦਾ ਲੋਕਾਂ ਦੇ ਬੁਨਿਆਦੀ ਵਿਕਾਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਨ੍ਹਾਂ ਦੋਸ਼ ਲਾਇਆ ਕਿ 'ਮੁਕਾਬਲਿਆਂ' ਦੇ ਨਾਂਅ ਹੇਠ 'ਓਪਰੇਸ਼ਨ ਕਗਾਰ' ਤਹਿਤ ਬਸਤਰ ਖੇਤਰ ਅੰਦਰ ਸੁਰੱਖਿਆ ਬਲਾਂ ਵੱਲੋਂ ਲਗਾਤਾਰ ਗ਼ੈਰਅਦਾਲਤੀ ਹੱਤਿਆਵਾਂ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਵਿੱਚ ਵੱਡੀ ਗਿਣਤੀ 'ਚ ਆਦਿਵਾਸੀ ਔਰਤਾਂ ਅਤੇ ਬੱਚੇ ਵੀ ਸ਼ਾਮਿਲ ਹਨ। ਉਨ੍ਹਾਂ ਕਿਹਾ ਕਿ ਪੂੰਜੀਵਾਦ ਦਾ ਅਗਲਾ ਹਮਲਾ ਕਿਸਾਨੀ ਅਤੇ ਉਨ੍ਹਾਂ ਦੀਆਂ ਜ਼ਮੀਨਾਂ ਖੋਹਣ ਰਾਹੀਂ ਹੋਵੇਗਾ ਅਤੇ ਵੱਡੀ ਗਿਣਤੀ ਲੋਕਾਂ ਦਾ ਰੁਜ਼ਗਾਰ ਖ਼ਤਮ ਕੀਤਾ ਜਾਵੇਗਾ। ਉਨ੍ਹਾਂ ਨੇ ਤਰਕਸ਼ੀਲ ਸੁਸਾਇਟੀ ਸਮੇਤ ਸਾਰੀਆਂ ਹੀ ਜਮਹੂਰੀ ਤੇ ਨਿਆਂਪਸੰਦ ਤਾਕਤਾਂ ਅਤੇ ਸਮਾਜ ਦੇ ਸਮੂਹ ਚੇਤਨ ਲੋਕਾਂ ਨੂੰ ਸਾਮਰਾਜੀ ਹੁਕਮਰਾਨਾਂ ਦੇ ਇਨ੍ਹਾਂ ਮਨਸੂਬਿਆਂ ਅਤੇ ਕਤਲੇਆਮ ਖ਼ਿਲਾਫ਼ ਆਵਾਜ਼ ਉਠਾਉਣ ਦੀ ਪੁਰਜ਼ੋਰ ਅਪੀਲ ਕੀਤੀ। ਇਸ ਤੋਂ ਪਹਿਲਾਂ ਸੂਬਾਈ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਨੇ ਮੁੱਖ ਬੁਲਾਰੇ ਹਿਮਾਂਸ਼ੂ ਕੁਮਾਰ ਅਤੇ ਪੰਜਾਬ ਦੀਆਂ ਸਮੂਹ ਇਕਾਈਆਂ ਦੇ ਹਾਜ਼ਰ ਡੈਲੀਗੇਟਾਂ ਅਤੇ ਦਰਸ਼ਕਾਂ ਨੂੰ ਜੀ ਆਇਆਂ ਕਿਹਾ।

ਦੂਜੇ ਸੈਸ਼ਨ ਵਿੱਚ 13 ਵਿਭਾਗਾਂ ਦੀ ਪਿਛਲੇ ਦੋ ਸਾਲਾਂ ਦੀ ਰੀਵੀਊ ਰਿਪੋਰਟ ਉੱਤੇ ਵੱਖ ਵੱਖ ਜੋਨਾਂ ਅਤੇ ਇਕਾਈਆਂ ਨਾਲ ਸੰਬੰਧਿਤ ਡੈਲੀਗੇਟਾਂ ਮਾਸਟਰ ਪਰਮਵੇਦ ਸੰਗਰੂਰ, ਹਰਚੰਦ ਭਿੰਡਰ, ਸੁਖਦੇਵ ਫਗਵਾੜਾ, ਸੁਰਜੀਤ ਟਿੱਬਾ, ਜਸਵੰਤ ਜੀਰਖ, ਗੁਰਮੀਤ ਖਰੜ, ਰਾਮ ਕੁਮਾਰ ਪਟਿਆਲਾ, ਬਲਬੀਰ ਲੌਂਗੋਵਾਲ, ਭੂਰਾ ਸਿੰਘ ਮਹਿਮਾਸਰਜਾ, ਜੁਝਾਰ ਲੌਂਗੋਵਾਲ, ਸਤਪਾਲ ਸਲੋਹ, ਗਗਨ ਰਾਮਪੁਰਾ, ਮਾਸਟਰ ਜਗਦੀਸ਼ ਰਾਏਪੁਰ ਡਿੱਬਾ, ਸੰਦੀਪ ਧਾਰੀਵਾਲ ਭੋਜਾਂ, ਜਸਵਿੰਦਰ ਫਗਵਾੜਾ, ਜਸਵੰਤ ਮੋਹਾਲੀ, ਸੁਖਵਿੰਦਰ ਬਾਗਪੁਰ, ਮੁਖਤਿਆਰ ਗੋਪਾਲਪੁਰ, ਕੁਲਵਿੰਦਰ ਨਗਾਰੀ, ਕੁਲਵੰਤ ਕੌਰ, ਰਾਮ ਸਿੰਘ ਨਿਰਮਾਣ, ਜੋਗਿੰਦਰ ਕੁੱਲੇਵਾਲ, ਧਰਮਪਾਲ ਸਿੰਘ, ਡਾ.ਮਜੀਦ ਆਜ਼ਾਦ , ਸੁਖਵਿੰਦਰ ਬਾਗਪੁਰ, ਵਿਸ਼ਵ ਕਾਂਤ, ਜਸਪਾਲ ਬਾਸਰਕੇ, ਦੀਪ ਦਿਲਬਰ, ਲਾਭ ਸਿੰਘ ਛਾਜਲੀ,ਇੰਜ. ਦਵਿੰਦਰ ਸਿੰਘ, ਅੰਮ੍ਰਿਤ ਰਿਸ਼ੀ, ਪ੍ਰਿੰ.ਮਨਜੀਤ ਸਿੰਘ ਸ਼ਾਹਕੋਟ, ਪਰਮਜੀਤ ਕਿਰਤੀ, ਕੈਪਟਨ ਸਿੰਘ, ਸੋਹਣ ਸਿੰਘ ਮਾਝੀ, ਸੰਦੀਪ ਕੁਮਾਰ ਦਰਦੀ, ਜਿੰਦਰ ਬਾਗਪੁਰ, ਮੋਹਨ ਬਡਲਾ, ਸੁਰਿੰਦਰ ਪੱਦੀਜਗੀਰ ਆਦਿ ਵੱਲੋਂ ਉਸਾਰੂ ਵਿਚਾਰ ਵਟਾਂਦਰਾ ਕਰਦਿਆਂ ਸਾਰੇ ਵਿਭਾਗਾਂ ਦੀ ਕਾਰਗੁਜ਼ਾਰੀ ਨੂੰ ਹੋਰ ਬਿਹਤਰ ਬਣਾਉਣ ਉੱਤੇ ਜ਼ੋਰ ਦਿੱਤਾ ਗਿਆ।

ਰੀਵੀਊ ਰਿਪੋਰਟ ਬਾਰੇ 13 ਵਿਭਾਗਾਂ ਦੇ ਸੂਬਾਈ ਮੁਖੀਆਂ ਵੱਲੋਂ ਪਿਛਲੇ ਸ਼ੈਸ਼ਨ ਵਿਚ ਰਹਿ ਗਈਆਂ ਘਾਟਾਂ, ਕਮਜ਼ੋਰੀਆਂ ਅਤੇ ਡੈਲੀਗੇਟਾਂ ਦੇ ਇਤਰਾਜ਼ਾਂ, ਸੁਝਾਵਾਂ ਸੰਬੰਧੀ ਆਪਣਾ ਪੱਖ

ਰੱਖਦਿਆਂ ਲੋਕ ਪੱਖੀ ਵਿਗਿਆਨਕ, ਸਮਾਜਿਕ ਅਤੇ ਸਭਿਆਚਾਰਕ ਤਬਦੀਲੀ ਲਈ ਸੁਸਾਇਟੀ ਦੀਆਂ ਇਕਾਈਆਂ ਅਤੇ ਜੋਨਾਂ ਨੂੰ ਲਗਾਤਾਰ ਦੀਆਂ ਸਿਖਲਾਈ ਵਰਕਸ਼ਾਪਾਂ ਅਤੇ ਸੈਮੀਨਾਰਾਂ ਰਾਹੀਂ ਹੋਰ ਵਧ ਸਰਗਰਮ ਕਰਨ, ਵਧ ਤੋਂ ਵਧ ਔਰਤਾਂ, ਵਿਦਿਆਰਥੀਆਂ, ਨੌਜਵਾਨਾਂ ਨੂੰ ਸ਼ਾਮਿਲ ਕਰਕੇ ਸੁਸਾਇਟੀ ਦਾ ਘੇਰਾ ਹੋਰ ਵਿਸ਼ਾਲ ਕਰਨ ਅਤੇ ਮੌਜੂਦਾ ਫਾਸ਼ੀਵਾਦੀ ਦੌਰ ਦੀਆਂ ਚੁਣੌਤੀਆਂ ਦਾ ਡੱਟ ਕੇ ਟਾਕਰਾ ਕਰਨ ਦੇ ਨਾਲ ਨਾਲ ਇਸ ਗੱਲ ਉੱਤੇ ਜ਼ੋਰ ਦਿੱਤਾ ਗਿਆ ਕਿ ਸੂਬਾ ਕਾਰਜਕਾਰਨੀ ਦੇ ਫੈਸਲਿਆਂ ਅਤੇ ਕਾਰਜ ਵਿਉਂਤਬੰਦੀ ਨੂੰ ਇਕਾਈ ਪੱਧਰ ਤੇ ਲਾਗੂ ਕਰਨ ਲਈ ਸੂਬਾਈ ਅਤੇ ਜੋਨ ਆਗੂਆਂ ਵੱਲੋਂ ਲਗਾਤਾਰ ਵਿਸ਼ੇਸ਼ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ।

ਤੀਜੇ ਸੈਸ਼ਨ ਵਿੱਚ ਹਿੰਦੀ ਦੇ ਤਰਕਸ਼ੀਲ ਮੈਗਜ਼ੀਨ ਲਈ ਵੱਖਰਾ ਸੰਪਾਦਕ ਅਤੇ ਸੰਪਾਦਕੀ ਮੰਡਲ ਬਨਾਉਣ ਅਤੇ ਦੂਜਾ ਤਰਕਸ਼ੀਲ ਭਵਨ ਦਾ ਕੰਮ ਸੁਚਾਰੂ ਰੂਪ ਵਿੱਚ ਚਲਾਉਣ ਲਈ ਦਫਤਰ ਸਕੱਤਰ ਦਾ ਅਹੁਦਾ ਸਥਾਪਿਤ ਕਰਨ ਦੀ ਲੋੜ ਦੀ ਪੂਰਤੀ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੰਵਿਧਾਨ ਵਿੱਚ ਸੋਧ ਕਰਨ ਲਈ ਸੰਵਿਧਾਨਿਕ ਸੋਧਾਂ ਦਾ ਏਜੰਡਾ ਰੱਖਿਆ ਗਿਆ ਜਿਸਨੂੰ ਸਮੂਹ ਡੈਲੀਗੇਟਾਂ ਵੱਲੋਂ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ।

ਇਜਲਾਸ ਦੇ ਦੂਜੇ ਦਿਨ ਦੇ ਪਹਿਲੇ ਸੈਸ਼ਨ ਵਿੱਚ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਅਤੇ ਤਰਕਸ਼ੀਲ ਮੈਗਜ਼ੀਨ ਦੀ ਗਿਣਤੀ ਵਧਾਉਣ ਦੇ ਅਹਿਮ ਏਜੰਡਿਆਂ ਉੱਤੇ ਵੱਖ ਵੱਖ ਡੈਲੀਗੇਟਾਂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਪ੍ਰੀਖਿਆ ਦਾ ਸਿਲੇਬਸ ਬਦਲਣ, ਇਸਨੂੰ ਹੋਰ ਦਿਲਚਸਪ ਅਤੇ ਜਾਣਕਾਰੀ ਭਰਪੂਰ ਬਣਾਉਣ ਦੇ ਇਲਾਵਾ ਵੱਧ ਤੋਂ ਵੱਧ ਸਕੂਲਾਂ ਤੇ ਵਿਦਿਆਰਥੀਆਂ ਦੀ ਸ਼ਮੂਲੀਅਤ ਕਰਵਾਉਣ ਅਤੇ ਤਰਕਸ਼ੀਲ ਮੈਗਜ਼ੀਨ ਦੀ ਗਿਣਤੀ ਵਧਾਉਣ ਲਈ ਹਰ ਸਾਲ ਕਿਸੇ ਮਹੀਨੇ ਮਜ਼ਦੂਰਾਂ, ਮੁਲਾਜ਼ਮਾਂ, ਕਿਸਾਨਾਂ, ਦਫਤਰਾਂ, ਵਿਦਿਅਕ ਅਦਾਰਿਆਂ, ਬਜ਼ਾਰਾਂ ਅਤੇ ਪਿੰਡਾਂ ਵਿੱਚ ਵਿਸ਼ੇਸ਼ ਮੁਹਿੰਮ ਚਲਾਉਣ ਦੀ ਲੋੜ ਉਤੇ ਜ਼ੋਰ ਦਿੱਤਾ ਗਿਆ।

ਦੂਜੇ ਸੈਸ਼ਨ ਵਿੱਚ ਅਗਲੇ ਦੋ ਸਾਲ ਦੀ ਕਾਰਜ-ਵਿਉਂਤਬੰਦੀ ਦੇ ਏਜੰਡੇ ਉੱਤੇ ਗੰਭੀਰ ਵਿਚਾਰ ਵਟਾਂਦਰਾ ਕਰਦਿਆਂ ਤਰਕਸ਼ੀਲ ? ਸਾਹਿਤ ਵੈਨ ਦਾ ਸਾਲਾਨਾ ਪ੍ਰੋਗਰਾਮ ਉਲੀਕਣ, ਤਰਕਸ਼ੀਲ ਮੈਗਜ਼ੀਨ ਦੀ ਗਿਣਤੀ ਵਧਾਉਣ, ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ 'ਚ ਸਮੂਹ ਇਕਾਈਆਂ ਦੀ ਸ਼ਮੂਲੀਅਤ ਯਕੀਨੀ ਬਣਾਉਣ, ਤਰਕਸ਼ੀਲ ਟੀ ਵੀ, ਕਾਨੂੰਨ ਵਿਭਾਗ ਤੇ ਸ਼ੋਸ਼ਲ ਮੀਡੀਆ ਵਿਭਾਗ ਨੂੰ ਹੋਰ ਸਰਗਰਮ ਕਰਨ ਤੋਂ ਇਲਾਵਾ ਇਕਾਈ ਪੱਧਰ ਤੇ ਮੀਟਿੰਗਾਂ, ਪਰਿਵਾਰਕ ਮਿਲਣੀਆਂ, ਪਾਠਕ ਮਿਲਣੀਆਂ, ਚੇਤਨਾ ਸੈਮੀਨਾਰਾਂ ਅਤੇ ਸਿਖਲਾਈ ਵਰਕਸ਼ਾਪਾਂ ਦੀ ਲਗਾਤਾਰਤਾ ਬਣਾਈ ਰੱਖਣ ਆਦਿ ਖੇਤਰਾਂ ਵਿੱਚ ਹੋਰ ਵਧ ਸਰਗਰਮ ਹੋਣ ਦੀ ਲੋੜ ਉਤੇ ਜ਼ੋਰ ਦਿੱਤਾ ਗਿਆ। ਪੰਜਾਬ ਸਮੇਤ ਦੇਸ਼ ਵਿੱਚ ਦਿਨੋਂ ਦਿਨ ਵਧ ਰਹੇ ਅੰਧ ਵਿਸ਼ਵਾਸਾਂ, ਧਾਰਮਿਕ ਕੱਟੜਵਾਦ, ਡੇਰਾਵਾਦ, ਬਾਬਾਵਾਦ, ਜਮਹੂਰੀ ਹੱਕਾਂ ਦੀ ਉਲੰਘਣਾ, ਸਿੱਖਿਆ ਦੇ ਵਧ ਰਹੇ ਭਗਵੇਂਕਰਨ, ਵਪਾਰੀਕਰਨ ਅਤੇ ਦੇਸ਼ ਵਿਚ ਵਧ ਰਹੇ ਫ਼ਿਰਕੂ ਫਾਸ਼ੀਵਾਦ ਅਤੇ ਬੁਲਡੋਜ਼ਰ ਤਾਨਾਸ਼ਾਹੀ ਦੇ ਹਮਲਿਆਂ ਦੇ ਖਿਲਾਫ਼ ਤਰਕਸ਼ੀਲ ਸੁਸਾਇਟੀ ਵੱਲੋਂ ਸਮਾਜ ਵਿਚ ਵਿਗਿਆਨਕ ਅਤੇ ਜਮਾਤੀ ਚੇਤਨਾ ਦੀ ਲਹਿਰ ਨੂੰ ਹੋਰ ਤੇਜੀ ਨਾਲ ਵਿਕਸਤ ਕਰਨ ਦੇ ਇਲਾਵਾ ਪੰਜਾਬ ਵਿੱਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਵਾਉਣ ਲਈ ਜੱਥੇਬੰਦਕ ਯਤਨ ਹੋਰ ਤੇਜ ਕਰਨ ਦਾ ਫੈਸਲਾ ਕੀਤਾ ਗਿਆ। ਇਸ ਤੋਂ ਇਲਾਵਾ ਪੰਜਾਬ ਸਮੇਤ ਦੇਸ਼ ਵਿਚ ਧਾਰਮਿਕ ਮੂਲਵਾਦ ਦੀ ਰਾਜਨੀਤੀ ਕਰਨ ਵਾਲੀਆਂ ਫ਼ਿਰਕੂ ਫਾਸ਼ੀਵਾਦੀ ਤਾਕਤਾਂ ਵੱਲੋਂ ਵਿਗਿਆਨਕ ਵਿਚਾਰਧਾਰਾ ਅਤੇ ਤਰਕਸ਼ੀਲ ਸੰਸਥਾਵਾਂ ਉੱਤੇ ਕੀਤੇ ਜਾ ਰਹੇ ਹਮਲਿਆਂ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਉੱਤੇ ਲਾਈਆਂ ਜਾ ਰਹੀਆਂ ਪਾਬੰਦੀਆਂ ਦਾ ਟਾਕਰਾ ਕਰਨ ਲਈ ਹਮਖਿਆਲ ਅਤੇ ਲੋਕਪੱਖੀ ਜਮਹੂਰੀ ਜਨਤਕ ਜੱਥੇਬੰਦੀਆਂ ਨਾਲ ਸਾਂਝੀਆਂ ਸਰਗਰਮੀਆਂ ਕਰਨ ਦੀ ਲੋੜ ਉੱਤੇ ਵੀ ਜ਼ੋਰ ਦਿੱਤਾ ਗਿਆ। ਤੀਜੇ ਅਤੇ ਆਖਰੀ ਸ਼ੈਸ਼ਨ ਵਿੱਚ ਅਗਲੇ ਦੋ ਸਾਲਾਂ ਲਈ 15 ਮੈਂਬਰੀ ਨਵੀਂ ਸੂਬਾ ਐੱਗਜੈਕਟਿਵ ਦੀ ਚੋਣ ਕੀਤੀ ਗਈ।

ਇਸ ਮੌਕੇ ਇਜਲਾਸ ਵਿੱਚ ਹੋਰਨਾਂ ਤੋਂ ਇਲਾਵਾ ਵੱਖ ਵੱਖ ਤਰਕਸ਼ੀਲ ਇਕਾਈਆਂ ਦੇ ਡੈਲੀਗੇਟਾਂ ਅਤੇ ਦਰਸ਼ਕਾਂ ਬਲਰਾਜ ਮੌੜ ਬਠਿੰਡਾ, ਗਿਆਨ ਸਿੰਘ, ਮਾਸਟਰ ਲੱਖਾ ਸਿੰਘ ਮਾਨਸਾ, ਜਸਵੰਤ ਜੱਸ, ਪਾਲ ਬਾਗਪੁਰ, ਪ੍ਰਿੰ. ਮੇਲਾ ਰਾਮ, ਹਰਦੀਪ ਖਿਲਚੀਆਂ, ਦਲਬੀਰ ਕਟਾਣੀ, ਪੁਰਸ਼ੋਤਮ ਬੱਲੀ, ਅਵਤਾਰ ਸਿੰਘ ਬਰਨਾਲਾ, ਭੁਪਿੰਦਰ ਫ਼ੌਜੀ, ਸ਼ਮਸ਼ੇਰ ਨੂਰਪੁਰੀ, ਬਲਵਿੰਦਰ ਕੌਰ, ਦਮਨਜੀਤ ਕੌਰ, ਰਮਨਜੀਤ ਕੌਰ, ਪਰਮਜੀਤ ਕੌਰ ਭੀਖੀ, ਗੁਰਿੰਦਰ ਕੌਰ, ਰਾਜਿੰਦਰ ਜੰਡਿਆਲੀ, ਮਾਸਟਰ ਤਸਵੀਰ ਸਿੰਘ, ਤਰਲੋਚਨ ਗੁਰਦਾਸਪੁਰ, ਰਣਜੀਤ ਸਿੰਘ ਬਠਿੰਡਾ, ਦੀਵਾਨ ਸਿੰਘ,ਅਸ਼ੋਕ ਕੁਮਾਰ ਰੋਪੜ, ਚਰਨਜੀਤ

ਪਟਵਾਰੀ, ਐਡਵੋਕੇਟ ਅਮਰਜੀਤ ਬਾਈ, ਬੂਟਾ ਸਿੰਘ ਵਾਕਫ਼, ਜਸਵੀਰ ਸੋਨੀ, ਹਰਚਰਨ ਚਹਿਲ, ਬਿੱਕਰ ਸਿੰਘ,ਮਾਸਟਰ ਜਸਬੀਰ, ਸੁਖਵਿੰਦਰ ਗੋਗਾ, ਮਾਸਟਰ ਸੁਰਜੀਤ ਮੁਹਾਲੀ, ਕੁਲਦੀਪ ਨੈਣੇਵਾਲ, ਮਾਸਟਰ ਸੁਰਜੀਤ ਖਿਲਚੀਆਂ ਆਦਿ ਕਾਰਕੁਨਾਂ ਨੇ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਡੈਲੀਗੇਟਾਂ ਦੀ ਰਜਿਸਟਰੇਸ਼ਨ ਲਈ ਤਰਕਸ਼ੀਲ ਕਾਮਿਆਂ ਮਾਸਟਰ ਪਰਮਵੇਦ ਸੰਗਰੂਰ, ਬਲਰਾਜ ਮੌੜ , ਸੀਤਾ ਰਾਮ ਬਾਲਦ ਕਲਾਂ, ਭੀਮ ਰਾਜ ਬਰਨਾਲਾ ਅਤੇ ਗੁਰਦੀਪ ਸਿੰਘ ਲਹਿਰਾ ਵੱਲੋਂ ਜ਼ਿੰਮੇਵਾਰੀ ਨਿਭਾਈ ਗਈ ਜਦਕਿ ਖਾਣੇ ਅਤੇ ਚਾਹ ਪਾਣੀ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਰਾਜੇਸ਼ ਅਕਲੀਆ, ਬਿੰਦਰ ਧਨੌਲਾ, ਗੁਰਪ੍ਰੀਤ ਸ਼ਹਿਣਾ ਅਤੇ ਅਵਤਾਰ ਬਰਨਾਲਾ ਵੱਲੋਂ ਬਾਖੂਬੀ ਨਿਭਾਈ ਗਈ। ਇਸ ਤਰ੍ਹਾਂ ਇਹ ਡੈਲੀਗੇਟ ਇਜਲਾਸ ਤਰਕਸ਼ੀਲ ਲਹਿਰ ਦਾ ਘੇਰਾ ਹੋਰ ਵਿਸ਼ਾਲ ਕਰਨ ਅਤੇ ਇਕ ਸਿਹਤਮੰਦ ਸਮਾਜ ਅਤੇ ਸੱਭਿਆਚਾਰ ਉਸਾਰਨ ਦਾ ਅਹਿਦ ਲੈਂਦਾ ਹੋਇਆ ਸਮਾਪਤ ਹੋਇਆ।

**ਸੁਮੀਤ ਅੰਮ੍ਰਿਤਸਰ**
**ਸੂਬਾਈ ਮੀਡੀਆ ਮੁਖੀ**

# ਚਾਨਣ ਅਤੇ ਹਨੇਰੇ ਦੀ ਜੰਗ

ਜਿਵੇਂ ਹਨੇਰੇ ਦਾ ਆਪਣਾ ਕੋਈ ਵਜੂਦ ਨਹੀਂ ਹੁੰਦਾ, ਚਾਨਣ ਦੀ ਗੈਰ-ਹਾਜਰੀ ਦਾ ਨਾਮ ਹੀ ਹਨੇਰਾ ਹੈ।

ਇਸੇ ਤਰ੍ਹਾਂ ਅਚੇਤਨਾ, ਅਗਿਆਨਤਾ ਅਤੇ ਅੰਧਵਿਸ਼ਵਾਸ ਸਿਰਫ ਚੇਤੰਨਤਾ, ਗਿਆਨ ਅਤੇ ਤਰਕ ਦੀ ਗੈਰ ਹਾਜਰੀ ਵਿਚੋਂ ਉਪਜਦੇ ਹਨ।

ਵਿਗਿਆਨਕ ਗਿਆਨ ਅਤੇ ਤਰਕਸ਼ੀਲ ਵਿਚਾਰ ਉਸ ਜਹਾਲਤ ਦੇ ਹਨੇਰੇ ਨੂੰ ਚੀਰ ਸੁਟਦੇ ਹਨ ਜਿਥੋਂ ਤੱਕ ਉਹਨਾਂ ਵਿਚਾਰਾਂ ਦੀ ਰੌਸ਼ਨੀ/ਚੇਤਨਾ ਫੈਲਦੀ ਹੈ।

ਹਨੇਰੇ ਨੂੰ ਕੋਸੀ ਜਾਣ (ਕਿ ਸਮਾਜ ਵਿੱਚ ਤਾਂ ਅੰਧਵਿਸ਼ਵਾਸ ਵਧਦੇ ਹੀ ਜਾ ਰਹੇ ਹਨ,ਲੋਕ ਮੂਰਖ ਤੇ ਅਗਿਆਨੀ ਹਨ,ਇਹਨਾਂ ਨੂੰ ਕਦੇ ਅਕਲ ਨਹੀਂ ਆ ਸਕਦੀ,ਅਸੀਂ ਇਕੱਲੇ ਕੀ ਕਰ ਸਕਦੇ ਹਾਂ। ਇਥੇ ਤਾਂ ਹਨੇਰਾ ਹੀ ਹਨੇਰਾ ਪਿਆ ਹੈ ਸਿਰਫ ਨਿਰਾਸ਼ ਹੋਕੇ ਸੋਚੀ ਜਾਣ) ਨਾਲੋਂ ਚੰਗਾ ਹੈ ਕਿ ਤੁਸੀ ਹਨੇਰੇ ਵਿੱਚ ਇਕ ਦੀਵਾ ਜਗਾ ਦੇਵੋ। ਜਿਥੇ ਜਿਥੇ ਵੀ ਬੈਠੇ ਹੋ, ਓਥੇ ਓਥੇ ਆਪਣੇ ਤਰਕਵਾਦੀ, ਵਿਗਿਆਨਕ ਵਿਚਾਰਾਂ ਦਾ ਪ੍ਰਵਾਹ ਜਾਰੀ ਰੱਖੋ। ਜਹਾਲਤ ਦੇ ਹਨੇਰੇ ਨੂੰ ਭਜਾਉਣ ਲਈ ਆਪਣਾ ਆਪਣਾ ਯੋਗਦਾਨ ਪਾਉਂਦੇ ਰਹੋ। ਅਵੱਸ਼ ਤਰਕ ਦੀ ਰੌਸ਼ਨੀ ਅਤੇ ਵਿਗਿਆਨਕ ਵਿਚਾਰਾਂ ਦਾ ਚਾਨਣ ਮਿਲ ਕੇ ਸਮਾਜ ਵਿਚੋਂ ਵਹਿਮਾਂ-ਭਰਮਾਂ, ਅੰਧਸ਼ਰਧਾ, ਅੰਧ-ਵਿਸ਼ਵਾਸ਼ਾਂ, ਅਤੇ ਤਰਕਹੀਣਤਾ, ਲਾਈਲੱਗਤਾ ਦੇ ਸਮਾਜਿਕ ਹਨੇਰੇ ਨੂੰ ਖਤਮ ਕਰ ਦੇਵੇਗਾ।

ਅਨੇਕਾਂ ਮੁਸ਼ਕਿਲਾਂ ਦੇ ਬਾਵਜੂਦ ਭਵਿੱਖ ਸਾਡਾ ਤਰਕ ਨਾਲ ਸੋਚਣ ਅਤੇ ਵਿਗਿਆਨਕ ਵਿਚਾਰ ਫੈਲਾਉਣ ਵਾਲਿਆਂ ਦਾ ਹੈ।

ਵਿਗਿਆਨ ਦੀ 21ਵੀਂ ਸਦੀ ਵਿੱਚ ਹੁਣ ਬਹੁਤੀ ਦੇਰ ਕੱਖਾਂ ਥੱਲੇ ਅੱਗ ਨਹੀਂ ਛੁਪਾਈ ਜਾ ਸਕਦੀ। ਵਿਗਿਆਨਕ ਚੇਤਨਾ ਦੀ ਅੱਗ ਲਟ ਲਟ ਬਲੇਗੀ।

ਭਾਂਵੇਂ ਤਾਨਾਸ਼ਾਹ ਹਕੂਮਤਾਂ, ਹਨੇਰੇ ਦੇ ਆਸ਼ਿਕ, ਅਖੌਤੀ ਧਰਮ-ਪ੍ਰਚਾਰਕ ਅਤੇ ਹੋਰ ਸਵਾਰਥੀ ਕਾਲੀਆਂ ਤਾਕਤਾਂ ਹਨੇਰਾ ਫੈਲਾਉਣ ਦਾ ਲੱਖ ਯਤਨ ਕਰਨ, ਪਰ ਰਾਤ ਦੇ ਹਨੇਰੇ ਬਾਅਦ ਸੂਰਜ ਜਰੂਰ ਚੜ੍ਹਦਾ ਹੈ ਅਤੇ ਰਾਤ ਦੇ ਹਨੇਰੇ ਨੂੰ ਪਾੜ ਕੇ ਸਵੇਰ ਹੋ ਜਾਂਦੀ ਹੈ, ਜਿਸ ਨੂੰ ਸਾਡੇ ਅਣਪੜ੍ਹ ਲੋਕ ਵੀ ਲੋਈ/ਲੋਹੀ ਪਾਟਣਾ ਕਹਿੰਦੇ ਹਨ ਭਾਵ ਹਨੇਰੇ ਦੀ ਕਾਲੀ ਲੋਈ ਪਾੜਕੇ ਸੂਰਜ ਦੇ ਚਾਨਣ ਦਾ ਬਾਹਰ ਆ ਕੇ ਧਰਤ ਨੂੰ ਰੁਸ਼ਨਾਉਣਾ।

ਬੱਸ ਯਤਨ ਜਾਰੀ ਰਹਿਣ।

ਅੱਜ ਤਾਂ ਸਾਡੇ ਕੋਲ ਆਪਣੇ ਵਿਚਾਰ ਫੈਲਾਉਣ ਲਈ ਅਨੇਕਾਂ ਸਾਧਨ, ਢੇਰ ਸਾਰੀਆਂ ਵਿਗਿਆਨਕ ਤਕਨੀਕਾਂ ਮੌਜੂਦ ਹਨ।

ਆਓ ਆਪਾਂ ਵੀ ਇਸ ਯੁੱਗ ਦੇ ਚਾਨਣ ਦੇ ਵਣਜਾਰੇ, ਵਿਗਿਆਨਕ ਚੇਤਨਾ ਦੇ ਹਰਕਾਰੇ ਬਣ ਕੇ ਵਿਚਰੀਏ ਤੇ ਐਲਾਨ ਕਰੀਏ-

"ਬਲ ਵੇ ਤਰਕ ਦਿਆ ਦੀਵਿਆ,
ਅਸੀਂ ਰਾਹ ਰੁਸ਼ਨਾਉਣੇ।
ਜੋ ਜਾਗਦਿਆਂ ਵੀ ਸੌਂ ਰਹੇ,
ਉਹ ਲੋਕ ਜਗਾਉਣੇ।"

(ਰ.ਸ.ਨਿਰਮਾਣ)

**"ਤਰਕਸ਼ੀਲ" ਪੜ੍ਹੋ, "ਤਰਕਸ਼ੀਲ" ਬਣੋ।**

# ਭਾਰਤੀ ਸੰਵਿਧਾਨ ਦੀ ਧਰਮ ਨਿਰਪੱਖਤਾ ਦਾ ਵਿਸ਼ਲੇਸ਼ਣ

ਰਾਜਿੰਦਰ ਪਾਲ ਸਿੰਘ (ਡਾ.)

ਹਰ ਯੁੱਗ ਵਿੱਚ ਹੀ ਮਨੁੱਖੀ ਸਮਾਜ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅੱਜ ਦੇ ਯੁਗ ਵਿੱਚ ਇੱਕ ਪਾਸੇ ਤਾਂ ਗਲੋਬਲ ਕਾਰਪੋਰੇਟ ਦੀ ਮੁਨਾਫਾਖੋਰੀ ਵਾਲੀ ਬਿਰਤੀ ਮਨੁੱਖ ਨੂੰ ਹਾਸ਼ੀਏ 'ਤੇ ਧੱਕ ਰਹੀ ਹੈ ਅਤੇ ਦੂਸਰੇ ਪਾਸੇ ਭਾਰਤੀ ਰਾਜਨੀਤੀ ਵਿੱਚ ਧਰਮ ਦੀ ਵਰਤੋਂ ਵਧ ਰਹੀ ਹੈ। ਭਾਰਤੀ ਸੰਵਿਧਾਨ ਨੂੰ ਦੁਨੀਆ ਦੇ ਸਭ ਤੋਂ ਵਿਸਤ੍ਰਿਤ ਅਤੇ ਲਿਖਤ ਸੰਵਿਧਾਨਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਜੋ ਭਾਰਤ ਨੂੰ ਇੱਕ ਧਰਮ ਨਿਰਪੱਖ (secular), ਲੋਕਤੰਤਰੀ ਗਣਰਾਜ ਵਜੋਂ ਪਰਿਭਾਸ਼ਿਤ ਕਰਦਾ ਹੈ। ਸੰਵਿਧਾਨ ਦੀ ਪ੍ਰਸਤਾਵਨਾ ਵਿੱਚ 1976 ਨੂੰ 42ਵੀਂ ਸੰਵਿਧਾਨ ਸੋਧ ਦੁਆਰਾ "ਧਰਮ ਨਿਰਪੱਖ" ਸ਼ਬਦ ਸ਼ਾਮਲ ਕੀਤਾ ਗਿਆ ਸੀ, ਜਿਸ ਨੇ ਭਾਰਤ ਦੀ ਸਾਰੇ ਧਰਮਾਂ ਪ੍ਰਤੀ ਸਮਾਨ ਸਤਿਕਾਰ ਅਤੇ ਨਿਰਪੱਖਤਾ ਦੀ ਵਚਨਬੱਧਤਾ ਨੂੰ ਸਪਸ਼ਟ ਕੀਤਾ। ਪਰ, ਸੰਵਿਧਾਨ ਦੀਆਂ ਕਈ ਧਾਰਾਵਾਂ ਅਤੇ ਸਰਕਾਰੀ ਨੀਤੀਆਂ ਦੀ ਵਿਆਖਿਆ ਅਤੇ ਅਮਲੀਕਰਨ ਨੇ ਇਸ ਧਰਮ ਨਿਰਪੱਖਤਾ ਦੇ ਸਿਧਾਂਤ 'ਤੇ ਸਵਾਲ ਖੜੇ ਕੀਤੇ ਹਨ। ਸੰਵਿਧਾਨ ਲਿਖਤੀ ਰੂਪ ਵਿੱਚ ਧਰਮ ਨਿਰਪੱਖ ਹੋਣ ਦੇ ਬਾਵਜੂਦ, ਆਪਣੀਆਂ ਹੀ ਧਾਰਾਵਾਂ ਅਤੇ ਅਮਲੀਕਰਨ ਵਿੱਚ ਅਕਸਰ ਧਰਮ ਨਿਰਪੱਖਤਾ ਦੇ ਸਿਧਾਂਤ ਦਾ ਵਿਰੋਧ ਕਰਦਾ ਹੈ।

ਭਾਰਤੀ ਸੰਵਿਧਾਨ ਵਿੱਚ ਧਰਮ ਨਿਰਪੱਖਤਾ ਦਾ ਸਿਧਾਂਤ ਮੁੱਖ ਰੂਪ ਵਿੱਚ ਪ੍ਰਸਤਾਵਨਾ ਅਤੇ ਧਾਰਾ 25 ਤੋਂ 28 ਵਿੱਚ ਸਮਾਇਆ ਹੋਇਆ ਹੈ। ਇਹ ਧਾਰਾਵਾਂ ਸੰਵਿਧਾਨ ਦੇ ਮੁੱਢਲੇ ਢਾਂਚੇ ਦਾ ਹਿੱਸਾ ਹਨ ਅਤੇ ਸਾਰੇ ਨਾਗਰਿਕਾਂ ਨੂੰ ਧਾਰਮਿਕ ਆਜ਼ਾਦੀ ਦੀ ਗਾਰੰਟੀ ਦਿੰਦੀਆਂ ਹਨ।

**ਪ੍ਰਸਤਾਵਨਾ :** 42ਵੀਂ ਸੰਵਿਧਾਨ ਸੋਧ (1976) ਦੁਆਰਾ ਪ੍ਰਸਤਾਵਨਾ ਵਿੱਚ 'ਧਰਮ ਨਿਰਪੱਖ' ਸ਼ਬਦ ਸ਼ਾਮਲ ਕੀਤਾ ਗਿਆ, ਜਿਸ ਨੇ ਭਾਰਤ ਨੂੰ ਇੱਕ ਧਰਮ ਨਿਰਪੱਖ ਰਾਜ ਵਜੋਂ ਸਪਸ਼ਟ ਰੂਪ ਵਿੱਚ ਪਰਿਭਾਸ਼ਿਤ ਕੀਤਾ। ਸੁਪਰੀਮ ਕੋਰਟ ਨੇ S.R. Bommai vs. Union of India (1994) ਮਾਮਲੇ ਵਿੱਚ ਸਪਸ਼ਟ ਕੀਤਾ ਕਿ ਧਰਮ ਨਿਰਪੱਖਤਾ ਸੰਵਿਧਾਨ ਦੇ ਮੁੱਢਲੇ ਢਾਂਚੇ (Basic Structure) ਦਾ ਹਿੱਸਾ ਹੈ, ਅਤੇ ਇਹ ਸਾਰੇ ਧਰਮਾਂ ਪ੍ਰਤੀ ਸਮਾਨ ਸਤਿਕਾਰ ਅਤੇ ਸਹਿਣਸ਼ੀਲਤਾ ਦੀ ਵਕਾਲਤ ਕਰਦੀ ਹੈ।

**ਧਾਰਾ 25 :** ਇਹ ਧਾਰਾ ਹਰ ਵਿਅਕਤੀ ਨੂੰ ਧਰਮ ਦੀ ਆਜ਼ਾਦੀ, ਅਰਥਾਤ ਆਪਣੇ ਧਰਮ ਨੂੰ ਮੰਨਣ, ਅਭਿਆਸ ਕਰਨ ਅਤੇ ਪ੍ਰਚਾਰ ਕਰਨ ਦਾ ਅਧਿਕਾਰ ਦਿੰਦੀ ਹੈ। ਪਰ, ਇਹ ਅਧਿਕਾਰ ਜਨਤਕ ਵਿਵਸਥਾ, ਨੈਤਿਕਤਾ ਦੇ ਅਧੀਨ ਹੈ।

**ਧਾਰਾ 26 :** ਇਹ ਧਾਰਮਿਕ ਸੰਸਥਾਵਾਂ ਨੂੰ ਆਪਣੇ ਮਾਮਲਿਆਂ ਦਾ ਪ੍ਰਬੰਧਨ ਕਰਨ, ਜਾਇਦਾਦ ਦਾ ਮਾਲਕੀ ਅਤੇ ਪ੍ਰਬੰਧਨ ਕਰਨ ਦੀ ਆਜ਼ਾਦੀ ਦਿੰਦੀ ਹੈ।

**ਧਾਰਾ 27 :** ਇਹ ਸਰਕਾਰ ਨੂੰ ਕਿਸੇ ਵੀ ਵਿਅਕਤੀ ਨੂੰ ਕਿਸੇ ਖਾਸ ਧਰਮ ਦੇ ਪ੍ਰਚਾਰ ਲਈ ਟੈਕਸ ਅਦਾ ਕਰਨ ਲਈ ਮਜਬੂਰ ਕਰਨ ਤੋਂ ਰੋਕਦੀ ਹੈ।

**ਧਾਰਾ 28 :** ਸਰਕਾਰੀ ਸਹਾਇਤਾ ਪ੍ਰਾਪਤ ਸੰਸਥਾਵਾਂ ਵਿੱਚ ਧਾਰਮਿਕ ਸਿੱਖਿਆ ਦੇਣ 'ਤੇ ਪਾਬੰਦੀ ਲਗਾਉਂਦੀ ਹੈ, ਪਰ ਘੱਟ ਗਿਣਤੀ ਸੰਸਥਾਵਾਂ ਨੂੰ ਆਪਣੀ ਸੱਭਿਆਚਾਰਕ ਅਤੇ ਧਾਰਮਿਕ ਪਛਾਣ ਬਣਾਈ ਰੱਖਣ ਦੀ ਆਗਿਆ ਦਿੰਦੀ ਹੈ।

**ਧਾਰਾ 15 :** ਇਹ ਧਾਰਾ ਧਰਮ, ਜਾਤ, ਲਿੰਗ, ਜਨਮ ਸਥਾਨ ਆਦਿ ਦੇ ਅਧਾਰ 'ਤੇ ਵਿਤਕਰੇ 'ਤੇ ਪਾਬੰਦੀ ਲਗਾਉਂਦੀ ਹੈ, ਜੋ ਧਰਮ ਨਿਰਪੱਖਤਾ ਦੇ ਸਿਧਾਂਤ ਨੂੰ ਮਜ਼ਬੂਤ ਕਰਦੀ ਹੈ।

ਇਹ ਧਾਰਾਵਾਂ ਸੰਵਿਧਾਨਕ ਰੂਪ ਵਿੱਚ ਭਾਰਤ ਨੂੰ ਇੱਕ ਧਰਮ ਨਿਰਪੱਖ ਰਾਜ ਵਜੋਂ ਸਥਾਪਿਤ ਕਰਦੀਆਂ ਹਨ। ਪਰ, ਸੰਵਿਧਾਨ ਦੀਆਂ ਹੋਰ ਧਾਰਾਵਾਂ ਅਤੇ ਸਰਕਾਰੀ ਨੀਤੀਆਂ ਦੇ ਅਮਲੀਕਰਨ ਨੇ ਇਸ ਸਿਧਾਂਤ ਨੂੰ ਵਿਵਾਦ ਦੇ ਘੇਰੇ ਵਿੱਚ ਲਿਆਂਦਾ ਹੈ। ਭਾਰਤੀ ਸੰਵਿਧਾਨ ਦੀ ਧਰਮ ਨਿਰਪੱਖਤਾ ਦਾ ਸਿਧਾਂਤ ਪੱਛਮੀ ਮਾਡਲ (ਜਿਵੇਂ ਅਮਰੀਕਾ ਜਾਂ ਫਰਾਂਸ ਵਿੱਚ, ਜਿੱਥੇ ਰਾਜ ਅਤੇ ਧਰਮ ਵਿਚਕਾਰ ਪੂਰਨ ਵਿਛੋੜਾ ਹੈ) ਤੋਂ ਵੱਖਰਾ ਹੈ। ਭਾਰਤ ਵਿੱਚ, ਧਰਮ ਨਿਰਪੱਖਤਾ ਦਾ ਅਰਥ ਹੈ ਸਾਰੇ ਧਰਮਾਂ ਪ੍ਰਤੀ ਸਮਾਨ ਸਤਿਕਾਰ ਅਤੇ ਸਮਾਨ ਵਿਵਹਾਰ। ਇਸ ਸੰਕਲਪ ਨੂੰ 'ਸਰਵ ਧਰਮ ਸੰਭਾਵ' ਵਜੋਂ ਵੀ ਜਾਣਿਆ ਜਾਂਦਾ ਹੈ। ਪਰ, ਸੰਵਿਧਾਨ ਦੀਆਂ ਕੁਝ ਧਾਰਾਵਾਂ ਅਤੇ ਸਰਕਾਰੀ ਨੀਤੀਆਂ ਇਸ ਸਿਧਾਂਤ ਨੂੰ ਕਮਜ਼ੋਰ ਕਰਦੀਆਂ ਹਨ। ਆਓ, ਇਹਨਾਂ ਵਿਸੰਗਤੀਆਂ ਨੂੰ ਵਿਸਤਾਰ ਨਾਲ ਵੇਖੀਏ:

**1. ਧਾਰਾ 48 : ਗਊ-ਸੁਰੱਖਿਆ ਅਤੇ ਧਾਰਮਿਕ ਭਾਵਨਾਵਾਂ :** ਸੰਵਿਧਾਨ ਦੀ ਧਾਰਾ 48 (ਰਾਜ ਦੇ ਨੀਤੀ

ਨਿਰਦੇਸ਼ਕ ਸਿਧਾਂਤ) ਵਿੱਚ ਰਾਜ ਨੂੰ ਗਊ ਅਤੇ ਹੋਰ ਪਸ਼ੂਆਂ ਦੀ ਸੁਰੱਖਿਆ ਲਈ ਕਦਮ ਚੁੱਕਣ ਦੀ ਸਲਾਹ ਦਿੱਤੀ ਗਈ ਹੈ। ਇਹ ਧਾਰਾ ਮੁੱਖ ਤੌਰ 'ਤੇ ਖੇਤੀਬਾੜੀ ਅਤੇ ਆਰਥਿਕ ਮੁੱਦਿਆਂ ਨਾਲ ਜੁੜੀ ਹੈ, ਪਰ ਵਿਹਾਰਕ ਰੂਪ ਵਿੱਚ, ਕਈ ਰਾਜਾਂ ਵਿੱਚ ਗਊ-ਹੱਤਿਆ 'ਤੇ ਪਾਬੰਦੀ ਨੂੰ ਹਿੰਦੂ ਧਰਮ ਦੀਆਂ ਧਾਰਮਿਕ ਮਾਨਤਾਵਾਂ ਨਾਲ ਜੋੜਿਆ ਜਾਂਦਾ ਹੈ। ਸੁਪਰੀਮ ਕੋਰਟ ਨੇ State of Gujarat vs. Mirzapur Moti Kureshi Kassab Jamat (2005) ਵਿੱਚ ਅਜਿਹੇ ਕਾਨੂੰਨਾਂ ਨੂੰ ਆਰਥਿਕ ਅਤੇ ਵਾਤਾਵਰਣਕ ਕਾਰਨਾਂ ਕਰਕੇ ਜਾਇਜ਼ ਠਹਿਰਾਇਆ। ਪਰ, ਇਹਨਾਂ ਕਾਨੂੰਨਾਂ ਦਾ ਅਮਲ ਅਕਸਰ ਇੱਕ ਖਾਸ ਧਰਮ ਦੀਆਂ ਭਾਵਨਾਵਾਂ ਨੂੰ ਤਰਜੀਹ ਦਿੰਦਾ ਜਾਪਦਾ ਹੈ, ਜੋ ਧਰਮ ਨਿਰਪੱਖਤਾ ਦੇ ਸਿਧਾਂਤ ਨੂੰ ਚੁਣੌਤੀ ਦਿੰਦਾ ਹੈ।

ਉਦਾਹਰਣ ਵਜੋਂ, ਗਊ-ਸੁਰੱਖਿਆ ਨਾਲ ਜੁੜੇ ਕਾਨੂੰਨਾਂ ਦੀ ਸਖਤੀ ਅਤੇ ਗਊ-ਰੱਖਿਅਕ ਸਮੂਹਾਂ ਦੀਆਂ ਹਿੰਸਕ ਕਾਰਵਾਈਆਂ ਨੇ ਮੁਸਲਿਮ ਅਤੇ ਹੋਰ ਘੱਟ-ਗਿਣਤੀ ਭਾਈਚਾਰਿਆਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਕੀਤੀ ਹੈ। ਇਹ ਸਥਿਤੀ ਸੰਵਿਧਾਨ ਦੀ ਧਾਰਾ 15 (ਵਿਤਕਰੇ 'ਤੇ ਪਾਬੰਦੀ) ਅਤੇ ਧਾਰਾ 21 (ਜੀਵਨ ਅਤੇ ਨਿੱਜੀ ਆਜ਼ਾਦੀ ਦਾ ਅਧਿਕਾਰ) ਨਾਲ ਵੀ ਵਿਰੋਧਾਭਾਸ ਪੈਦਾ ਕਰਦੀ ਹੈ।

**2. ਤੀਰਥ ਯਾਤਰਾ ਲਈ ਸਰਕਾਰੀ ਸਹਾਇਤਾ** : ਸਰਕਾਰ ਵੱਲੋਂ ਹੱਜ ਯਾਤਰਾ, ਅਮਰਨਾਥ ਯਾਤਰਾ, ਜਾਂ ਕੈਲਾਸ਼ ਮਾਨਸਰੋਵਰ ਯਾਤਰਾ ਵਰਗੀਆਂ ਧਾਰਮਿਕ ਯਾਤਰਾਵਾਂ ਲਈ ਸਬਸਿਡੀ ਜਾਂ ਸਹੂਲਤਾਂ ਦੇਣ ਦੀ ਨੀਤੀ ਨੂੰ ਵੀ ਧਰਮ ਨਿਰਪੱਖਤਾ ਦੇ ਸਿਧਾਂਤ ਦੇ ਵਿਰੁੱਧ ਮੰਨਿਆ ਜਾਂਦਾ ਹੈ। ਧਾਰਾ 27 ਸਪਸ਼ਟ ਰੂਪ ਵਿੱਚ ਸਰਕਾਰ ਨੂੰ ਕਿਸੇ ਖਾਸ ਧਰਮ ਦੇ ਪ੍ਰਚਾਰ ਲਈ ਟੈਕਸ ਫੰਡ ਦੀ ਵਰਤੋਂ ਤੋਂ ਰੋਕਦੀ ਹੈ। ਫਿਰ ਵੀ, ਸਰਕਾਰ ਨੇ ਸਿਆਸੀ ਅਤੇ ਸਮਾਜਿਕ ਸਮਝੌਤਿਆਂ ਦੇ ਤਹਿਤ ਅਜਿਹੀਆਂ ਸਹੂਲਤਾਂ ਜਾਰੀ ਰੱਖੀਆਂ ਹਨ। ਸੁਪਰੀਮ ਕੋਰਟ ਨੇ Prafull Goradia vs. Union of India (2011) ਵਿੱਚ ਹੱਜ ਸਬਸਿਡੀ ਦੀ ਸਮੀਖਿਆ ਕੀਤੀ ਅਤੇ 2018 ਵਿੱਚ ਇਸ ਨੂੰ ਖਤਮ ਕਰਨ ਦਾ ਸੁਝਾਅ ਦਿੱਤਾ, ਪਰ ਅਜਿਹੀਆਂ ਨੀਤੀਆਂ ਅਜੇ ਵੀ ਵਿਵਾਦ ਦਾ ਵਿਸ਼ਾ ਹਨ। ਇਹ ਸਹੂਲਤਾਂ ਸਰਕਾਰ ਦੀ ਧਰਮ ਨਿਰਪੱਖਤਾ ਦੀ ਵਚਨਬੱਧਤਾ 'ਤੇ ਸਵਾਲ ਖੜ੍ਹੇ ਕਰਦੀਆਂ ਹਨ, ਕਿਉਂਕਿ ਇਹ ਖਾਸ ਧਾਰਮਿਕ ਸਮੂਹਾਂ ਨੂੰ ਤਰਜੀਹ ਦਿੰਦੀਆਂ ਜਾਪਦੀਆਂ ਹਨ।

**3. ਧਾਰਾ 295ਏ ਅਤੇ ਵਿਚਾਰਾਂ ਦੀ ਆਜ਼ਾਦੀ** : ਭਾਰਤੀ ਦੰਡ ਸੰਘਤਾ (IPC) ਦੀ ਧਾਰਾ 295ਏ, ਜੋ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਿਰੁੱਧ ਸਜ਼ਾ ਦਾ ਪ੍ਰਬੰਧ ਕਰਦੀ ਹੈ, ਨੂੰ ਵਿਚਾਰਾਂ ਦੀ ਆਜ਼ਾਦੀ (ਧਾਰਾ 19) 'ਤੇ ਪਾਬੰਦੀ ਵਜੋਂ ਦੇਖਿਆ ਜਾਂਦਾ ਹੈ। ਸੰਵਿਧਾਨ ਦੀ ਧਾਰਾ 19(1)(a) ਵਿਚਾਰ ਅਤੇ ਬੋਲਣ ਦੀ ਆਜ਼ਾਦੀ ਦੀ ਗਾਰੰਟੀ ਦਿੰਦੀ ਹੈ, ਪਰ ਧਾਰਾ 295ਏ ਦੀ ਵਰਤੋਂ ਅਕਸਰ ਵਿਵਾਦਪੂਰਨ ਬਿਆਨਾਂ, ਲਿਖਤਾਂ, ਜਾਂ ਕਲਾ ਨੂੰ ਦਬਾਉਣ ਲਈ ਕੀਤੀ ਜਾਂਦੀ ਹੈ। ਸੁਪਰੀਮ ਕੋਰਟ ਨੇ Ramji Lal Modi vs. State of UP (1957) ਵਿੱਚ ਧਾਰਾ 295ਏ ਨੂੰ ਸੰਵਿਧਾਨਕ ਮੰਨਿਆ, ਪਰ ਸੀਮਤ ਵਰਤੋਂ 'ਤੇ ਜ਼ੋਰ ਦਿੱਤਾ। ਹਾਲਾਂਕਿ, ਇਸ ਦੀ ਦੁਰਵਰਤੋਂ ਨੇ ਕਈ ਮਾਮਲਿਆਂ ਵਿੱਚ ਵਿਚਾਰਾਂ ਦੀ ਆਜ਼ਾਦੀ ਨੂੰ ਸੀਮਤ ਕੀਤਾ ਹੈ। ਉਦਾਹਰਣ ਵਜੋਂ, ਲੇਖਕਾਂ, ਕਲਾਕਾਰਾਂ, ਅਤੇ ਸਮਾਜਿਕ ਕਾਰਕੁੰਨਾਂ ਵਿਰੁੱਧ ਇਸ ਧਾਰਾ ਦੀ ਵਰਤੋਂ ਨੇ ਸੰਵਿਧਾਨ ਦੀ ਧਰਮ ਨਿਰਪੱਖਤਾ ਅਤੇ ਆਜ਼ਾਦੀ ਦੇ ਸੰਤੁਲਨ 'ਤੇ ਸਵਾਲ ਖੜ੍ਹੇ ਕੀਤੇ ਹਨ।

**4. ਘੱਟ-ਗਿਣਤੀ ਅਧਿਕਾਰ ਅਤੇ ਧਾਰਮਿਕ ਸੰਸਥਾਵਾਂ (ਧਾਰਾ 29-30)** : ਸੰਵਿਧਾਨ ਦੀਆਂ ਧਾਰਾਵਾਂ 29 ਅਤੇ 30 ਘੱਟ-ਗਿਣਤੀ ਸਮੂਹਾਂ ਨੂੰ ਆਪਣੀ ਸੱਭਿਆਚਾਰਕ ਅਤੇ ਧਾਰਮਿਕ ਪਛਾਣ ਬਣਾਈ ਰੱਖਣ ਅਤੇ ਸਿੱਖਿਅਕ ਸੰਸਥਾਵਾਂ ਸਥਾਪਤ ਕਰਨ ਦਾ ਅਧਿਕਾਰ ਦਿੰਦੀਆਂ ਹਨ। ਇਹ ਅਧਿਕਾਰ ਧਰਮ ਨਿਰਪੱਖਤਾ ਦੇ ਸਿਧਾਂਤ ਨੂੰ ਮਜ਼ਬੂਤ ਕਰਦੇ ਹਨ, ਪਰ ਕਈ ਮਾਮਲਿਆਂ ਵਿੱਚ, ਸਰਕਾਰ ਦੀ ਘੱਟ-ਗਿਣਤੀ ਸੰਸਥਾਵਾਂ ਵਿੱਚ ਦਖਲਅੰਦਾਜ਼ੀ ਜਾਂ ਅਸਮਾਨ ਵਿਵਹਾਰ ਨੇ ਵਿਵਾਦ ਪੈਦਾ ਕੀਤੇ ਹਨ। ਉਦਾਹਰਣ ਵਜੋਂ ਮੰਦਰਾਂ ਮਸਜਿਦਾਂ ਦੇ ਪ੍ਰਬੰਧਨ ਵਿੱਚ ਸਰਕਾਰੀ ਦਖਲਅੰਦਾਜ਼ੀ ਅਤੇ ਮੁਸਲਿਮ ਵਕਫ ਬੋਰਡਾਂ ਜਾਂ ਸਿੱਖ ਗੁਰਦੁਆਰਿਆਂ ਦੇ ਪ੍ਰਬੰਧਨ ਵਿੱਚ ਅਸਮਾਨ ਨੀਤੀਆਂ ਨੇ ਧਰਮ ਨਿਰਪੱਖਤਾ ਦੇ ਸਮਾਨ ਵਿਵਹਾਰ ਦੇ ਸਿਧਾਂਤ ਨੂੰ ਚੁਣੌਤੀ ਦਿੱਤੀ ਹੈ।

**ਅਦਾਲਤੀ ਫੈਸਲੇ ਅਤੇ ਧਰਮ ਨਿਰਪੱਖਤਾ 'ਤੇ ਸਵਾਲ :** ਸੁਪਰੀਮ ਕੋਰਟ ਅਤੇ ਹੋਰ ਅਦਾਲਤਾਂ ਨੇ ਸੰਵਿਧਾਨ ਦੀ ਧਰਮ ਨਿਰਪੱਖਤਾ ਦੀ ਵਿਆਖਿਆ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਪਰ, ਕਈ ਅਦਾਲਤੀ ਫੈਸਲਿਆਂ ਨੇ ਸੰਵਿਧਾਨ ਦੀ ਧਰਮ ਨਿਰਪੱਖਤਾ ਦੇ ਚਰਿੱਤਰ 'ਤੇ ਸਵਾਲ ਖੜ੍ਹੇ ਕੀਤੇ ਹਨ। ਆਓ, ਕੁਝ ਮਹੱਤਵਪੂਰਨ ਮਾਮਲਿਆਂ 'ਤੇ ਵਿਚਾਰ ਕਰੀਏ:

**S.R. Bommai vs. Union of India (1994) :** ਇਸ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਸਪਸ਼ਟ ਕੀਤਾ ਕਿ ਧਰਮ

ਨਿਰਪੱਖਤਾ ਸੰਵਿਧਾਨ ਦੇ ਮੁੱਢਲੇ ਢਾਂਚੇ ਦਾ ਹਿੱਸਾ ਹੈ। ਅਦਾਲਤ ਨੇ ਰਾਜ ਸਰਕਾਰਾਂ ਨੂੰ ਧਾਰਮਿਕ ਪੱਖਪਾਤ ਤੋਂ ਬਚਣ ਦੀ ਸਲਾਹ ਦਿੱਤੀ। ਹਾਲਾਂਕਿ, ਇਸ ਫੈਸਲੇ ਦੇ ਬਾਵਜੂਦ, ਸਿਆਸੀ ਅਤੇ ਸਮਾਜਿਕ ਦਬਾਅ ਕਾਰਨ ਧਰਮ ਨਿਰਪੱਖਤਾ ਦਾ ਅਮਲ ਪ੍ਰਭਾਵਿਤ ਹੁੰਦਾ ਰਿਹਾ ਹੈ।

**Ayodhya Case (M. Siddiq vs. Mahant Suresh Das, 2019) :**

ਅਯੁੱਧਿਆ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਫੈਸਲੇ, ਜਿਸ ਵਿੱਚ ਰਾਮ ਮੰਦਰ ਨਿਰਮਾਣ ਲਈ ਜ਼ਮੀਨ ਦਿੱਤੀ ਗਈ, ਨੇ ਧਰਮ ਨਿਰਪੱਖਤਾ ’ਤੇ ਸਵਾਲ ਖੜੇ ਕੀਤੇ। ਹਾਲਾਂਕਿ ਅਦਾਲਤ ਨੇ ਇਤਿਹਾਸਕ ਅਤੇ ਕਾਨੂੰਨੀ ਤੱਥਾਂ ਦੇ ਅਧਾਰ ’ਤੇ ਫੈਸਲਾ ਸੁਣਾਇਆ, ਪਰ ਇਸ ਨੂੰ ਹਿੰਦੂ ਧਾਰਮਿਕ ਭਾਵਨਾਵਾਂ ਨੂੰ ਤਰਜੀਹ ਦੇਣ ਦੇ ਰੂਪ ਵਿੱਚ ਵੀ ਦੇਖਿਆ ਗਿਆ।

**Sabarimala Case (Indian Young Lawyers Association vs. State of Kerala, 2018) :**

ਸਬਰੀਮਾਲਾ ਮੰਦਰ ਵਿੱਚ ਔਰਤਾਂ ਦੇ ਪ੍ਰਵੇਸ਼ ਨੂੰ ਲੈ ਕੇ ਸੁਪਰੀਮ ਕੋਰਟ ਦੇ ਫੈਸਲੇ ਨੇ ਧਾਰਮਿਕ ਪਰੰਪਰਾਵਾਂ ਅਤੇ ਸੰਵਿਧਾਨਕ ਅਧਿਕਾਰਾਂ (ਧਾਰਾ 14 ਅਤੇ 15) ਵਿਚਕਾਰ ਸੰਤੁਲਨ ਦੀ ਚੁਣੌਤੀ ਨੂੰ ਉਜਾਗਰ ਕੀਤਾ। ਅਦਾਲਤ ਨੇ ਔਰਤਾਂ ਦੇ ਪ੍ਰਵੇਸ਼ ਦੀ ਇਜਾਜ਼ਤ ਦਿੱਤੀ, ਪਰ ਇਸ ਫੈਸਲੇ ਦਾ ਸਥਾਨਕ ਪੱਧਰ ’ਤੇ ਵਿਰੋਧ ਹੋਇਆ, ਜਿਸ ਨੇ ਸੰਵਿਧਾਨਕ ਧਰਮ ਨਿਰਪੱਖਤਾ ਅਤੇ ਧਾਰਮਿਕ ਭਾਵਨਾਵਾਂ ਵਿਚਕਾਰ ਤਣਾਅ ਨੂੰ ਦਰਸਾਇਆ।

ਸੰਵਿਧਾਨਕ ਵਿਰੋਧਾਭਾਸ ਅਤੇ ਅਮਲੀਕਰਨ ਦੀਆਂ ਚੁਣੌਤੀਆਂ : ਭਾਰਤੀ ਸੰਵਿਧਾਨ ਦੀ ਧਰਮ ਨਿਰਪੱਖਤਾ ਦਾ ਸਿਧਾਂਤ ਲਿਖਤੀ ਰੂਪ ਵਿੱਚ ਸਾਰੇ ਧਰਮਾਂ ਪ੍ਰਤੀ ਸਮਾਨ ਸਤਿਕਾਰ ਦੀ ਵਕਾਲਤ ਕਰਦਾ ਹੈ, ਪਰ ਇਸ ਦੀਆਂ ਕੁਝ ਧਾਰਾਵਾਂ ਅਤੇ ਸਰਕਾਰੀ ਨੀਤੀਆਂ ਦਾ ਅਮਲੀਕਰਨ ਇਸ ਸਿਧਾਂਤ ਨੂੰ ਕਮਜ਼ੋਰ ਕਰਦਾ ਹੈ। ਇਹਨਾਂ ਵਿਰੋਧਾਭਾਸਾਂ ਦੇ ਮੁੱਖ ਕਾਰਨ ਹਨ:

**ਸੱਭਿਆਚਾਰਕ ਅਤੇ ਇਤਿਹਾਸਕ ਸੰਦਰਭ** : ਭਾਰਤ ਦੀ ਸਮਾਜਿਕ ਅਤੇ ਸੱਭਿਆਚਾਰਕ ਬੁਨਿਆਦ ਵਿੱਚ ਧਰਮ ਦੀ ਡੂੰਘੀ ਜੜ੍ਹ ਹੈ। ਸੰਵਿਧਾਨ ਨਿਰਮਾਤਾਵਾਂ ਨੇ ਇਸ ਵਿਭਿੰਨਤਾ ਨੂੰ ਸੰਭਾਲਣ ਲਈ “ਸਰਵ ਧਰਮ ਸੰਭਾਵ” ਦੀ ਨੀਤੀ ਅਪਣਾਈ, ਪਰ ਇਹ ਨੀਤੀ ਅਕਸਰ ਸਿਆਸੀ ਅਤੇ ਸਮਾਜਿਕ ਦਬਾਅ ਦੇ ਅਧੀਨ ਧਰਮ ਨਿਰਪੱਖਤਾ ਦੇ ਸਿਧਾਂਤ ਨੂੰ ਕਮਜ਼ੋਰ ਕਰਦੀ ਹੈ। ਸਿਆਸੀ ਪਾਰਟੀਆਂ ਅਕਸਰ ਵੋਟ ਬੈਂਕ ਦੀ ਰਾਜਨੀਤੀ ਲਈ ਧਾਰਮਿਕ ਮੁੱਦਿਆਂ ਦੀ ਵਰਤੋਂ ਕਰਦੀਆਂ ਹਨ। ਉਦਾਹਰਣ ਵਜੋਂ, ਗਊ-ਸੁਰੱਖਿਆ, ਹਜ ਸਬਸਿਡੀ, ਜਾਂ ਅਯੁੱਧਿਆ ਵਰਗੇ ਮੁੱਦਿਆਂ ਨੂੰ ਸਿਆਸੀ ਫਾਇਦੇ ਲਈ ਉਭਾਰਿਆ ਜਾਂਦਾ ਹੈ, ਜੋ ਸੰਵਿਧਾਨਕ ਧਰਮ ਨਿਰਪੱਖਤਾ ਨੂੰ ਪ੍ਰਭਾਵਿਤ ਕਰਦਾ ਹੈ। ਅਦਾਲਤੀ ਵਿਆਖਿਆ ਦੀਆਂ ਸੀਮਾਵਾਂ ਦੀਆਂ ਆਪਣੀਆਂ ਸੀਮਾਵਾਂ ਹਨ

ਸੁਪਰੀਮ ਕੋਰਟ ਨੇ ਧਰਮ ਨਿਰਪੱਖਤਾ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਅਦਾਲਤੀ ਫੈਸਲਿਆਂ ਨੂੰ ਅਕਸਰ ਸਮਾਜਿਕ ਅਤੇ ਸਿਆਸੀ ਪ੍ਰਤੀਕ੍ਰਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਫੈਸਲੇ ਕਈ ਵਾਰ ਧਾਰਮਿਕ ਭਾਵਨਾਵਾਂ ਨੂੰ ਸੰਭਾਲਣ ਦੀ ਕੋਸ਼ਿਸ਼ ਵਿੱਚ ਧਰਮ ਨਿਰਪੱਖਤਾ ਦੇ ਸਿਧਾਂਤ ਨੂੰ ਕਮਜ਼ੋਰ ਕਰਦੇ ਹਨ।

ਸਿੱਟਾ : ਭਾਰਤੀ ਸੰਵਿਧਾਨ ਲਿਖਤੀ ਰੂਪ ਵਿੱਚ ਧਰਮ ਨਿਰਪੱਖਤਾ ਦੇ ਸਿਧਾਂਤ ਨੂੰ ਸਥਾਪਿਤ ਕਰਦਾ ਹੈ, ਪਰ ਇਸ ਦੀਆਂ ਕੁਝ ਧਾਰਾਵਾਂ (ਜਿਵੇਂ ਧਾਰਾ 48), ਸਰਕਾਰੀ ਨੀਤੀਆਂ (ਜਿਵੇਂ ਤੀਰਥ ਯਾਤਰਾ ਸਬਸਿਡੀ), ਅਤੇ ਅਦਾਲਤੀ ਫੈਸਲਿਆਂ (ਜਿਵੇਂ ਅਯੁੱਧਿਆ ਅਤੇ ਸਬਰੀਮਾਲਾ ਮਾਮਲੇ) ਨੇ ਇਸ ਸਿਧਾਂਤ ਨੂੰ ਵਿਵਾਦ ਦੇ ਘੇਰੇ ਵਿੱਚ ਲਿਆਂਦਾ ਹੈ। ਸੰਵਿਧਾਨ ਦੀ ਧਰਮ ਨਿਰਪੱਖਤਾ “ਸਰਵ ਧਰਮ ਸੰਭਾਵ” ਦੀ ਨੀਤੀ ’ਤੇ ਅਧਾਰਤ ਹੈ, ਜੋ ਸਾਰੇ ਧਰਮਾਂ ਪ੍ਰਤੀ ਸਮਾਨ ਸਤਿਕਾਰ ਦੀ ਵਕਾਲਤ ਕਰਦੀ ਹੈ। ਪਰ, ਇਹ ਨੀਤੀ ਅਕਸਰ ਸਿਆਸੀ, ਸਮਾਜਿਕ, ਅਤੇ ਸੱਭਿਆਚਾਰਕ ਦਬਾਅ ਦੇ ਅਧੀਨ ਧਰਮ ਨਿਰਪੱਖਤਾ ਦੇ ਸਖਤ ਪੱਛਮੀ ਮਾਡਲ ਨੂੰ ਕਮਜ਼ੋਰ ਕਰਦੀ ਹੈ। ਭਾਰਤ ਦੀ ਵਿਭਿੰਨ ਅਤੇ ਜਟਿਲ ਸਮਾਜਿਕ ਬੁਨਿਆਦ ਨੂੰ ਸੰਭਾਲਣ ਲਈ ਸੰਵਿਧਾਨ ਨਿਰਮਾਤਾਵਾਂ ਨੇ ਇੱਕ ਵਿਲੱਖਣ ਮਾਡਲ ਅਪਣਾਇਆ, ਪਰ ਇਸ ਦੇ ਅਮਲੀਕਰਨ ਵਿੱਚ ਆਈਆਂ ਚੁਣੌਤੀਆਂ ਨੇ ਸੰਵਿਧਾਨਕ ਧਰਮ ਨਿਰਪੱਖਤਾ ਦੀਆਂ ਸੀਮਾਵਾਂ ਨੂੰ ਉਜਾਗਰ ਕੀਤਾ ਹੈ। ਭਵਿੱਖ ਵਿੱਚ, ਸੰਵਿਧਾਨਕ ਸਿਧਾਂਤਾਂ ਅਤੇ ਸਮਾਜਿਕ ਹਕੀਕਤਾਂ ਵਿਚਕਾਰ ਸੰਤੁਲਨ ਬਣਾਉਣ ਲਈ ਸੁਧਾਰ ਅਤੇ ਸਪਸ਼ਟ ਨੀਤੀਆਂ ਦੀ ਲੋੜ ਹੈ, ਤਾਂ ਜੋ ਭਾਰਤ ਸੱਚਮੁੱਚ ਇੱਕ ਧਰਮ ਨਿਰਪੱਖ ਰਾਜ ਦੇ ਰੂਪ ਵਿੱਚ ਉਭਰ ਸਕੇ।

ਜਿਸ ਤਰ੍ਹਾਂ ਅਸੀਂ ਵਿਚਾਰ ਕੀਤੀ ਹੈ ਕਿ ਭਾਰਤ ਦਾ ਸੰਵਿਧਾਨ ਮੁਢਲੇ ਤੌਰ ਤੇ ਧਰਮ ਨਿਰਪੱਖ ਹੈ ਪਰ ਇਸਦੀਆਂ ਕੁਝ ਧਰਾਵਾਂ ਵਿੱਚ ਵਿਸੰਗਤੀਆਂ ਹਨ, ਸਿਆਸੀ ਪਾਰਟੀਆਂ ਵੋਟਾਂ ਲੈਣ ਲਈ ਇਹਨਾਂ ਦੀ ਵਰਤੋਂ ਕਰਦੀ ਹੈ ਅਤੇ ਇਸ ਤੋਂ ਵੀ ਅੱਗੇ ਜਾ ਕੇ ਉਹ ਅਮਲੀ ਪੱਧਰ ਤੇ ਬਹੁਤ ਅਜਿਹੇ ਫੈਸਲੇ

ਲੈਂਦੇ ਹਨ ਜਿਹੜੇ ਸੰਵਿਧਾਨ ਦੇ ਧਰਮ ਨਿਰਪੱਖ ਚਰਿਤਰ ਦੇ ਉਲਟ ਹੈ, ਇਸ ਪੱਖੋਂ ਜੇ ਦੇਖਿਆ ਜਾਵੇ ਤਾਂ ਗਊ-ਸੈੱਸ ਲੈਣੀ ਅਤੇ ਤੀਰਥ ਯਾਤਰਾ ਵਰਗੀਆਂ ਸਕੀਮਾਂ ਚਲਾਉਣੀਆਂ ਇੱਕ ਧਰਮ ਨਿਰਪੱਖ ਸਰਕਾਰ ਨੂੰ ਸ਼ੋਭਾ ਨਹੀਂ ਦਿੰਦੀਆਂ ਪਰ ਇਹ ਸਭ ਕੁਝ ਹੋ ਰਿਹਾ ਹੈ। ਇਸ ਦਾ ਟਾਕਰਾ ਕਰਨ ਲਈ ਇਕ ਪਾਸੇ ਤਾਂ ਲੋਕਾਂ ਵਿੱਚ ਚੇਤਨਾ ਪੈਦਾ ਕਰਨ ਲਈ ਇਸ ਮਸਲੇ ਤੇ ਧਰਨੇ ਮੁਜਾਹਰੇ ਕਰਨੇ ਚਾਹੀਦੇ ਹਨ, ਪ੍ਰੈਸ ਬਿਆਨ ਦੇਣੇ ਚਾਹੀਦੇ ਹਨ ਅਤੇ ਦੂਸਰੇ ਪਾਸੇ ਅਦਾਲਤਾਂ ਵਿੱਚ ਵੀ ਕੇਸ ਕਰਨੇ ਚਾਹੀਦੇ ਹਨ ਕਿ ਇਹ ਸਕੀਮਾਂ ਧਰਮ ਨਿਰਪੱਖ ਚਰਿਤਰ ਦੇ ਉਲਟ ਹਨ।

---

## ਸੋਚ ਨੂੰ ਤੂੰ ਲਾ ਲੈ ਤਰਕ ਦੀ ਸਾਣ 'ਤੇ।

ਜੇ ਹੈ ਸੁੱਖ ਪਾਉਣਾ ਦੋਸਤਾ ਜਹਾਨ 'ਤੇ,
ਸੋਚ ਨੂੰ ਤੂੰ ਲਾ ਲੈ ਤਰਕ ਦੀ ਸਾਣ 'ਤੇ।

'ਥਾਨਾਂ ਕਬਰਾਂ ਸਮਾਧਾਂ ਨੂੰ ਤੂੰ ਛੱਡ ਪੂਜਣਾ,
ਸਫਲ ਜੇ ਹੋਣਾ ਤੈਨੂੰ ਪੈਣਾ ਜੂਝਣਾ।
ਕਰ ਲੈ ਭਰੋਸਾ ਮਿਹਨਤ ਮਹਾਨ 'ਤੇ।
ਸੋਚ ਨੂੰ ਤੂੰ......

ਵਰਤ ਸ਼ਰਾਧ ਨਾਲੇ ਗੁੱਗੇ ਮਾੜ੍ਹੀਆਂ,
ਅਲਾਮਤਾਂ ਇਹ ਚੰਬੜੀਆਂ ਤੈਨੂੰ ਭਾਰੀਆਂ।
ਛੱਡ ਝੰਡੇ ਤੂੰ ਚੜ੍ਹਾਉਣੇ ਪੀਰਾਂ ਦੇ ਸਥਾਨ 'ਤੇ।
ਸੋਚ ਨੂੰ ਤੂੰ.....

ਇੱਕੀਵੀਂ ਸਦੀ 'ਚ, ਆਪਾਂ ਪੈਰ ਧਰਿਆ,
ਚੰਨ, ਮੰਗਲ ਗ੍ਰਹਿ ਦਾ ਜਾਵੇ ਹਾਲ ਪੜ੍ਹਿਆ।
ਮਾਰ ਉੱਚੀ ਤੂੰ ਉਡਾਰੀ ਜੇ ਪੁੱਜਣਾ ਮੁਕਾਮ ਤੇ।
ਸੋਚ ਨੂੰ ਤੂੰ.....

ਤਰਕਸ਼ੀਲ, ਸਾਹਿਤ ਪੜ੍ਹ ਸੋਚ ਤੇ ਵਿਚਾਰ ਲੈ,
ਪਹਿਲੂ ਸਿੱਕੇ ਦੇ ਦੋ, ਦੂਜੇ ਪਾਸੇ ਝਾਤ ਮਾਰ ਲੈ।
'ਜਗਦੀਸ਼' ਛੱਡ ਜਾਣਾ ਝੂਠਾਂ ਦੀ ਦੁਕਾਨ 'ਤੇ।
ਸੋਚ ਨੂੰ ਤੂੰ ਲਾ ਲੈਣ ਤਰਕ ਦੀ ਸਾਣ 'ਤੇ।

**ਮਾਸਟਰ ਜਗਦੀਸ਼ ਰਾਏਪੁਰ ਡੱਬਾ।**

## ਕਮਲੇ ਸਿਆਣੇ

ਕੋਠੀ ਦਾਣੇ ਕਮਲੇ ਸਿਆਣੇ
ਸਾਨੂੰ ਅਕਲਾਂ ਆਈਆਂ ਨਾ
ਕੀ ਜਾਣੇ ਢਿੱਡ ਭੁੱਖੀਆਂ ਪੀੜਾਂ
ਭੁੱਖਾਂ ਜਿਨ ਹੰਡਾਈਆਂ ਨਾ

ਭਰੀ ਬਿਆਈ ਗੋਹੇ ਵਾਲੀ
ਕਦੋਂ ਸਕੂਲੇ ਬਹਿੰਦੀ ਆ
ਭੋਲੀ ਭਾਲੀ ਮਾਂ ਮੇਰੀ
ਮੈਨੂੰ ਕੈਪਟਨ ਕੈਪਟਨ ਕਹਿੰਦੀ ਆ

ਤਾਰੇ ਹੁੰਦਿਆਂ ਹੀ ਉੱਠ ਜਾਵਾਂ
ਤਾਰੇ ਵੇਖ ਹੀ ਸੌਂਦਾ ਹਾਂ
ਨਾਲ ਖੇਤ ਮੇਰਾ ਰਿਸ਼ਤਾ ਨਾ ਕੋਈ
ਫਿਰ ਵੀ ਖੇਤ ਸਜਾਉਂਦਾ ਹਾਂ

ਨਾ ਕੋਈ ਮੇਰਾ ਹੱਕ ਲਵੇਰੀਆਂ
ਫਿਰ ਵੀ ਪੱਠੇ ਭੱਜ ਭੱਜ ਪਾਵਾਂ
ਤਰਸ ਜਾਣ ਬੁੱਲ੍ਹ ਦੁੱਧ ਦੀ ਘੁੱਟ ਨੂੰ
ਚੋ ਚੋ ਦੁੱਧ ਬਥੇਰਾ ਲਿਆਵਾਂ

ਭਰ ਸਾਲ ਦੀ ਕਿਰਤ ਕਮਾਈ
ਬਸ ਚਾਰ ਦਿਹਾੜੇ ਰਹਿੰਦੀ ਏ
ਬਾਕੀ ਸੁੰਦਰ ਸਾਲੂ ਲਿਪਟੀ
ਜਿਮੀਂਦਾਰ ਘਰ ਬਹਿੰਦੀ ਏ

ਸਾਡੀਆਂ ਖ਼ੁਸ਼ੀਆਂ ਭੁੱਬਾਂ ਭਰੀਆਂ
ਸ਼ਾਹੂਕਾਰਾਂ ਨੇ ਡੁੰਗੀਆਂ ਨੇ
ਰੀਝਾਂ ਵਾਲੀ ਲੰਗੜੀ ਘੋੜੀ ਦੀਆਂ
ਮਰੇ ਚਾਵਾਂ ਵਾਗਾਂ ਗੁੰਦੀਆਂ ਨੇ

ਭਰੀ ਜਵਾਨੀ ਬੁੱਢੀ ਲੱਗੇ
ਟਾਕੀਆਂ ਲੱਗੇ ਚੋਲੇ ਚ
ਕੀ ਕਰਨੀ ਗੱਲ ਸੁਲਝੀ ਕੈਪਟਨ
ਕੁਝ ਨਹੀਂ ਦਿਸਦਾ ਕੌਲੇ 'ਚ

**ਕੈਪਟਨ ਮਾਨਾਂਵਾਲਾ ਕਲਾਂ**

## ਸਰਗਰਮੀਆਂ

**ਇਕਾਈ ਗੜ੍ਹਸ਼ੰਕਰ**

**ਸਰੀਰਦਾਨੀ ਸ਼੍ਰੀਮਤੀ ਜਸਵੀਰ ਕੌਰ ਦੀ ਯਾਦ ਨੂੰ ਸਮਰਪਿਤ ਸੈਮੀਨਾਰ ਕਰਵਾਇਆ** : ਮੈਡੀਕਲ ਖੋਜ ਕਾਰਜਾਂ ਲਈ ਸਰੀਰਦਾਨ ਕਰਨ ਵਾਲੇ ਸ਼੍ਰੀਮਤੀ ਜਸਵੀਰ ਕੌਰ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਤਰਕਸ਼ੀਲ ਆਗੂ ਮਾ ਜਗਦੀਸ਼ ਰਾਏਪੁਰ ਡੱਬਾ ਦੇ ਸਮੂਹ ਪਰਿਵਾਰ ਵੱਲੋਂ ਯੂਨੀਵਰਸਲ ਪਬਲਿਕ ਸਕੂਲ ਕੁੱਲੇਵਾਲ ਵਿਖੇ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਗੜ੍ਹਸ਼ੰਕਰ ਦੇ ਸਹਿਯੋਗ ਨਾਲ ਜੋਨ ਪੱਧਰੀ ਸੈਮੀਨਾਰ ਕਰਵਾਇਆ ਗਿਆ। ਜਿਸਦੇ ਮੁੱਖ ਬੁਲਾਰੇ ਮਾ. ਸੁਰਜੀਤ ਦੌਧਰ ਨੇ 'ਕੀ ਕਹਿੰਦੀ ਹੈ ਜਨਮ ਕੁੰਡਲੀ' ਵਿਸ਼ੇ 'ਤੇ ਵਿਸਥਾਰ ਸਹਿਤ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਜੋਤਿਸ਼ ਵਿੱਚ ਕੋਈ ਸਚਾਈ ਨਹੀਂ ਹੈ, ਅਖੌਤੀ ਜੋਤਿਸ਼ ਵਿੱਦਿਆ ਦੇ ਮਾਹਿਰ ਭੋਲੇ ਭਾਲੇ ਲੋਕਾਂ ਨੂੰ ਗ੍ਰਹਿ ਚਾਲਾਂ ਦੇ ਚੱਕਰਾਂ ਚ ਫਸਾਕੇ ਉਨ੍ਹਾਂ ਦੀ ਆਰਥਿਕ ਤੇ ਮਾਨਸਿਕ ਲੁੱਟ ਕਰਦੇ ਹਨ। ਇਸ ਮੌਕੇ ਉਨ੍ਹਾਂ ਜੋਤਿਸ਼ ਮਾਹਿਰਾਂ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਜਦੋਂ ਮਰਜੀ ਤਰਕ ਅਧਾਰਿਤ ਸੰਵਾਦ ਰਚਾਕੇ ਨਗਦ ਇਨਾਮ ਜਿੱਤ ਸਕਦੇ ਹਨ ਤੇ ਅਸੀਂ ਸਵਾਗਤ ਕਰਾਂਗੇ। ਇਸ ਮੌਕੇ ਸੰਬੋਧਨ ਕਰਦਿਆਂ ਜੋਗਿੰਦਰ ਕੁੱਲੇਵਾਲ ਮੁਖੀ ਸੱਭਿਆਚਾਰਕ ਵਿਭਾਗ ਤਰਕਸ਼ੀਲ ਸੁਸਾਇਟੀ ਪੰਜਾਬ ਅਤੇ ਜੋਨ ਦੇ ਜਥੇਬੰਦਕ ਮੁਖੀ ਸੱਤਪਾਲ ਸਲੋਹ, ਮਾ ਜਗਦੀਸ਼ ਰਾਏਪੁਰ ਡੱਬਾ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਸਰੀਰਦਾਨ ਅਤੇ ਅੰਗਦਾਨ ਲਹਿਰ ਚ ਪਾਏ ਜਾ ਰਹੇ ਵੱਡਮੁੱਲੇ ਯੋਗਦਾਨ ਬਾਰੇ ਵਿਸਥਾਰ ਚ ਚਾਨਣਾ ਪਾਇਆ ਅਤੇ ਲੋਕਾਂ ਨੂੰ ਵਿਗਿਆਨਕ ਸੋਚ ਦੇ ਧਾਰਨੀ ਬਣਨ ਲਈ ਪ੍ਰੇਰਿਆ। ਪ੍ਰਿੰਸੀਪਲ ਬਿੱਕਰ ਸਿੰਘ (ਡਾ.), ਮਾ. ਨਰੇਸ਼ ਭੰਮੀਆਂ, ਮਾ. ਰਾਜ ਕੁਮਾਰ, ਅਮਰਜੀਤ ਲਿੱਟ, ਹਰਦਿਆਲ ਸਿੰਘ, ਨਰਿੰਦਰ ਮਾਈਦਿੱਤਾ ਸਰਪੰਚ, ਮੋਹਣ ਬੀਕਾ, ਸੁਰੇਸ਼ ਕਰਨਾਣਾ, ਗਿੰਦੀ ਪੇਂਟਰ, ਡਾ. ਰਾਮ ਲਾਲ ਸਰਪੰਚ ਹਾਜੀਪੁਰ, ਮਾ ਪਰਮਜੀਤ ਖਮਾਚੋਂ, ਕੁਲਵਿੰਦਰ ਖਟਕੜ, ਗੁਰਨਾਮ ਹਾਜੀਪੁਰ ਆਦਿ ਆਗੂਆਂ ਨੇ ਸੈਮੀਨਾਰ ਵਿਚਾਰ ਚਰਚਾ ਚ ਹਿੱਸਾ ਲਿਆ। ਸੁਖਵਿੰਦਰ ਲੰਗੇਰੀ ਨੇ ਜਾਦੂ ਦੇ ਟ੍ਰਿੱਕ ਪੇਸ਼ ਕੀਤੇ ਅਤੇ ਸਾਹਿਤ ਸਟਾਲ ਲਗਾਇਆ। ਅਵਤਾਰ ਲੰਗੇਰੀ ਅਤੇ ਮੰਨਤ ਕੁੱਲੇਵਾਲ ਨੇ ਇਨਕਲਾਬੀ ਕਵਿਤਾਵਾਂ ਪੇਸ਼ ਕੀਤੀਆਂ। ਸੈਮੀਨਾਰ ਚ ਹਾਜਰੀਨ ਨੂੰ ਤਰਕਸ਼ੀਲ ਸਾਹਿਤ ਵੀ ਵੰਡਿਆ ਗਿਆ।

**ਜੋਗਿੰਦਰ ਕੁੱਲੇਵਾਲ**

**ਇਕਾਈ ਰੋਪੜ**

1. ਮਿਤੀ 8 ਮਾਰਚ ਕੌਮਾਂਤਰੀ ਮਹਿਲਾ ਦਿਵਸ ਨੂੰ ਸਮਰਪਿਤ, ਪਿੰਡ ਬੇਲਾ ਵਿਖੇ ਗ੍ਰਾਮ ਪੰਚਾਇਤ ਅਤੇ ਸਰਪੰਚ ਜਤਿੰਦਰ ਸਿੰਘ ਦੇ ਸਹਿਯੋਗ ਨਾਲ "ਚੰਗੀ ਜਿੰਦਗੀ ਜਿਊਣ ਲਈ ਤਰਕਸ਼ੀਲਤਾ ਕਿਉਂ ਜਰੂਰੀ" ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਮਾਸਟਰ ਰਾਜਿੰਦਰ ਭਦੌੜ, ਸਵਰਨ ਭੰਗੂ ਅਤੇ ਲੇਖਕਾ ਮਨਦੀਪ ਰਿੰਪੀ ਰੋਪੜ ਵੱਲੋਂ ਤਰਕਸ਼ੀਲ ਵਿਚਾਰਾਂ ਅਤੇ ਮਹਿਲਾ ਦਿਵਸ ਸਬੰਧੀ ਹਾਜ਼ਰ ਲੋਕਾਂ ਨੂੰ ਸੰਬੋਧਿਤ ਕੀਤਾ ਗਿਆ।

2. 23 ਮਾਰਚ ਸ਼ਹੀਦੀ ਦਿਵਸ 'ਤੇ ਭਗਤ ਸਿੰਘ ਬਾਰੇ ਪੈਂਫਲੈਂਟ ਅਤੇ 'ਸ਼ਹੀਦ ਭਗਤ ਸਿੰਘ ਨੇ ਕਿਹਾ' ਕਿਤਾਬਾਂ ਵੰਡੀਆਂ ਗਈਆਂ ਅਤੇ ਪੁਸਤਕਾਂ ਦਾ ਸਟਾਲ ਲਗਾਇਆ ਗਿਆ ਜਿਸ ਵਿੱਚ ਅਸ਼ੋਕ ਕੁਮਾਰ, ਹਰਵਿੰਦਰ ਅਤੇ ਅਜੀਤ ਪ੍ਰਦੇਸੀ ਨੇ ਲੋਕਾਂ ਨੂੰ ਜਾਗਰੂਕ ਕੀਤਾ।

3. 10 ਅਪ੍ਰੈਲ ਨੂੰ ਡਾ. ਅਬਰਾਹਮ ਟੀ. ਕਾਵੂਰ ਜੀ ਦੇ ਜਨਮ ਦਿਨ 'ਤੇ ਸ਼੍ਰੀ ਅਮਰਨਾਥ, ਅਸ਼ੋਕ ਕੁਮਾਰ, ਸੋਹਣ ਲਾਲ, ਕਾਮਰੇਡ ਮਿੱਠੂ ਅਤੇ ਪਵਨ ਰੱਤੋਂ ਜੀ ਨੇ ਇਹਨਾਂ ਬਾਰੇ ਪੈਂਫਲਿਟ ਵੰਡੇ ਅਤੇ ਪੁਸਤਕਾਂ ਦੀ ਸਟਾਲ ਲਗਾਈ।

**ਸ਼ੈਲਿੰਦਰ ਸੋਹਾਲੀ**

**ਦਿੱਲੀ ਦੇ ਮਜਦੂਰ ਮੁਹੱਲੇ ਵਿੱਚ ਤਰਕਸ਼ੀਲ ਪ੍ਰੋਗਰਾਮ**

ਨੌਜਵਾਨ ਭਾਰਤ ਸਭਾ ਅਤੇ ਘਰੇਲੂ ਕੰਮਕਾਜ ਯੂਨੀਅਨ ਦਿੱਲੀ ਵੱਲੋਂ 23-24 ਮਾਰਚ ਨੂੰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਨ ਨੂੰ ਸਮਰਪਿਤ ਪ੍ਰੋਗਰਾਮ ਸ਼ਾਹਬਾਦ ਡੇਅਰੀ ਪੰਜਮੰਦਰ ਵਿਖੇ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਬੱਚਿਆਂ ਦੀ ਸੋਚ ਵਿਗਿਆਨਕ ਬਨਾਉਣ ਅਤੇ ਉਨ੍ਹਾਂ ਵਿਚੋਂ ਅੰਧਵਿਸ਼ਵਾਸ ਦੂਰ ਕਰਨ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਨੂੰ ਸੱਦਾ ਮਿਲਿਆ। ਦੋਵੇਂ ਦਿਨ ਸ਼ਾਮ 4 ਵਜੇ ਤੋਂ ਰਾਤ 10 ਵਜੇ ਤੱਕ ਚੱਲੇ ਇਸ ਮੇਲੇ ਵਿੱਚ ਨਾਟਕਾਂ ਤੋਂ ਇਲਾਵਾ ਮਜਦੂਰਾਂ ਦੇ ਬੱਚਿਆਂ ਦੁਆਰਾ ਇਨਕਲਾਬੀ ਗੀਤ, ਕੋਰੀਓਗ੍ਰਾਫੀਆਂ ਅਤੇ ਸਕਿੱਟ ਪੇਸ਼ ਕੀਤੇ ਗਏ। ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਰਾਮ ਕੁਮਾਰ ਢਕੜੱਬਾ ਨੇ ਦੋਵੇਂ ਰਾਤਾਂ ਨੂੰ ਇੱਕ-ਇੱਕ ਘੰਟੇ ਦਾ ਪ੍ਰੋਗਰਾਮ ਦਿੱਤਾ ਗਿਆ ਜਿਸ ਵਿੱਚ ਜਾਦੂ ਦੀਆਂ ਆਈਟਮਾਂ ਦੌਰਾਨ ਹਾਜਰ ਲੋਕਾਂ ਨੂੰ ਭੂਤਾਂ-ਪ੍ਰੇਤਾਂ, ਨਰਕ ਸਵਰਗ, ਜੋਤਿਸ਼, ਆਤਮਾ, ਪੁਨਰਜਨਮ ਅਤੇ ਮਾਨਸਿਕ ਸਮੱਸਿਆਵਾਂ ਬਾਰੇ ਜਾਣਕਾਰੀ ਦਿੱਤੀ ਗਈ।

**ਰਾਮ ਕੁਮਾਰ, ਸਹਾਇਕ ਕੌਮੀ ਅਤੇ ਕੌਮਾਂਤਰੀ ਵਿਭਾਗ**

**ਇਕਾਈ ਅੰਮ੍ਰਿਤਸਰ**

## ਜਲ੍ਹਿਆਂਵਾਲਾ ਬਾਗ਼ ਦੇ ਕਤਲੇਆਮ ਅਤੇ ਮੌਜੂਦਾ ਹਾਲਾਤ ਸੰਬੰਧੀ ਵਿਚਾਰ-ਚਰਚਾ

ਤਰਕਸ਼ੀਲ ਸੁਸਾਇਟੀ ਪੰਜਾਬ ਅਤੇ ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋਂ ਲੋਕ ਪੱਖੀ ਜਮਹੂਰੀ ਜਨਤਕ ਜਥੇਬੰਦੀਆਂ ਦੇ ਸਹਿਯੋਗ ਨਾਲ ਜਲ੍ਹਿਆਂਵਾਲਾ ਬਾਗ਼ ਦੇ ਸ਼ਹੀਦਾਂ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਪੰਜਾਬ ਸਮੇਤ ਸਮੁੱਚੇ ਦੇਸ਼ ਵਿੱਚ ਮੋਦੀ ਹਕੂਮਤ ਦੀ ਸਰਪ੍ਰਸਤੀ ਹੇਠ ਵੱਧ ਰਹੀ ਸਾਮਰਾਜੀ ਲੁੱਟ, ਫ਼ਿਰਕੂ ਹਿੰਸਾ ਅਤੇ ਫਾਸ਼ੀਵਾਦੀ ਜ਼ਬਰ ਦੇ ਹਾਲਾਤ ਸਬੰਧੀ 13 ਅਪ੍ਰੈਲ ਨੂੰ ਸਥਾਨਕ ਕੰਪਨੀ ਬਾਗ਼ ਵਿਖੇ ਇਕ ਗੰਭੀਰ ਵਿਚਾਰ ਚਰਚਾ ਕੀਤੀ ਗਈ।

ਇਸ ਮੌਕੇ ਜਲ੍ਹਿਆਂਵਾਲਾ ਬਾਗ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਨਾਮਵਰ ਜਮਹੂਰੀ ਚਿੰਤਕ ਡਾ.ਪਰਮਿੰਦਰ ਨੇ ਕਿਹਾ ਕਿ ਬਰਤਾਨਵੀਂ ਹਕੂਮਤ ਵੱਲੋਂ ਤਾਨਾਸ਼ਾਹੀ ਨਿਜ਼ਾਮ ਰਾਹੀਂ ਜਿਸ ਤਰ੍ਹਾਂ ਹਿੰਦੋਸਤਾਨ ਦੇ ਲੋਕਾਂ ਦੀ ਲੁੱਟ ਕਰਦੇ ਹੋਏ ਜ਼ਬਰ ਨਾਲ ਗੁਲਾਮ ਬਣਾ ਕੇ ਰੱਖਿਆ ਜਾਂਦਾ ਸੀ ਉਸਤੋਂ ਵੀ ਵੱਧ ਖ਼ਤਰਨਾਕ ਕਾਲੇ ਕਾਨੂੰਨਾਂ ਅਤੇ ਸਾਮਰਾਜ ਪੱਖੀ ਨੀਤੀਆਂ ਰਾਹੀਂ ਮੋਦੀ ਸਰਕਾਰ, ਆਮ ਲੋਕਾਂ ਨੂੰ ਗੁਲਾਮ ਬਣਾ ਕੇ ਉਨ੍ਹਾਂ ਦੀ ਲੁੱਟ ਅਤੇ ਜ਼ਬਰ ਕਰ ਰਹੀ ਹੈ। ਵਿਰੋਧ ਕਰਨ ਵਾਲੇ ਕਿਸਾਨਾਂ, ਮਜ਼ਦੂਰਾਂ, ਆਦਿਵਾਸੀਆਂ, ਦਲਿਤਾਂ, ਬੁੱਧੀਜੀਵੀਆਂ, ਵਕੀਲਾਂ, ਲੇਖਕਾਂ, ਪੱਤਰਕਾਰਾਂ ਅਤੇ ਸਮਾਜਿਕ ਕਾਰਕੁਨਾਂ ਨੂੰ ਯੂਏਪੀਏ ਅਤੇ ਐਨ.ਐਸ.ਏ. ਦੇ ਕਾਲੇ ਕਾਨੂੰਨਾਂ ਹੇਠ ਜੇਲ੍ਹਾਂ ਵਿੱਚ ਅਣਮਿੱਥੇ ਸਮੇਂ ਲਈ ਨਜ਼ਰਬੰਦ ਕੀਤਾ ਜਾ ਰਿਹਾ ਹੈ। ਇਸ ਮੌਕੇ ਤਰਕਸ਼ੀਲ ਆਗੂਆਂ ਸੁਮੀਤ ਅੰਮ੍ਰਿਤਸਰ ਅਤੇ ਜਸਪਾਲ ਬਾਸਰਕੇ ਨੇ ਕਿਹਾ ਕਿ ਮੋਦੀ ਹਕੂਮਤ ਵੱਲੋਂ ਛੱਤੀਸਗੜ੍ਹ ਵਿੱਚ 'ਓਪਰੇਸ਼ਨ ਕਗਾਰ' ਅਤੇ ਝਾਰਖੰਡ ਵਿੱਚ 'ਓਪਰੇਸ਼ਨ ਕਲੀਨ' ਤਹਿਤ ਆਪਣੇ ਹੀ ਦੇਸ਼ ਦੇ ਨਾਗਰਿਕ ਆਦਿਵਾਸੀਆਂ ਵਿਰੁੱਧ ਇਕ ਤਰ੍ਹਾਂ ਨਾਲ ਜੰਗ ਛੇੜੀ ਹੋਈ ਹੈ ਅਤੇ ਉਨ੍ਹਾਂ ਨੂੰ ਉਥੋਂ ਉਜਾੜਨ ਲਈ ਬਸਤਰ ਸਮੇਤ ਹੋਰਨਾਂ ਆਦਿਵਾਸੀ ਇਲਾਕਿਆਂ ਵਿੱਚ ਲਗਾਤਾਰ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਨਿਰਦੋਸ਼ ਆਦਿਵਾਸੀਆਂ ਦਾ ਕਤਲੇਆਮ ਕੀਤਾ ਜਾ ਰਿਹਾ ਹੈ। ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਆਗੂ ਗੁਰਬਚਨ ਸਿੰਘ ਨੇ ਕਿਹਾ ਕਿ ਮੋਦੀ ਹਕੂਮਤ ਖੇਤੀ ਮੰਡੀਕਰਨ ਖਰੜੇ, ਭਾਰਤ ਮਾਲਾ ਪ੍ਰੋਜੈਕਟ ਅਤੇ ਗ਼ੈਰ ਹਕੀਕੀ ਅਦਾਲਤੀ ਫੈਸਲਿਆਂ ਰਾਹੀਂ ਸਰਕਾਰੀ ਮੰਡੀਆਂ ਖ਼ਤਮ ਕਰਨ ਦੇ ਇਲਾਵਾ ਕਿਸਾਨਾਂ ਦੀਆਂ ਜ਼ਮੀਨਾਂ ਜ਼ਬਰਦਸਤੀ ਖੋਹਣ ਅਤੇ ਕਿਸਾਨਾਂ ਨੂੰ ਜ਼ਮੀਨਾਂ ਤੋਂ ਬੇਦਖ਼ਲ ਕਰਨ ਦੀਆਂ ਨੀਤੀਆਂ ਤਹਿਤ ਸ਼ਰੇਆਮ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਭੁਗਤ ਰਹੀ ਹੈ ਜਿਸਨੂੰ ਕਿਸਾਨ ਜਥੇਬੰਦੀਆਂ ਕਿਸੇ ਵੀ ਕੀਮਤ ਉੱਤੇ ਲਾਗੂ ਨਹੀਂ ਹੋਣ ਦੇਣਗੀਆਂ। ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਸੂਬਾਈ ਆਗੂ ਅਸ਼ਵਨੀ ਅਵਸਥੀ ਨੇ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਨੂੰ ਨਿੱਜੀ ਹੱਥਾਂ ਵਿੱਚ ਵੇਚਣ ਦੀ ਨੀਤੀ ਦਾ ਸਖ਼ਤ ਵਿਰੋਧ ਕਰਦਿਆਂ ਨਵੀਂ ਕੌਮੀ ਸਿੱਖਿਆ ਨੀਤੀ- 2020 ਨੂੰ ਰੱਦ ਕਰਨ ਅਤੇ ਅਧਿਆਪਕਾਂ ਦੀ ਨਿਯਮਤ ਭਰਤੀ ਕਰਨ ਦੀ ਮੰਗ ਕੀਤੀ। ਜਮਹੂਰੀ ਅਧਿਕਾਰ ਸਭਾ ਦੇ ਸਕੱਤਰ ਯਸ਼ਪਾਲ ਝਬਾਲ ਨੇ ਕਿਹਾ ਕਿ ਪੰਜਾਬ ਸਰਕਾਰ ਯੋਗੀ ਦੇ ਤਾਨਾਸ਼ਾਹੀ ਮਾਡਲ ਤਹਿਤ ਕਾਨੂੰਨੀ ਤੇ ਅਦਾਲਤੀ ਪ੍ਰਕਿਰਿਆ ਅਪਣਾਏ ਬਗੈਰ ਬੁਲਡੋਜ਼ਰ ਅਤੇ ਪੁਲਿਸ ਮੁਕਾਬਲਿਆਂ ਰਾਹੀਂ ਪੰਜਾਬ ਦੇ ਸੰਘਰਸ਼ਸ਼ੀਲ ਤਬਕਿਆਂ ਵਿੱਚ ਦਹਿਸ਼ਤ ਫੈਲਾ ਰਹੀ ਹੈ ਅਤੇ ਵੱਡੇ ਨਸ਼ਾ ਤਸਕਰਾਂ ਅਤੇ ਗੈਂਗਸਟਰਾਂ ਦਾ ਬਚਾਅ ਕੀਤਾ ਜਾ ਰਿਹਾ ਹੈ। ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਆਗੂ ਐਡਵੋਕੇਟ ਅਮਰਜੀਤ ਬਾਈ ਨੇ ਪੰਜਾਬ ਪੁਲਿਸ ਵੱਲੋਂ ਬਠਿੰਡਾ ਦੇ ਚਾਉਕੇ ਪਿੰਡ ਵਿਖੇ ਆਦਰਸ਼ ਸਕੂਲ ਦੇ ਅਧਿਆਪਕਾਂ, ਮਾਪਿਆਂ, ਕਿਸਾਨਾਂ ਉੱਤੇ ਤਸ਼ੱਦਦ ਕਰਕੇ ਗ੍ਰਿਫਤਾਰ ਕਰਨ ਅਤੇ ਔਰਤ ਕਿਸਾਨ ਆਗੂ ਹਰਿੰਦਰ ਬਿੰਦੂ ਨਾਲ ਕੁੱਟ ਮਾਰ ਅਤੇ ਬਦਸਲੂਕੀ ਕਰਨ ਦਾ ਸਖ਼ਤ ਸ਼ਬਦਾਂ ਵਿੱਚ ਵਿਰੋਧ ਕਰਦਿਆਂ ਬਿਨਾਂ ਸ਼ਰਤ ਰਿਹਾਅ ਕਰਨ ਅਤੇ ਜ਼ਿੰਮੇਵਾਰ ਪੁਲਿਸ ਅਧਿਕਾਰੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ।

ਇਸ ਮੌਕੇ ਪੀ ਐਸ ਯੂ (ਲਲਕਾਰ) ਦੇ ਗੁਰਪ੍ਰੀਤ, ਤਰਕਸ਼ੀਲ ਆਗੂ ਪ੍ਰਿੰ.ਮੇਲਾ ਰਾਮ ਅਤੇ ਡਾ.ਕੁਲਦੀਪ ਸਿੰਘ ਨੇ ਵੀ ਵਿਚਾਰ ਸਾਂਝੇ ਕੀਤੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੀ.ਐੱਸ.ਯੂ. (ਸ਼ਹੀਦ ਰੰਧਾਵਾ) ਦੇ ਗੁਰਪਾਲ ਗੁਰੀ, ਇਪਟਾ ਆਗੂ ਹਰੀਸ਼ ਕੈਲੇ, ਕਿਸਾਨ ਆਗੂ ਡਾ. ਕੁਲਦੀਪ ਸਿੰਘ, ਹਰਚਰਨ ਮੱਦੀਪੁਰ, ਮਾਸਟਰ ਬਲਦੇਵ ਰਾਜ ਵੇਰਕਾ, ਰਾਜ ਕੁਮਾਰ ਵੇਰਕਾ, ਮਾਸਟਰ ਕੁਲਜੀਤ ਵੇਰਕਾ, ਡਾ.ਕਸ਼ਮੀਰ ਸਿੰਘ, ਸੁਖਦੇਵ ਸਿੰਘ, ਰਮੇਸ਼ ਜੈਨ, ਸੁਖਮੀਤ ਸਿੰਘ, ਹਰੀ ਕ੍ਰਿਸ਼ਨ, ਕੈਪਟਨ ਕੁਲਵਿੰਦਰ ਸਿੰਘ, ਜਸ਼ਨਪ੍ਰੀਤ ਸਿੰਘ,ਗੁਰਮੀਤ ਸਿੰਘ ਅਤੇ ਬਲਜੀਤ ਸਿੰਘ ਹਾਜ਼ਰ ਸਨ।

**ਸੁਮੀਤ ਅੰਮ੍ਰਿਤਸਰ**

**ਜ਼ੋਨ ਬਠਿੰਡਾ**

**ਵਿਸਾਖੀ ਮੇਲੇ 'ਤੇ ਤਰਕਸ਼ੀਲ ਹੋਕਾ**

ਤਲਵੰਡੀ ਸਾਬੋ ਵਿਖੇ ਲਗਦੇ ਵਿਸਾਖੀ ਮੇਲੇ ਉੱਤੇ ਜ਼ੋਨ ਬਠਿੰਡਾ ਦੀਆਂ ਵੱਖ ਵੱਖ ਇਕਾਈਆਂ ਵੱਲੋਂ ਮਿਲ ਕੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 12-13 ਅਪ੍ਰੈਲ ਨੂੰ ਵੱਡਾ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਪ੍ਰੋਗਰਾਮ ਦੌਰਾਨ ਬਠਿੰਡਾ ਇਕਾਈ ਤੋਂ ਕੁਲਵੰਤ ਸਿੰਘ, ਡੱਬਵਾਲੀ ਤੋਂ ਤਰਸੇਮ ਮਿੱਠੜੀ ਤੇ ਜਗਤਾਰ ਸਿੰਘ, ਇਕਾਈ ਭੰਗੂ (ਸਿਰਸਾ) ਤੋਂ ਹਰਦੇਵ ਸਿੰਘ ਵੱਲੋਂ ਤਰਕਸ਼ੀਲ ਮੈਜਿਕ ਸ਼ੋਅ ਵਿਖਾ ਕੇ ਦੱਸਿਆ ਕਿ ਦੁਨੀਆ ਉੱਤੇ ਕਾਲੇ ਜਾਦੂ, ਕਾਲੇ ਇਲਮ ਜਾਂ ਗੈਬੀ ਸ਼ਕਤੀਆਂ ਦੀ ਕੋਈ ਹੋਂਦ ਨਹੀਂ ਹੈ। ਜਾਦੂ ਸਿਰਫ ਇੱਕ ਕਲਾ ਹੈ। ਇਸ ਮੌਕੇ ਜਾਦੂਗਰ ਭਾਨਾ ਸਹਾਰਲਾ ਨੇ ਵੀ ਦਿਲਚਸਪ ਮੈਜ਼ਿਕ ਟ੍ਰਿੱਕ ਪੇਸ਼ ਕੀਤੇ। ਉਨ੍ਹਾਂ ਇੱਕ ਬਹੁਤ ਹੈਰਾਨੀਜਨਕ ਟ੍ਰਿਕ ਪੇਸ਼ ਕਰਦਿਆਂ ਕੱਪੜੇ ਦਾ ਇੱਕ ਚੂਹੇ ਵਰਗਾ ਆਕਾਰ ਬਣਾਇਆ, ਫੇਰ ਉਸ ਨੂੰ ਹੱਥ ਦੀ ਸਫਾਈ ਨਾਲ ਗਤੀ ਦੇ ਕੇ ਭਜਾਇਆ, ਦਰਸ਼ਕਾਂ ਨੂੰ ਇਉਂ ਮਹਿਸੂਸ ਹੋ ਰਿਹਾ ਸੀ ਜਿਵੇਂ ਕੱਪੜੇ ਦੇ ਬਣਾਏ ਚੂਹੇ ਵਿੱਚ ਜਾਦੂਗਰ ਨੇ ਜਾਨ ਪਾ ਦਿੱਤੀ ਹੋਵੇ।

ਪ੍ਰੋਗਰਾਮ ਦੌਰਾਨ ਬਲਰਾਜ ਮੌੜ, ਰਾਮ ਨਿਰਮਾਣ, ਹਰਦੇਵ ਕਾਲਿਆਂਵਾਲੀ ਅਤੇ ਰਮਨ ਮੌੜ ਨੇ ਸੰਬੋਧਨ ਕਰਦਿਆਂ ਆਖਿਆ ਕਿ ਤਰਕਸ਼ੀਲ ਅਤੇ ਵਿਗਿਆਨਕ ਵਿਚਾਰ ਮਨੁੱਖ ਨੂੰ ਸੂਝਵਾਨ, ਗਿਆਨਵਾਨ ਅਤੇ ਸਹੀ ਫੈਸਲੇ ਲੈਣ ਦੇ ਸਮਰੱਥ ਬਣਾਉਂਦੇ ਹਨ। ਇਸ ਲਈ ਜਰੂਰੀ ਹੈ ਕਿ ਅਸੀਂ ਵਿਗਿਆਨਕ ਅਤੇ ਤਰਕਸ਼ੀਲ ਸਾਹਿਤ ਪੜ੍ਹੀਏ ਅਤੇ ਵਿਗਿਆਨਕ ਸੋਚ ਫੈਲਾਉਣ ਵਾਲੇ ਅਜਿਹੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੁੰਦੇ ਰਹੀਏ।

ਇਸ ਮੌਕੇ ਬਠਿੰਡਾ ਇਕਾਈ ਵੱਲੋਂ ਗਿਆਨ ਸਿੰਘ ਦੀ ਅਗਵਾਈ ਵਿੱਚ ਤਰਕਸ਼ੀਲ ਸਾਹਿਤ ਦੀ ਸਟਾਲ ਲਗਾਈ ਗਈ ਜਿਸ ਵਿੱਚ ਬਠਿੰਡਾ ਇਕਾਈ ਹਾਕਮ ਸਿੰਘ, ਬਲਵੰਤ ਰਾਇ, ਜੋਗਿੰਦਰ ਸਿੰਘ ਜਿਲ੍ਹੇਦਾਰ, ਬਿਕਰਮਜੀਤ, ਮੇਜਰ ਗਹਿਰੀ ਨੇ ਸਹਿਯੋਗ ਕੀਤਾ। ਪ੍ਰੋਗਰਾਮ ਵਿੱਚ ਡੱਬਵਾਲੀ, ਭੁੱਚੋ ਮੰਡੀ ਅਤੇ ਰਾਮਪੁਰਾ ਇਕਾਈਆਂ ਦੇ ਮੈਂਬਰ ਵੀ ਸ਼ਾਮਲ ਹੋਏ। ਸਥਾਨਕ ਇਕਾਈ ਤਲਵੰਡੀ ਸਾਬੋ ਦੇ ਕਾਰਕੁੰਨਾਂ ਮਹਿਮਾ ਸਿੰਘ ਧਿੰਗੜ, ਐਡਵੋਕੇਟ ਅਵਤਾਰ ਸਿੰਘ, ਜਗਦੀਪ ਗਿੱਲ, ਬਲਦੇਵ ਸਿੰਘ ਗਿੱਲ, ਯੋਗਰਾਜ ਭਾਗੀਵਾਂਦਰ ਨੇ ਪ੍ਰਬੰਧਾਂ ਵਿੱਚ ਭਰਪੂਰ ਯੋਗਦਾਨ ਪਾਇਆ।

**ਰਿਪੋਰਟ-ਜਗਦੀਪ ਗਿੱਲ**

**ਜ਼ੋਨ ਲੁਧਿਆਣਾ**

**ਪਰਿਵਾਰਿਕ ਮਿਲਣੀ ਨੂੰ ਮਿਲਿਆ ਉਤਸ਼ਾਹ ਜਨਕ ਹੁੰਗਾਰਾ**

ਪਿਛਲੇ ਮਹੀਨੇ ਤਰਕਸ਼ੀਲ ਸੁਸਾਇਟੀ ਪੰਜਾਬ (ਜ਼ੋਨ ਲੁਧਿਆਣਾ) ਵੱਲੋਂ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ (ਲੁਧਿਆਣਾ) ਵਿਖੇ ਆਪਣੇ ਮੈਂਬਰਾਂ ਦੇ ਪਰਿਵਾਰਾਂ ਦੀ ਮਿਲਣੀ ਕਰਵਾਈ ਗਈ। ਇਸ ਸਮੇਂ ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਕੌਮਾਂਤਰੀ ਇਨਚਾਰਜ ਬਲਵਿੰਦਰ ਬਰਨਾਲਾ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸਭਿਆਚਾਰਕ ਵਿਭਾਗ ਮੁਖੀ ਜੋਗਿੰਦਰ ਕੁੱਲੇਵਾਲ ਨੇ ਮੁੱਖ ਬੁਲਾਰਿਆਂ ਵਜੋਂ ਵਿਚਾਰ ਸਾਂਝੇ ਕੀਤੇ। ਬਲਵਿੰਦਰ ਬਰਨਾਲਾ ਨੇ ਕਿਹਾ ਕਿ ਤਰਕਸ਼ੀਲਾਂ ਵੱਲੋਂ ਅਜਿਹੀਆਂ ਮਿਲਣੀਆਂ ਰਾਹੀਂ ਪਰਿਵਾਰਾਂ ਦਾ ਗਿਆਨ ਵਧਾਉਣਾ ਅਤੇ ਬੱਚਿਆਂ ਨੂੰ ਸਵਾਲ ਪੁੱਛਣ ਲਈ ਉਤਸ਼ਾਹਿਤ ਕਰਨਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਸਾਨੂੰ ਸਭਿਆਚਾਰਕ ਇਨਕਲਾਬ ਦੀ ਸਖਤ ਜਰੂਰਤ ਹੈ।

ਜੋਗਿੰਦਰ ਕੁੱਲੇਵਾਲ ਨੇ ਕਿਹਾ ਕਿ ਆਪਣੇ ਸਮਾਜ ਵਿੱਚ ਪ੍ਰਚੱਲਤ ਬੇਲੋੜੇ ਰਸਮਾਂ ਰਿਵਾਜਾਂ ਨੂੰ ਬਦਲਣ ਲਈ ਸਾਨੂੰ ਆਪਣੇ ਘਰਾਂ ਤੋਂ ਹੀ ਸ਼ੁਰੂਆਤ ਕਰਨੀ ਪਏਗੀ ।ਜਿਵੇਂ ਕਿ ਵਿਆਹ ਸ਼ਾਦੀ ਸਮੇਂ ਦਹੇਜ ਨਾ ਲੈਣਾ, ਗ਼ਮੀ-ਖ਼ੁਸ਼ੀ ਅਤੇ ਜ਼ਨਮ-ਮਰਨ ਦੇ ਸਮੇਂ ਵੇਲਾ ਵਿਹਾ ਚੁੱਕੇ ਰਸਮਾਂ ਰਿਵਾਜਾਂ ਨੂੰ ਬਦਲਣ ਲਈ ਵਿਚਾਰ ਚਰਚਾ, ਅਗਾਂਹਵਧੂ ਗੀਤਾਂ, ਨਾਟਕਾਂ ਤੇ ਵਿਗਿਆਨਿਕ ਵਿਚਾਰਾਂ ਵਾਲੇ ਕਲਾਕਾਰਾਂ ਦੇ ਪ੍ਰੋਗਰਾਮ ਕਰਵਾਉਂਣੇ ਚਾਹੀਦੇ ਹਨ।

ਕੈਨੇਡਾ ਤੋਂ ਛਪਦੇ ਮੈਗਜ਼ੀਨ ਸਰੋਕਾਰਾਂ ਦੀ ਆਵਾਜ ਦੇ ਸਬ-ਐਡੀਟਰ ਮਾਸਟਰ ਭਜਨ ਅਤੇ ਮਾ. ਸੁਰਜੀਤ ਦੌਧਰ ਨੇ ਕਿਤਾਬਾਂ ਪੜ੍ਹਨ ਦਾ ਸ਼ੌਕ ਘਟ ਜਾਣ 'ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਇਹ ਅਗਾਂਹਵਧੂ ਤੇ ਵਿਗਿਆਨਕ ਸੋਚ ਅਪਨਾਉਣ ਤੋਂ ਪਾਸਾ ਵੱਟਣ ਦੇ ਤੁਲ ਹੈ। ਅੱਗੇ ਵਧਣ ਲਈ ਲਗਾਤਾਰ ਨਵੇਂ ਵਿਗਿਆਨਕ, ਇਤਿਹਾਸਕ, ਰਾਜਨੀਤਕ ਅਤੇ ਸਮਾਜਿਕ ਵਿਸ਼ਿਆਂ ਨੂੰ ਜਾਨਣਾ ਬਹੁਤ ਜ਼ਰੂਰੀ ਹੈ। ਪ੍ਰੋਗਰਾਮ ਦੀ ਸ਼ੁਰੂਆਤ ਮਨਜੀਤ ਘਣਗਸ ਦੇ ਗੀਤ 'ਤਰਕਸ਼ੀਲ ਬਣ ਜਾਓ ਲੋਕੋ, ਤਰਕਸ਼ੀਲ ਬਣ ਜਾਓ' ਨਾਲ ਕੀਤੀ ਗਈ ਅਤੇ ਪ੍ਰੋਗਰਾਮ ਦੌਰਾਨ ਕਰਤਾਰ ਸਿੰਘ ਵੀਰਾਨ ਨੇ ਸੰਤਰਾਮ ਉਦਾਸੀ ਦੀ ਕਵਿਤਾ ਪੇਸ਼ ਕੀਤੀ। ਇਸ ਮੌਕੇ ਛੇਵੀਂ ਤਰਕਸ਼ੀਲ ਚੇਤਨਾ ਪਰਖ ਵਿੱਚ ਜ਼ੋਨ 'ਚੋਂ ਪਹਿਲਾ ਸਥਾਨ ਲੈਣ ਵਾਲੇ ਵਿਦਿਆਰਥੀਆਂ ਮਨਿੰਦਰ ਸਿੰਘ ਅਤੇ ਜਸਕਰਨ ਪ੍ਰੀਤ ਸਿੰਘ ਨੂੰ ਸਨਮਾਨਿਤ ਵੀ ਕੀਤਾ ਗਿਆ। ਤਰਕਸ਼ੀਲ ਮੈਂਬਰਾਂ ਦੇ

ਪਰਿਵਾਰਾਂ ਜਿਹਨਾਂ ਵਿੱਚ 25-30 ਔਰਤਾਂ ਸਮੇਤ ਨੌਜਵਾਨ ਲੜਕੀਆਂ ਵੀ ਸ਼ਾਮਲ ਸਨ, ਨੇ ਬੇਝਿਜਕ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਅਸੀਂ ਇਸ ਤਰ੍ਹਾਂ ਦੇ ਪ੍ਰੋਗਰਾਮ ਵਿੱਚ ਪਹਿਲੀ ਵਾਰ ਸ਼ਾਮਲ ਹੋਈਆਂ ਹਾਂ, ਜਿੱਥੋਂ ਸਾਨੂੰ ਬਹੁਤ ਕੁੱਝ ਸਿੱਖਣ ਨੂੰ ਮਿਲਿਆ ਹੈ। ਐਡਵੋਕੇਟ ਅਮਨ, ਮਨਦੀਪ ਕੌਰ, ਹਰਵਿੰਦਰ ਕੌਰ, ਬਲਜਿੰਦਰ ਕੌਰ, ਸੰਤੋਸ਼ ਕੁਮਾਰੀ, ਮਨਜੀਤ ਕੌਰ, ਹਰਬੰਸ ਕੌਰ, ਕਿਰਨ ਜੋਤ, ਜਸ਼ਨਪ੍ਰੀਤ ਕੌਰ, ਰੰਜਨਾਂ, ਮਨਦੀਪ ਕੌਰ, ਕੁਲਦੀਪ ਕੌਰ, ਕਮਲਜੀਤ ਕੌਰ, ਮਹਿਕ ਆਦਿ ਨੇ ਇਸ ਤਰ੍ਹਾਂ ਦੀਆਂ ਮਿਲਣੀਆਂ ਕਰਦੇ ਰਹਿਣ ਦੀ ਇੱਛਾ ਪ੍ਰਗਟਾਈ। ਲੜਕੀਆਂ ਕਿਰਨਜੋਤ ਅਤੇ ਜਸ਼ਨਪ੍ਰੀਤ ਕੌਰ ਨੇ ਇਸ ਸਮੇਂ ਬਹੁਤ ਹੌਸਲਾ ਵਧਾਊ ਗੱਲਾਂ ਕੀਤੀਆਂ ਜਿਨ੍ਹਾਂ ਨੂੰ ਬਲਵੀਰ ਲੌਂਗੋਵਾਲ ਕੀ ਲਿਖੀ 'ਗਦਰੀ ਸ਼ਹੀਦ ਬਾਬਾ ਭਾਨ ਸਿੰਘ ਪਿੰਡ ਸੁਨੇਤ ਤੋਂ ਕਾਲੇ ਪਾਣੀ ਤੱਕ' ਅਤੇ ਜਸਵੰਤ ਜ਼ੀਰਖ ਦੀ ਲਿਖੀ 'ਮੌਜੂਦਾ ਸਮੇਂ ਦਾ ਸੱਚ' ਕਿਤਾਬਾਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਜ਼ੋਨ ਦੇ ਅਹੁਦੇਦਾਰਾਂ ਧਰਮਪਾਲ ਸਿੰਘ, ਹਰਚੰਦ ਭਿੰਡਰ, ਰਾਜਿੰਦਰ ਜੰਡਿਆਲੀ, ਸਮਸ਼ੇਰ ਨੂਰਪੁਰੀ ਅਤੇ ਇਕਾਈਆਂ ਦੇ ਮੁਖੀਆਂ ਧਰਮ ਸਿੰਘ ਸੂਜਾਪੁਰ ਸੁਧਾਰ, ਕਰਤਾਰ ਸਿੰਘ ਵੀਰਾਨ ਜਗਰਾਓਂ, ਮੋਹਨ ਬਡਲਾ ਮਲੇਰਕੋਟਲਾ, ਦੀਪ ਦਿਲਬਰ, ਰਾਕੇਸ਼ ਆਜ਼ਾਦ, ਪ੍ਰਮਜੀਤ ਸਿੰਘ, ਅਜਮੇਰ ਦਾਖਾ, ਜਗਦੇਵ ਮਕਸੂਦੜਾ, ਮਾ. ਕਰਨੈਲ ਸਿੰਘ, ਮਲਕੀਤ ਸਿੰਘ ਸੁਧਾਰ, ਦਲਬੀਰ ਕਟਾਣੀ ਅਤੇ ਭੀਮ ਚੰਦ ਸਮੇਤ ਵੱਡੀ ਗਿਣਤੀ ਵਿੱਚ ਇਕਾਈਆਂ ਦੇ ਮੈਂਬਰਾਂ ਵੱਲੋਂ ਅਤੇ ਐਡਵੋਕੇਟ ਹਰਪ੍ਰੀਤ ਜੀਰਖ ਨੇ ਪਰਿਵਾਰਾਂ ਸਮੇਤ ਹਾਜ਼ਰੀ ਲਵਾਈ। ਜ਼ੋਨ ਦੇ ਜੱਥੇਬੰਦਕ ਮੁਖੀ ਜਸਵੰਤ ਜ਼ੀਰਖ ਨੇ ਸਟੇਜ ਸੰਚਾਲਨ ਕੀਤਾ ਅਤੇ ਅੰਤ ਵਿੱਚ ਸਭ ਦਾ ਧੰਨਵਾਦ ਕਰਦਿਆਂ ਅਜਿਹੀਆਂ ਮਿਲਣੀਆਂ ਦੀ ਲਗਾਤਾਰਤਾ ਦੇ ਯਤਨ ਜਾਰੀ ਰੱਖਣ ਲਈ ਉਪਰਾਲੇ ਕਰਨ ਤੇ ਜ਼ੋਰ ਦਿੱਤਾ।

**ਪਿੰਡ ਜੰਡ ਵਿਖੇ ਸਭਿਆਚਾਰਕ ਪ੍ਰੋਗਰਾਮ**

23 ਮਾਰਚ ਨੂੰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਜੰਡ ਵਿਖੇ ਤਰਕਸ਼ੀਲ ਸੁਸਾਇਟੀ ਜ਼ੋਨ ਲੁਧਿਆਣਾ ਵੱਲੋਂ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਸੱਦੇ 'ਤੇ ਨਾਟਕ ਭਗਤ ਸਿੰਘ ਅਤੇ ਕੋਰੀਓਗ੍ਰਾਫੀ 'ਮਾਂ-ਬੋਲੀ' ਸਮਸ਼ੇਰ ਨੂਰਪੁਰੀ ਦੀ ਨਿਰਦੇਸ਼ਨਾ 'ਚ ਪੇਸ਼ ਕੀਤੀ ਗਈ। ਸਮੁੱਚਾ ਪ੍ਰੋਗਰਾਮ ਬਹੁਤ ਹੀ ਪ੍ਰਭਾਵਸ਼ਾਲੀ ਰਿਹਾ। ਇਸ ਮੌਕੇ ਚਰਨ ਨੂਰਪੁਰਾ ਅਤੇ ਚਰਨਜੀਤ ਫੱਲੇਵਾਲ ਨੇ ਵੀ ਆਪਣੇ ਵਿਚਾਰ ਰੱਖੇ।

**-ਹਰਚੰਦ ਭਿੰਡਰ, ਮੀਡੀਆ ਮੁਖੀ, ਜ਼ੋਨ ਲੁਧਿਆਣਾ**

**ਇਕਾਈ ਕਾਲਾਂਵਾਲੀ**

**ਪੁਰਾਣੀਆਂ ਪੈੜਾਂ ਯਾਦ ਕਰਵਾ ਗਿਆ ਤਰਕਸ਼ੀਲ ਨਾਟਕ ਮੇਲਾ**

ਸਿਰਲੇਖ ਵੇਖ ਕੇ ਪਾਠਕਾਂ ਨੂੰ ਹੈਰਾਨੀ ਹੋਵੇਗੀ ਕਿ ਪ੍ਰੋਗਰਾਮ ਨਵੀਆਂ ਪੈੜਾਂ ਤਾਂ ਪਾਉਂਦੇ ਹਨ ਇਸ ਨਾਟਕ ਮੇਲੇ ਨੇ ਪੁਰਾਣੀਆਂ ਪੈੜਾਂ ਯਾਦ ਕਿਵੇਂ ਕਰਵਾਈਆਂ। ਅਸਲ ਵਿੱਚ ਅੱਜ ਤੋਂ 25-30 ਸਾਲ ਪਹਿਲਾਂ ਜਦ ਪਿੰਡਾਂ ਵਿੱਚ ਨਾਟਕ ਕਰਵਾਏ ਜਾਂਦੇ ਸਨ, ਖਾਸ ਕਰ ਗੁਰਸ਼ਰਨ ਭਾਅ ਜੀ ਦੇ ਨਾਟਕ, ਤਾਂ ਲੋਕ ਬੜੇ ਉਤਸ਼ਾਹ ਨਾਲ ਅਤੇ ਵੱਡੀ ਗਿਣਤੀ ਵਿੱਚ ਨਾਟਕ ਵੇਖਣ ਆਉਂਦੇ ਸਨ। ਅੱਜ ਕੱਲ੍ਹ ਆਧੁਨਿਕਤਾ ਅਤੇ ਸ਼ਹਿਰੀਕਰਨ ਦੇ ਪ੍ਰਭਾਵ ਹੇਠ ਰਾਤ ਨੂੰ ਸੱਥਾਂ ਵਿੱਚ ਖੇਡੇ ਜਾਣ ਵਾਲੇ ਨਾਟਕਾਂ ਲਈ ਦਰਸ਼ਕ ਉਸ ਉਤਸ਼ਾਹ ਅਤੇ ਗਿਣਤੀ ਵਿੱਚ ਨਹੀਂ ਪਹੁੰਚਦੇ। ਪਰ ਡਬਵਾਲੀ-ਸਿਰਸਾ ਸੜਕ ਉੱਤੇ ਪੈਂਦੇ ਪਿੰਡ ਚੋਰਮਾਰ ਖੇੜਾ ਵਿਖੇ ਰਾਤ ਦੇ ਪ੍ਰੋਗਰਾਮ ਵਿੱਚ ਲੋਕ ਉਸੇ ਤਰ੍ਹਾਂ ਜੁੜੇ ਹੋਏ ਸਨ ਜਿਵੇਂ 30 ਸਾਲ ਪਹਿਲਾਂ ਜੁੜਦੇ ਹੁੰਦੇ ਸਨ। ਨਾਟਕ ਵੀ ਗੁਰਸ਼ਰਨ ਭਾਅ ਜੀ ਦੇ ਲਿਖੇ ਅਤੇ ਉਨ੍ਹਾਂ ਦੀ ਸ਼ੈਲੀ ਵਿੱਚ ਹੀ ਇਕੱਤਰ ਸਿੰਘ ਦੀ ਟੀਮ ਵੱਲੋਂ ਪੇਸ਼ ਕੀਤੇ ਗਏ। ਲੋਕਾਂ ਨੇ ਅੱਧੀ ਰਾਤ ਤੱਕ ਨਾ ਸਿਰਫ ਨਾਟਕਾਂ ਦਾ ਆਨੰਦ ਮਾਣਿਆ ਬਲਕਿ ਤਰਕਸ਼ੀਲ ਆਗੂ ਰਾਜਿੰਦਰ ਭਦੌੜ ਦੇ ਪ੍ਰਭਾਵਸ਼ਾਲੀ ਭਾਸ਼ਨ ਨੂੰ ਵੀ ਉਸੇ ਇਕਾਗਰਤਾ ਨਾਲ ਸੁਣਿਆ। ਤਰਕਸ਼ੀਲ ਜਾਦੂਗਰ ਸੁਖਦੇਵ ਮਲੂਕਪੁਰੀ ਨੇ ਹੱਥ ਦੀ ਸਫਾਈ ਦੇ ਟ੍ਰਿੱਕ ਦਿਖਾਏ ਅਤੇ ਕਲਾਕਾਰ ਅਧਿਆਪਕ ਕੁਲਦੀਪ ਸਿਰਸਾ ਨੇ ਡਫਲੀ ਨਾਲ ਲੋਕਪੱਖੀ ਗੀਤ ਸੁਣਾਏ।

ਇਸ ਤੋਂ ਪਹਿਲਾਂ ਦਿਨ ਦੇ ਸਮੇਂ ਜਲਾਲਆਣਾ ਦੇ ਸਕੂਲ ਵਿੱਚ ਇਸੇ ਟੀਮ ਵੱਲੋਂ ਨਾਟਕ, ਸੁਖਦੇਵ ਮਲੂਕਪੁਰੀ ਦੇ ਮੈਜਿਕ ਟ੍ਰਿੱਕ, ਕੁਲਦੀਪ ਸਿਰਸਾ ਵੱਲੋਂ ਗੀਤ, ਰਾਜਿੰਦਰ ਭਦੌੜ ਵੱਲੋਂ ਤਰਕਸ਼ੀਲ ਵਿਚਾਰ, ਰਾਜਪਾਲ ਬਠਿੰਡਾ ਵੱਲੋਂ ਸ਼ਹੀਦ ਭਗਤ ਸਿੰਘ ਬਾਰੇ ਵਿਚਾਰ ਸਾਂਝੇ ਕੀਤੇ ਗਏ। ਇਥੇ ਪ੍ਰੋਗਰਾਮ ਦੀ ਪ੍ਰਧਾਨਗੀ ਸਰਪੰਚ ਅੰਗਰੇਜ ਸਿੰਘ ਅਤੇ ਪ੍ਰਿੰਸੀਪਲ ਸੁਭਾਸ਼ ਚੰਦਰ ਜੀ ਨੇ ਕੀਤੀ।

23 ਮਾਰਚ ਦੇ ਸ਼ਹੀਦਾਂ ਦੀ ਯਾਦ ਵਿੱਚ ਇਹ ਦੋਵੇਂ ਪ੍ਰੋਗਰਾਮ ਇਕਾਈ ਕਾਲਾਂਵਾਲੀ ਵੱਲੋਂ ਦੋਨਾਂ ਪਿੰਡਾਂ ਦੀਆਂ ਪੰਚਾਇਤਾਂ, ਜਲਾਲਆਣਾ ਸਕੂਲ, ਯੂਥ ਕਲੱਬ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਕਰਵਾਏ ਗਏ। ਮਾ. ਅਜਾਇਬ ਜਲਾਲਆਣਾ, ਮਾ. ਸਮਸ਼ੇਰ ਚੋਰਮਾਰ, ਮਾ. ਜਗਦੀਸ਼ ਸਿੰਘਪੁਰਾ ਅਤੇ ਹੋਰ ਤਰਕਸ਼ੀਲ ਕਾਰਕੁੰਨਾਂ ਨੇ ਪ੍ਰੋਗਰਾਮਾਂ ਨੂੰ ਬਹੁਤ ਵਧੀਆ ਪ੍ਰਬੰਧਾਂ ਨਾਲ ਸਫਲ ਬਣਾਇਆ।

**ਕਿਸਾਨ ਮੇਲੇ ਮੌਕੇ ਤਰਕਸ਼ੀਲ ਸੋਸਾਇਟੀ ਪੰਜਾਬ ਦੀ ਬੁੱਕ ਸਟਾਲ ਤੋਂ ਅੰਧਵਿਸ਼ਵਾਸੀ ਵਿਚਾਰਾਂ ਨੂੰ ਭਾਂਜ ਦੇਣ ਹੋਕਾ**

ਲੁਧਿਆਣਾ ਵਿਖੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਲੱਗੇ ਦੋ ਦਿਨਾ (21-22 ਮਾਰਚ) ਕਿਸਾਨ ਮੇਲੇ ਦੌਰਾਨ ਤਰਕਸ਼ੀਲ ਸੋਸਾਇਟੀ ਪੰਜਾਬ ਵੱਲੋਂ ਲਗਾਈ ਕਿਤਾਬਾਂ ਦੀ ਸਟਾਲ ਤੋਂ ਸਮਾਜ 'ਚ ਫੈਲੇ ਅੰਧਵਿਸ਼ਵਾਸਾਂ ਨੂੰ ਤਰਕ ਸੰਗਤ ਵਿਚਾਰਾਂ ਰਾਹੀਂ ਭਾਂਜ ਦੇਣ ਦਾ ਕਾਰਜ ਕੀਤਾ ਗਿਆ। ਮੇਲਾ ਵੇਖਣ ਆਏ ਲੋਕਾਂ ਨੇ ਕਈ ਪ੍ਰਚਲਿਤ ਅੰਧਵਿਸ਼ਵਾਸੀ ਧਾਰਨਾਵਾਂ ਬਾਰੇ ਸਵਾਲ ਕਰਦਿਆਂ ਸਪਸ਼ਟਤਾ ਹਾਸਲ ਕੀਤੀ। ਇਸ ਮੌਕੇ ਉਘੇ ਸਮਾਜ ਚਿੰਤਕ ਬਲਕੌਰ ਸਿੰਘ ਅਤੇ ਵਿਗਿਆਨੀ ਬਲਵਿੰਦਰ ਔਲਖ, ਆਰ ਪੀ ਸਿੰਘ ਵੱਲੋਂ ਬਹੁਤ ਹੀ ਰੌਚਕ ਤੇ ਗਿਆਨ ਭਰਪੂਰ ਜਾਣਕਾਰੀ ਦੇ ਕੇ ਲੋਕਾਂ ਨੂੰ ਸਿਖਿਅਤ ਕੀਤਾ ਗਿਆ। ਦਰਸ਼ਕਾਂ ਵੱਲੋਂ ਤਰਕਸ਼ੀਲ ਸਾਹਿਤ ਖਰੀਦਣ ਅਤੇ ਮੈਗਜ਼ੀਨ ਦੇ ਚੰਦੇ ਭਰਾਉਣ ਲਈ ਵੀ ਦਿਲਚਸਪੀ ਵਿਖਾਈ ਗਈ। ਜੋਨ ਜਥੇਬੰਦਕ ਮੁਖੀ ਜਸਵੰਤ ਜ਼ੀਰਖ ਅਤੇ ਮੀਡੀਆ ਮੁਖੀ ਹਰਚੰਦ ਭਿੰਡਰ ਸਮੇਤ ਤਰਕਸ਼ੀਲ ਇਕਾਈਆਂ ਮਲੇਰਕੋਟਲਾ, ਸੁਧਾਰ, ਜਗਰਾਓਂ, ਲੁਧਿਆਣਾ, ਕੁਹਾੜਾ ਦੇ ਆਗੂਆਂ ਮੋਹਨ ਬਡਲਾ, ਮਾ ਧਰਮ ਸਿੰਘ ਸੂਜਾਪੁਰ, ਮਾ ਕਰਨੈਲ ਸਿੰਘ, ਗੁਰਮੇਲ ਸਿੰਘ, ਮਲਕੀਤ ਸਿੰਘ, ਕਰਤਾਰ ਵੀਰਾਨ, ਮਾ ਸੁਰਜੀਤ ਦੌਧਰ, ਬਲਵਿੰਦਰ ਸਿੰਘ, ਧਰਮਪਾਲ ਸਿੰਘ, ਰਾਕੇਸ਼ ਆਜ਼ਾਦ, ਕਰਤਾਰ ਸਿੰਘ, ਮਾ ਜਰਨੈਲ ਸਿੰਘ, ਦੀਪ ਦਿਲਬਰ, ਦਲਬੀਰ ਕਟਾਣੀ, ਮੁੱਖ ਦਫਤਰ ਬਰਨਾਲਾ ਤੋਂ ਤਰਕਸ਼ੀਲ ਵੈਨ ਨਾਲ ਆਏ ਬਿੰਦਰ ਧਨੌਲਾ, ਜੱਗਾ ਭਦੌੜ ਨੇ ਸਮੁੱਚੇ ਪ੍ਰਬੰਧਾਂ ਲਈ ਅਹਿਮ ਜ਼ੁਮੇਂਵਾਰੀ ਨਿਭਾਈ।

**ਹਰਚੰਦ ਭਿੰਡਰ, ਮੀਡੀਆ ਮੁਖੀ ਜ਼ੋਨ ਲੁਧਿਆਣਾ**

---

# ਪ੍ਰਾਪਤ ਆਰਥਿਕ ਸਹਾਇਤਾ

**ਤਰਕਸ਼ੀਲ ਸੁਸਾਇਟੀ ਪੰਜਾਬ ਨੂੰ ਸਹਾਇਤਾ**

1. ਸਰੀਰਦਾਨੀ ਮਾਤਾ ਨੰਦ ਕੌਰ ਪਤਨੀ ਮੇਜਰ ਸਿੰਘ ਪਿੰਡ ਸਹਾਰਨਾ (ਮਾਨਸਾ) ਦੀ ਯਾਦ ਵਿੱਚ 1000 ਰੁਪਏ

**ਇਕਾਈ ਬਠਿੰਡਾ ਨੂੰ ਸਹਾਇਤਾ**

1 ਸ਼੍ਰੀ ਵਿਪਨ ਕੁਮਾਰ ਵਿਤ ਮੁਖੀ ਇਕਾਈ ਬਠਿੰਡਾ ਵੱਲੋਂ ਆਪਣੇ ਪਿਤਾ ਸ਼੍ਰੀ ਰਮੇਸ਼ ਦਾਸ ਜੀ ਦੇ ਸਤਿਕਾਰ ਸਮਾਗਮ ਮੌਕੇ ਜ਼ੋਨ ਦਫ਼ਤਰ ਬਠਿੰਡਾ ਨੂੰ ਇੱਕ ਵਾਟਰ ਡਿਸਪੈਂਸਰ ਸਮੇਤ ਕੁੱਲ ਸਹਾਇਤਾ 15000 ਰੁਪਏ

2. ਡਾਕਟਰ ਐੱਸ.ਐੱਸ. ਗਰੇਵਾਲ ਵੱਲੋਂ ਆਪਣੇ ਪੋਤਰੇ ਅਰਜਨ ਦੇ ਜਨਮ 'ਤੇ 1100 ਰੁਪਏ

3. ਸ਼੍ਰੀ ਬਲੌਰ ਸਿੰਘ ਪੱਪਾ, ਮਠਾੜੂ ਸ਼ਟਰਿੰਗ ਸਟੋਰ ਕਾਲਝਰਾਨੀ ਵੱਲੋਂ 500 ਰੁਪਏ

4. ਸ਼੍ਰੀ ਮੂਲ ਰਾਜ ਸੀਨੀਅਰ ਮੈਂਬਰ ਇਕਾਈ ਬਠਿੰਡਾ 500 ਰੁਪਏ

**ਇਕਾਈ ਮੋਹਾਲੀ**

ਸ਼੍ਰੀਮਤੀ ਸੁਰਿੰਦਰ ਕੌਰ ਗਰੇਵਾਲ, ਫੇਸ-5, ਮੋਹਾਲੀ ਵੱਲੋਂ ਕਾਮਰੇਡ ਸੌਦਾਗਰ ਸਿੰਘ ਗਰੇਵਾਲ ਦੀ ਯਾਦ ਵਿੱਚ 5000 ਰੁਪਏ

**ਇਕਾਈ ਸ਼ਾਹਕੋਟ**

ਡੀ.ਟੀ.ਐੱਫ. ਆਗੂ ਗੁਰਮੁਖ ਸਿੰਘ ਮਲਸੀਆਂ ਦੇ ਪਰਿਵਾਰ ਵੱਲੋਂ ਮਾਤਾ ਹਰਦੇਵ ਕੌਰ ਦੀ ਯਾਦ ਵਿੱਚ 2000 ਰੁਪਏ

**ਇਕਾਈ ਅੰਮ੍ਰਿਤਸਰ**

ਸੁਖਮੀਤ ਸਿੰਘ ਵੱਲੋਂ ਨਵੇਂ ਘਰ ਦੀ ਖ਼ੁਸ਼ੀ ਵਿੱਚ 500 ਰੁਪਏ

**ਇਕਾਈ ਲੁਧਿਆਣਾ**

1. ਡਾ. ਹਰਬੰਸ ਗਰੇਵਾਲ ਵੱਲੋਂ ਆਪਣੀ ਪਤਨੀ ਸਵਰਨ ਕੌਰ ਦੀ ਬਰਸੀ ਮੌਕੇ 1000 ਰੁਪਏ

2. ਮਾ. ਸੁਰਜੀਤ ਸਿੰਘ ਵੱਲੋਂ ਆਪਣੇ ਭਰਾ ਨਕਸਲੀ ਸ਼ਹੀਦ ਬਖਸ਼ੀਸ਼ ਮੋਰਕਰੀਮਾਂ ਦੀ ਬਰਸੀ ਮੌਕੇ 500 ਰੁਪਏ

**ਇਕਾਈ ਰੋਪੜ**

1. ਸਰਕਾਰੀ ਸੀ. ਸੈ. ਸਮਾਰਟ ਸਕੂਲ ਅਟਾਰੀ -1000 ਰੁਪਏ

2. ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੇਲਾ - 1000 ਰੁਪਏ

3. ਮਾ. ਮਨੀਸ਼ ਕੁਮਾਰ ਸਸਸਸ ਅਟਾਰੀ - 500 ਰੁਪਏ

4. ਮਾ. ਅਮਰਜੀਤ ਪਾਲ ਸਿੰਘ ਸਸਸਸ ਅਟਾਰੀ - 500 ਰੁਪਏ

5. ਮਾ. ਕਰਮਜੀਤ ਸਿੰਘ ਸਸਸਸ ਬੇਲਾ 1100 ਰੁਪਏ

6. ਸੇਵਾ-ਮੁਕਤ ਪ੍ਰਿੰਸੀਪਲ ਰਾਮਪਾਲ ਕਟਾਰੀਆ ਵੱਲੋਂ - 1000 ਰੁਪਏ

7. ਸ਼੍ਰੀ ਪਰਸ਼ੋਤਮ ਬੂਰ ਮਾਜਰਾ ਵੱਲੋਂ ਮੈਰਿਟ ਵਾਲੇ ਵਿਦਿਆਰਥੀਆਂ ਨੂੰ 500 ਰੁਪਏ ਅਤੇ ਚੰਗੀ ਕਾਰਗੁਜ਼ਾਰੀ ਵਾਲੇ ਤਿੰਨ ਵਿਦਿਆਰਥੀਆਂ ਨੂੰ 200-200 ਰੁਪਏ, ਕੁੱਲ 1100 ਰੁਪਏ ਇਨਾਮ ਦਿੱਤੇ ਗਏ।

# ਵਿਚਾਰਾਂ ਨੂੰ ਸਥਿਰ ਨਹੀਂ ਬਦਲਦੇ ਰੱਖਣ ਦੀ ਲੋੜ

ਜ਼ਿੰਦਗੀ ਵਿੱਚ ਕੁੱਝ ਵੀ ਸਥਿਰ ਨਹੀਂ ਹੈ। ਸਭ ਕੁੱਝ ਬਦਲਦਾ ਰਹਿੰਦਾ ਹੈ। ਕੋਈ ਵੀ ਜਾਣਕਾਰੀ ਆਖਰੀ ਸੱਚ ਨਹੀਂ ਹੁੰਦੀ। ਸਮਾਂ ਬੀਤਣ ਦੇ ਨਾਲ ਨਾਲ ਨਵੀਂ ਜਾਣਕਾਰੀ ਆ ਜਾਂਦੀ ਹੈ ਜਿਸ ਨਾਲ ਪੁਰਾਣੀ ਜਾਣਕਾਰੀ ਵਿੱਚ ਸੁਧਾਰ ਆ ਜਾਂਦਾ ਹੈ ਜਾਂ ਪੁਰਾਣੀ ਜਾਣਕਾਰੀ ਗਲਤ ਸਾਬਤ ਹੋ ਜਾਂਦੀ ਹੈ।

ਵਿਗਿਆਨਕ ਨਜ਼ਰੀਏ ਦੇ ਅਧਾਰ 'ਤੇ ਚੱਲਣ ਵਾਲੇ ਲੋਕ ਇਸ ਹੋਈ ਤਬਦੀਲੀ ਨੂੰ ਖਿੜੇ ਮੱਥੇ ਸਵੀਕਾਰ ਕਰ ਲੈਂਦੇ ਹਨ। ਉਹ ਪਹਿਲੀ ਜਾਣਕਾਰੀ ਦੇਣ ਵਾਲੇ ਦਾ ਵੀ ਸਤਿਕਾਰ ਕਰਦੇ ਹਨ ਅਤੇ ਨਵੀਂ ਜਾਣਕਾਰੀ ਜਾਂ ਪੁਰਾਣੀ ਜਾਣਕਾਰੀ ਨੂੰ ਠੀਕ ਕਰਨ ਵਾਲੇ ਦਾ ਵੀ ਸਤਿਕਾਰ ਕਰਦੇ ਹਨ।

ਇਸੇ ਤਰ੍ਹਾਂ ਆਮ ਬੱਚਾ ਜਿਵੇਂ ਜਿਵੇਂ ਵੱਡਾ ਹੋਈ ਜਾਂਦਾ ਹੈ ਉਹ ਕੁੱਝ ਨਵਾਂ ਪੜ੍ਹਦਾ ਹੈ, ਨਵਾਂ ਸਿੱਖਦਾ ਹੈ, ਨਵੇਂ ਲੋਕਾਂ ਨੂੰ ਮਿਲਦਾ ਹੈ, ਆਪਣੇ ਤਜਰਬੇ ਕਰਦਾ ਹੈ, ਉਸ ਨੂੰ ਵੱਖ ਵੱਖ ਤਜਰਬੇ ਵਾਲੇ ਲੋਕ ਮਿਲਦੇ ਹਨ, ਨਾਲ ਕਿੱਤਾ ਕਰਨ ਵਾਲੇ ਕਾਮੇ ਮਿਲਦੇ ਹਨ। ਬਾਅਦ ਵਿੱਚ ਵਿਆਹ ਕਰਵਾਉਂਦਾ ਹੈ, ਉਸ ਦੇ ਬੱਚੇ ਹੁੰਦੇ ਹਨ, ਕਈ ਕਾਮਯਾਬੀਆਂ ਹੁੰਦੀਆਂ ਹਨ ਅਤੇ ਕਈ ਵਾਰ ਫੇਲ੍ਹ ਹੋਈ ਜਾਂਦਾ ਹੈ। ਇਸ ਸਭ ਕੁੱਝ ਦਾ ਉਸ ਉੱਪਰ ਪ੍ਰਭਾਵ ਪੈਂਦਾ ਹੈ ਜਿਸ ਨਾਲ ਉਸ ਦੇ ਵਿਚਾਰ ਬਦਲਦੇ ਰਹਿੰਦੇ ਹਨ। ਜੋ ਉਹ 16 ਸਾਲ ਦੀ ਉਮਰ ਵਿੱਚ ਸੋਚਦਾ ਹੈ ਉਹ 30 ਸਾਲ ਦੀ ਉਮਰ ਵਿੱਚ ਉਸ ਤੋਂ ਵੱਖਰਾ ਸੋਚਦਾ ਹੈ ਤੇ ਹੋਰ ਵਧਦੀ ਉਮਰ ਨਾਲ ਉਹ ਫਿਰ ਬਦਲ ਜਾਂਦਾ ਹੈ।

ਇਸ ਦੇ ਉਲਟ ਧਾਰਮਿਕ ਜਾਣਕਾਰੀ ਨਹੀਂ ਬਦਲਦੀ। ਇਸ ਕਰਕੇ ਧਾਰਮਿਕ ਲੋਕ ਉਸੇ ਜਾਣਕਾਰੀ ਨੂੰ ਹਮੇਸ਼ਾਂ ਸੱਚ ਮੰਨਦੇ ਹਨ ਅਤੇ ਹਜ਼ਾਰਾਂ ਸਾਲਾਂ ਬਾਦ ਵੀ ਧਾਰਮਿਕ ਲੋਕ ਉਸੇ ਜਾਣਕਾਰੀ ਨੂੰ ਸੱਚ ਮੰਨਣਗੇ। ਉਸ ਵਿੱਚ ਬਦਲਾਓ ਕਰਨ ਦੀ ਕਿਸੇ ਨੂੰ ਇਜ਼ਾਜਤ ਵੀ ਨਹੀਂ ਹੁੰਦੀ। ਧਰਮ ਵਿਅਕਤੀ ਦੀ ਸੋਚ ਨੂੰ ਉੱਥੇ ਹੀ ਖੜ੍ਹੀ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਜਿਸ ਧਰਮ ਵਿੱਚ ਬੱਚਾ ਪੈਦਾ ਹੁੰਦਾ ਹੈ, ਉਹ ਉਸੇ ਨੂੰ ਮਹਾਨ ਮੰਨਣ ਲੱਗ ਪੈਂਦਾ ਹੈ ਕਿਉਂਕਿ ਪਰਿਵਾਰ ਵਲੋਂ ਉਸ ਨੂੰ ਇਹ ਹੀ ਸਿਖਾਇਆ ਜਾਂਦਾ ਹੈ। ਕਈ ਮੁਲਕਾਂ ਵਿੱਚ ਕਨੂੰਨ ਵੀ ਬਣਾਏ ਜਾਂਦੇ ਹਨ ਤਾਂ ਕਿ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਨਾ ਪਹੁੰਚੇ। ਭਾਵੇਂ ਕਿ ਭਾਵਨਾਵਾਂ ਤਾਂ ਗ਼ੈਰ ਧਾਰਮਿਕ ਲੋਕਾਂ ਦੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਦੀ ਆਮ ਤੌਰ ਤੇ ਪ੍ਰਵਾਹ ਨਹੀਂ ਕੀਤੀ ਜਾਂਦੀ।

ਧਾਰਮਿਕ ਮੁਲਕਾਂ ਦੇ ਕਾਫੀ ਲੋਕ ਆਰਥਿਕ ਪੱਖੋਂ ਕਮਜ਼ੋਰ ਰਹਿ ਜਾਂਦੇ ਹਨ ਕਿਉਂਕਿ ਉਹ ਆਰਥਿਕਤਾ ਸੁਧਾਰਨ ਬਾਰੇ ਘੱਟ ਪੜ੍ਹਦੇ ਹਨ ਪਰ ਧਰਮ ਬਾਰੇ ਜਿਆਦਾ ਪੜ੍ਹਦੇ ਹਨ। ਇਕੱਲਾ ਧਰਮ ਬਾਰੇ ਪੜ੍ਹਦੇ ਹੀ ਨਹੀਂ ਬਲਕਿ ਧਰਮ ਦੀ ਇੱਕੋ ਗੱਲ ਨੂੰ ਵਾਰ ਵਾਰ ਪੜ੍ਹਦੇ ਅਤੇ ਵਾਰ ਵਾਰ ਦੁਹਰਾਉਂਦੇ ਹਨ। ਉਨ੍ਹਾਂ ਵਿੱਚੋਂ ਜਿਆਦਾ ਲੋਕ ਆਪਣੇ ਹੀ ਧਰਮ ਬਾਰੇ ਪੜ੍ਹਦੇ ਹਨ ਪਰ ਦੂਜੇ ਦੇ ਧਰਮ ਬਾਰੇ ਨਹੀਂ। ਆਪਣੇ ਹੀ ਧਰਮ ਬਾਰੇ ਪੜ੍ਹਨ ਦੇ ਬਾਵਜੂਦ ਉਹ ਧਰਮ ਦਾ ਕਿਹਾ ਵੀ ਨਹੀਂ ਮੰਨਦੇ ਭਾਵ ਉਹ ਧਰਮ ਦੇ ਕਹੇ ਅਨੁਸਾਰ ਵੀ ਨਹੀਂ ਚੱਲਦੇ। ਕਿਸੇ ਪੜ੍ਹੀ ਲਿਖਤ ਨੂੰ ਜੇਕਰ ਆਪਣੀ ਜਿੰਦਗੀ ਵਿੱਚ ਨਾ ਅਪਣਾਇਆ (ਲਾਗੂ ਕੀਤਾ) ਜਾਵੇ ਤਾਂ ਉਸ ਦੇ ਪੜ੍ਹੇ ਹੋਣ ਦਾ ਕੋਈ ਲਾਭ ਨਹੀਂ ਹੁੰਦਾ ਭਾਵੇਂ ਉਸ ਨੂੰ ਜਿੰਨੀ ਵਾਰ ਮਰਜ਼ੀ ਪੜ੍ਹੋ।

ਇਨਸਾਨ ਨੂੰ ਸੰਸਾਰ ਦੇ ਹਾਣ ਦਾ ਹੋਣ ਲਈ ਹਮੇਸ਼ਾਂ ਨਵੀਆਂ ਖੋਜਾਂ ਕਰਨੀਆਂ ਚਾਹੀਦੀਆਂ ਹਨ, ਨਵੇਂ ਲੋਕਾਂ ਨੂੰ ਮਿਲਣਾ ਚਾਹੀਦਾ ਹੈ, ਵੱਖ ਵੱਖ ਕਿੱਤਿਆਂ ਵਿੱਚ ਮੁਹਾਰਤ ਹਾਸਲ ਕਰਨੀ ਚਾਹੀਦੀ ਹੈ ਅਤੇ ਕਦੇ ਵੀ ਕਿਸੇ ਗੱਲ ਨੂੰ ਆਖਰੀ ਸੱਚ ਨਹੀਂ ਮੰਨਣਾ ਚਾਹੀਦਾ। ਗੋਰਿਆਂ ਦੇ ਮੁਲਕਾਂ ਵਿੱਚ ਆ ਕੇ ਪਤਾ ਲਗਦਾ ਹੈ ਕਿ ਇਹ ਕਦੇ ਵੀ ਆਪਣੇ ਆਪ ਨੂੰ ਜਾਂ ਆਪਣੇ ਧਰਮ ਨੂੰ ਜਾਂ ਆਪਣੀ ਜਾਤ ਨੂੰ ਮਹਾਨ ਨਹੀਂ ਕਹਿੰਦੇ ਜਦ ਕਿ ਭਾਰਤ ਵਿੱਚ ਸਾਰੇ ਧਰਮਾਂ ਦਾ ਜ਼ੋਰ ਆਪਣੇ ਧਰਮ ਨੂੰ ਮਹਾਨ ਸਾਬਤ ਕਰਨ ਤੇ ਹੀ ਲੱਗਾ ਰਹਿੰਦਾ ਹੈ। ਮਹਾਨਤਾ ਨੂੰ ਕਦੇ ਸਾਬਤ ਕਰਨ ਦੀ ਲੋੜ ਨਹੀਂ ਹੁੰਦੀ। ਮਹਾਨਤਾ ਤਾਂ ਆਪਣੇ ਆਪ ਦਿਖਾਈ ਦੇਣ ਲੱਗ ਪੈਂਦੀ ਹੈ।

ਇਸ ਕਰਕੇ ਜਿਵੇਂ ਜਿਵੇਂ ਤੁਹਾਡੇ ਕੋਲ ਨਵਾਂ ਗਿਆਨ ਜਾਂ ਨਵੀਂ ਜਾਣਕਾਰੀ ਆਈ ਜਾਂਦੀ ਹੈ ਤਾਂ ਉਸ ਅਨੁਸਾਰ ਆਪਣੇ ਆਪ ਨੂੰ ਬਦਲਦੇ ਰਹਿਣਾ ਚਾਹੀਦਾ ਹੈ ਤਾਂ ਕਿ ਅਸੀਂ ਦੁਨੀਆਂ ਦੇ ਹਾਣਦੇ ਬਣ ਸਕੀਏ ਅਤੇ ਇਸ ਧਰਤੀ ਨੂੰ ਸਵਰਗ ਬਣਾ ਸਕੀਏ ।

**-ਅਵਤਾਰ ਤਰਕਸ਼ੀਲ, ਨਿਊਜ਼ੀਲੈਂਡ**
ਜੱਦੀ ਪਿੰਡ ਖੁਰਦਪੁਰ (ਜਲੰਧਰ)
006421392147

# ਭੁੱਖੇ ਢਿੱਡ ਭਗਤੀ-ਕਿੰਨੀ ਕੁ ਦੇਰ



- ਜਸਵੰਤ ਮੋਹਾਲੀ

ਲੋਕਾਂ ਦੀਆਂ ਸਮੱਸਿਆਵਾਂ ਦਾ ਕੋਈ ਪਾਰਾਵਾਰ ਨਹੀਂ। ਸਰਮਾਏ ਦੇ ਅੰਬਾਰ ਤੇ ਕੰਗਾਲੀ ਦੀ ਖਾਈ ਪੈਦਾ ਕਰਨ ਵਾਲੇ ਪ੍ਰਬੰਧ ਵਿਚ ਇਹ ਅੰਤਰ-ਨਿਹਿਤ ਹਨ। ਇਸ ਹਾਲਤ ਵਿੱਚ ਰਾਜ ਕਰਦੀ ਪਾਰਟੀ ਨੂੰ ਜਦੋਂ ਵੋਟਾਂ ਦਾ ਫਿਕਰ ਪੈਂਦਾ ਹੈ ਤਾਂ ਉਹ ਸਿਹਤ, ਸਿੱਖਿਆ ਤੇ ਖ਼ਾਲੀ ਢਿੱਡ ਵੱਲ ਧਿਆਨ ਦੇਣ ਦੀ ਬਜਾਏ ਲੋਕਾਂ ਦੇ ਦਿਲ ਦਿਮਾਗ ਨਾਲ ਖੇਡਦੀ ਹੈ ਤੇ ਇਸ ਲਈ ਸਭ ਤੋਂ ਵਧੀਆ ਹਥਿਆਰ ਧਰਮ ਸਾਬਤ ਹੋ ਰਿਹਾ ਹੈ। ਕਮਾਲ ਦੀ ਗੱਲ ਤਾਂ ਇਹ ਹੈ ਕਿ ਜੋ ਕੁੱਝ ਵੀ ਹਿੰਦੂਆਂ ਨੂੰ ਆਪਣੀ 'ਹਿੰਦੂਤਵੀ ਸਵੈਮਾਨ' ਦੀ ਰੱਖਿਆ ਲਈ ਕਰਨ ਲਈ ਕਿਹਾ ਜਾ ਰਿਹਾ ਹੈ ਖੁਦ ਭਾਜਪਾ ਤੇ ਆਰਐਸਐਸ ਦੇ ਆਗੂ ਆਪ ਉਹ ਕੁੱਝ ਵੀ ਨਹੀਂ ਕਰਦੇ ਜਾਂ ਉਸ ਤੋਂ ਉਲਟ ਵਿਹਾਰ ਕਰਦੇ ਹਨ।

ਮਿਸਾਲ ਦੇ ਤੌਰ ਤੇ ਇਹ ਦਿਨ ਰਾਤ ਲਵ ਜਿਹਾਦ ਦੇ ਨਾਮ 'ਤੇ ਹਿੰਦੂ-ਮੁਸਲਿਮ ਅੰਤਰਜਾਤੀ ਵਿਆਹ ਖਿਲਾਫ ਦੁਹਾਈ ਦਿੰਦੇ ਹਨ। ਪਰ ਤੱਥ ਕੀ ਬੋਲਦੇ ਹਨ? ਭਾਜਪਾ ਦੇ ਕੇਂਦਰੀ ਮੰਤਰੀ ਰਹੇ ਸ਼ਾਹਨਵਾਜ਼ ਹੁਸੈਨ ਨੇ ਰੇਨੂੰ ਸ਼ਰਮਾ ਨਾਲ ਵਿਆਹ ਕਰਾਇਆ। ਭਾਜਪਾ ਦੇ ਰਾਜਸਭਾ ਮੈਂਬਰ ਰਹੇ ਸੁਬਰਾਮਨੀਅਮ ਸਵਾਮੀ ਦੀ ਬੇਟੀ ਸੁਹਾਸਿਨੀ ਨੇ ਨਦੀਮ ਹੈਦਰ ਨਾਲ ਅਤੇ ਜਿਵੇਂ ਇਹ ਉਨ੍ਹਾਂ ਦਾ ਨਿੱਜੀ ਮਾਮਲਾ ਹੈ ਉਸੇ ਤਰ੍ਹਾਂ ਬਾਕੀ ਸਮਾਜ ਦਾ ਵੀ ਇਹ ਨਿੱਜੀ ਮਾਮਲਾ ਹੈ। ਇਸੇ ਤਰ੍ਹਾਂ ਕਰੋਨਾ ਦੇ ਸਮੇਂ ਵਪਾਰੀ ਰਾਮਦੇਵ ਕੇਂਦਰੀ ਸਿਹਤ ਮੰਤਰੀ ਨੂੰ ਨਾਲ ਲੈ ਕੇ ਮੀਡੀਆ ਵਿੱਚ ਆਪਣੀ ਦਵਾਈ ਜਿਸਦੇ ਕੋਈ ਲੈਬ ਟਰਾਇਲ ਨਹੀਂ ਹੋਏ ਸਨ, ਦਾ ਪ੍ਰਚਾਰ ਕਰਦਾ ਹੈ। ਵੈਕਸੀਨੇਸ਼ਨ ਅਤੇ ਆਧੁਨਿਕ ਮੈਡੀਕਲ ਸਾਇੰਸ ਦੇ ਇਲਾਜ ਨੂੰ ਭੰਡਦਾ ਵੀ ਹੈ ਜਿਸ ਲਈ ਉਸਨੂੰ ਬਾਦ ਵਿੱਚ ਅਖਬਾਰਾਂ ਵਿੱਚ ਮਾਫੀ ਵੀ ਮੰਗਣੀ ਪਈ। ਹੋਇਆ ਇਹ ਕਿ ਉਹਨਾਂ ਤਰਾਸਦੀ ਭਰੇ ਸਮਿਆਂ ਵਿੱਚ ਆਮ ਬੰਦਾ ਜਿਨ੍ਹਾਂ ਵਿੱਚ ਬਹੁਗਿਣਤੀ ਹਿੰਦੂ ਹੀ ਸਨ, ਆਕਸੀਜਨ ਨੂੰ ਤਰਸਦਾ ਸੜਕਾਂ ਤੇ ਮਰ ਰਿਹਾ ਸੀ। ਪਰ ਅਮਿਤ ਸ਼ਾਹ ਵਰਗਾ ਆਗੂ ਰਾਮਦੇਵ ਦੀ ਕਰੋਨਿਲ 'ਤੇ ਭਰੋਸਾ ਨਹੀਂ ਕਰਦਾ ਸਗੋਂ ਮੇਦਾਂਤਾ ਵਰਗੇ ਨਿੱਜੀ ਹਸਪਤਾਲ ਵਿੱਚ ਇਲਾਜ ਕਰਵਾਉਂਦਾ ਹੈ।

ਇਸੇ ਤਰ੍ਹਾਂ ਜਦੋਂ ਕਾਂਵੜ ਯਾਤਰਾ ਨਿੱਕਲਦੀ ਹੈ ਤਾਂ ਕਾਂਵੜ ਦਾ ਭਾਰ ਨੌਜਵਾਨ ਹੀ ਉਠਾ ਸਕਦੇ ਹਨ, ਲੰਮੀ ਦੂਰੀ ਪੈਦਲ ਵੀ ਨੌਜਵਾਨ ਹੀ ਤੈਅ ਕਰ ਸਕਦੇ ਹਨ। ਐਨੇ ਦਿਨ ਛੁੱਟੀ ਕਰਨਾ ਕਿਸੇ ਕੰਮ ਕਾਰ ਵਾਲੇ ਬੰਦੇ ਲਈ ਸੰਭਵ ਨਹੀਂ। ਸਗੋਂ ਅਜਿਹਾ ਕੰਮ ਸਿਰਫ ਵਿਹਲੇ ਨੌਜਵਾਨ ਹੀ ਕਰ ਸਕਦੇ ਹਨ। ਉਹਨਾਂ ਨੂੰ ਰੁਜ਼ਗਾਰ ਦੇਣ ਦੀ ਥਾਂ ਇਸੇ ਕੰਮ ਲਾਈ ਰੱਖਣ ਲਈ ਤੇ ਆਪਣਾ ਵੋਟ ਬੈਂਕ ਪੱਕਾ ਕਰਨ ਲਈ ਕਾਂਵੜੀਆਂ ਨੂੰ ਵਡਿਆਉਣ ਵਾਸਤੇ ਫੁੱਲਾਂ ਦੀ ਵਰਖਾ ਕੀਤੀ ਜਾਂਦੀ ਹੈ। ਜਦਕਿ ਇਹਨਾਂ ਵਿੱਚ ਵੱਡੇ ਆਗੂਆਂ ਦੇ ਬੱਚੇ ਸ਼ਾਮਿਲ ਨਹੀਂ ਹੁੰਦੇ।

ਆਮ ਹਿੰਦੂਆਂ ਨੂੰ ਉਪਦੇਸ਼ ਦੇਣੇ ਤੇ ਆਗੂਆਂ ਵੱਲੋਂ ਆਪ ਅਮਲ ਨਾ ਕਰਨ ਦੀ ਇਸ ਕੜੀ ਦਾ ਇੱਕ ਹਿੱਸਾ ਗਊ ਮੂਤਰ ਦੇ ਸੇਵਨ ਤੇ ਗਊ ਗੋਬਰ ਦੀ ਵਰਤੋਂ ਦਾ ਵੀ ਹੈ। ਦਿੱਲੀ ਯੂਨੀਵਰਸਿਟੀ ਦੇ ਲਕਸ਼ਮੀ ਬਾਈ ਕਾਲਜ ਦੀ ਪ੍ਰਿੰਸੀਪਲ ਦੀ ਵੀਡੀਓ ਵਾਇਰਲ ਹੋਈ ਜਿਸ ਵਿੱਚ ਉਸਨੇ ਵਿਦਿਆਰਥੀਆਂ ਦੇ ਕਮਰਿਆਂ ਵਿੱਚ ਗਊ ਦੇ ਗੋਹੇ ਦਾ ਲੇਪ ਪੱਕੀਆਂ ਕੰਧਾਂ ਉੱਪਰ ਇਹ ਕਹਿ ਕੇ ਕੀਤਾ ਕਿ ਇਸ ਨਾਲ ਕਮਰੇ ਠੰਡੇ ਰਹਿੰਦੇ ਹਨ। ਅਗਲੇ ਹੀ ਦਿਨਾਂ ਵਿੱਚ ਇੱਕ ਹੋਰ ਵੀਡੀਓ ਸਾਹਮਣੇ ਆਈ ਜਿਸ ਵਿੱਚ ਕੁੱਝ ਵਿਦਿਆਰਥੀਆਂ ਨੇ ਗੋਹੇ ਦਾ ਲੇਪ ਪ੍ਰਿੰਸੀਪਲ ਦੇ ਦਫਤਰ ਵਿੱਚ ਕਰ ਦਿੱਤਾ ਤਾਂਕਿ ਪ੍ਰਿੰਸੀਪਲ ਦੇ ਕਮਰੇ ਨੂੰ ਵੀ ਠੰਡਾ ਕੀਤਾ ਜਾਵੇ। ਉਨਾਂ ਇਹ ਵੀ ਕਿਹਾ ਕਿ ਪ੍ਰਿੰਸੀਪਲ ਨੂੰ ਗਊ ਦੇ ਗੋਹੇ ਦਾ ਇਹ ਲੇਪ ਪਹਿਲਾਂ ਆਪਣੇ ਘਰ ਤੋਂ ਸ਼ੁਰੂ ਕਰਨਾ ਚਾਹੀਦਾ ਸੀ।

ਧਰਮ ਦੇ ਨਾਂ 'ਤੇ ਨਫਰਤ ਦਾ ਸ਼ਿਕਾਰ ਆਮ ਘਰਾਂ ਦੇ ਬੱਚੇ ਬਣਦੇ ਹਨ ਜਦਕਿ ਆਗੂਆਂ ਦੇ ਬੱਚੇ ਚੰਗੀ ਸਿੱਖਿਆ ਤੇ ਚੰਗੇ ਅਹੁਦੇ ਮਾਣਦੇ ਹਨ। ਇਸ ਸਾਰੇ ਵਰਤਾਰੇ ਦੇ ਕਾਰਣ ਬਿਲਕੁਲ ਸਪਸ਼ਟ ਹਨ ਕਿ ਜੇ ਦੇਸ਼ ਵਿੱਚ 85% ਆਬਾਦੀ ਹਿੰਦੂ ਹੈ ਤਾਂ 100 ਭਾਰਤੀ ਬੇਰੁਜ਼ਗਾਰਾਂ ਵਿੱਚੋਂ 85 ਬੇਰੋਜਗਾਰ ਹਿੰਦੂ ਹੋਣਗੇ, ਇਲਾਜ ਲਈ ਦਰ-ਦਰ ਭਟਕਦੇ 100 ਗਰੀਬ ਭਾਰਤੀਆਂ ਵਿਚੋਂ 85 ਹਿੰਦੂ ਹੋਣਗੇ ਤੇ ਜੇ ਸੌ ਭਾਰਤੀਆਂ ਤੇ ਮਹਿੰਗਾਈ ਦੀ ਮਾਰ ਪਵੇਗੀ ਤਾਂ ਉਹਨਾਂ ਵਿੱਚੋਂ 85 ਹਿੰਦੂਆਂ 'ਤੇ ਪਵੇਗੀ। ਇਸ ਤੋਂ ਪਹਿਲਾਂ ਕਿ ਹਿੰਦੂ ਬਹੁ ਗਿਣਤੀ ਨੂੰ ਇਹ ਗੱਲ ਸਮਝ ਆ ਜਾਵੇ, ਉਹਨਾਂ ਨੂੰ ਲਵ ਜਿਹਾਦ, ਮੰਦਰ ਮਸਜਿਦ, ਔਰੰਗਜ਼ੇਬ ਤੇ ਗੋਬਰ ਬਾਰੇ ਪ੍ਰਈਮ ਟਾਈਮ ਦੀ ਗਲਾ ਫਾੜ ਫਾੜ ਕੀਤੀ ਜਾਂਦੀ ਬਹਿਸ ਦਾ ਦਰਸ਼ਕ ਬਣਾ ਦਿੱਤਾ ਜਾਵੇ। ਆਖਰ ਇਹ ਕਿੰਨੀ ਕੁ ਦੇਰ ਚੱਲੇਗਾ? ਭੁੱਖੇ ਢਿੱਡ ਤਾਂ ਭਗਤੀ ਦੀ ਮਾਲਾ ਵੀ ਨਹੀਂ ਫੇਰੀ ਜਾ ਸਕਣੀ।

ਪਾਠਕਾਂ ਨੂੰ ਅਪੀਲ

# ਤੁਸੀਂ ਵੀ ਆਪਣੇ ਵਿਚਾਰ ਸਾਂਝੇ ਕਰੋ

ਕੋਈ ਵੀ ਮੈਗਜ਼ੀਨ ਲੇਖਕਾਂ ਅਤੇ ਪਾਠਕਾਂ ਵਿਚਕਾਰ ਸੰਵਾਦ ਦਾ ਮੰਚ ਹੁੰਦਾ ਹੈ। ਜੇ ਮੈਗਜ਼ੀਨ ਵਿਚਲੀਆਂ ਲਿਖਤਾਂ ਬਾਰੇ ਪਾਠਕਾਂ ਵੱਲੋਂ ਆਪਣੇ ਪ੍ਰਤੀਕਰਮ ਨਹੀਂ ਦਿੱਤੇ ਜਾਂਦੇ ਤਾਂ ਮੈਗਜ਼ੀਨ ਕੇਵਲ ਲੇਖਕਾਂ/ਸੰਪਾਦਕਾਂ ਦੇ ਵਿਚਾਰ ਪ੍ਰਗਟਾਵੇ ਦਾ ਸਾਧਨ ਬਣ ਕੇ ਰਹਿ ਜਾਵੇਗਾ, ਉਹ ਪਾਠਕਾਂ ਦੀਆਂ ਲੋੜਾਂ ਅਤੇ ਉਨ੍ਹਾਂ ਦੀਆਂ ਪੜ੍ਹਨ ਰੁਚੀਆਂ ਉੱਤੇ ਖਰਾ ਨਹੀਂ ਉਤਰੇਗਾ। ਸੋ ਕਿਸੇ ਮੈਗਜ਼ੀਨ ਨੂੰ ਵਧੀਆ ਬਣਾਉਣ ਵਿੱਚ ਜਿੱਥੇ ਲੇਖਕਾਂ ਅਤੇ ਸੰਪਾਦਕਾਂ ਦੀ ਮਿਹਨਤ ਜਰੂਰੀ ਹੁੰਦੀ ਹੈ ਉਥੇ ਪਾਠਕਾਂ ਦੇ ਹੁੰਗਾਰੇ ਦਾ ਵੀ ਬਹੁਤ ਵੱਡਾ ਰੋਲ ਹੁੰਦਾ ਹੈ।

ਤਰਕਸ਼ੀਲ ਜਦ ਸ਼ੁਰੂ ਹੋਇਆ ਤਾਂ ਉਸ ਸਮੇਂ ਵਿਚਾਰਾਂ ਦੇ ਆਦਾਨ-ਪ੍ਰਦਾਨ ਲਈ ਚਿੱਠੀਆਂ ਹੀ ਮੁੱਖ ਸਾਧਨ ਸਨ। ਮੈਗਜ਼ੀਨ ਨੂੰ ਹਰ ਮਹੀਨੇ ਸੈਂਕੜੇ ਚਿੱਠੀਆਂ ਆਉਂਦੀਆਂ ਜਿਨ੍ਹਾਂ ਵਿੱਚ ਮੈਗਜ਼ੀਨ ਦੇ ਮੈਟਰ ਪ੍ਰਤੀ ਆਪਣੇ ਵਿਚਾਰ ਦੇਣ ਤੋਂ ਇਲਾਵਾ ਆਪਣੇ ਸ਼ੰਕੇ ਸਾਂਝੇ ਕੀਤੇ ਜਾਂਦੇ, ਆਪਣੇ ਇਲਾਕੇ ਵਿੱਚ ਵਾਪਰੀ ਕਿਸੇ ਘਟਨਾ ਦੀ ਵਿਆਖਿਆ ਮੰਗੀ ਜਾਂਦੀ ਜਾਂ ਇਲਾਕੇ ਵਿੱਚ ਤਰਕਸ਼ੀਲ ਸਾਥੀਆਂ ਦੇ ਸੰਪਰਕ ਪੁੱਛੇ ਜਾਂਦੇ। ਸੰਪਾਦਕ ਵੱਲੋਂ ਇਨ੍ਹਾਂ ਦੇ ਜਵਾਬ ਮੈਗਜ਼ੀਨ ਵਿੱਚ ਦੇਣ ਤੋਂ ਇਲਾਵਾ ਨਿੱਜੀ ਖਤਾਂ ਰਾਹੀਂ ਵੀ ਦਿੱਤੇ ਜਾਂਦੇ। ਮੈਗਜ਼ੀਨ ਅਤੇ ਪਾਠਕਾਂ ਦਾ ਆਪਸੀ ਲਗਾਅ ਐਨਾ ਸੀ ਕਿ ਸੰਪਾਦਕੀ ਬੋਰਡ ਵੱਲੋਂ ਪਾਠਕਾਂ ਦੀਆਂ ਚਿੱਠੀਆਂ ਨੂੰ ਫਾਈਲਾਂ ਵਿੱਚ ਸੰਭਾਲ ਕੇ ਰੱਖਣਾ ਤਾਂ ਸੁਭਾਵਿਕ ਹੀ ਸੀ, ਬਹੁਤ ਸਾਰੇ ਪਾਠਕਾਂ ਵੱਲੋਂ ਵੀ ਉਨ੍ਹਾਂ ਨੂੰ ਸੰਪਾਦਕ ਵੱਲੋਂ ਲਿਖੀਆਂ ਚਿੱਠੀਆਂ ਨੂੰ ਸਾਂਭ ਕੇ ਰੱਖਿਆ ਜਾਂਦਾ ਸੀ। ਸਿਰਸਾ ਵਿਖੇ ਰਹਿ ਰਹੇ ਤਰਕਸ਼ੀਲ ਦੇ ਇੱਕ ਪੁਰਾਣੇ ਪਾਠਕ ਡਾ. ਬਲਬੀਰ ਸਿੰਘ ਨੇ, 1989 ਵਿੱਚ ਸੰਪਾਦਕ ਵਜੋਂ ਮੇਰੇ ਵੱਲੋਂ ਉਨ੍ਹਾਂ ਨੂੰ ਜੋ ਖ਼ਤ ਲਿਖੇ ਗਏ ਸਨ, ਉਹ ਦੋਵੇਂ ਖ਼ਤ ਉਨ੍ਹਾਂ ਨੇ ਸਾਂਭ ਕੇ ਰੱਖੇ ਹੋਏ ਸਨ। ਉਹ ਖ਼ਤ, 35 ਸਾਲ ਬਾਅਦ, ਉਨ੍ਹਾਂ ਨੇ ਇਸ 22 ਮਾਰਚ ਨੂੰ ਕਾਲਾਂਵਾਲੀ ਇਕਾਈ ਵੱਲੋਂ ਕਰਵਾਏ ਗਏ ਤਰਕਸ਼ੀਲ ਨਾਟਕ ਮੇਲੇ ਦੌਰਾਨ ਮੈਨੂੰ ਦਿਖਾਏ।

ਖੈਰ, ਹੁਣ ਚਿੱਠੀਆਂ ਦਾ ਜ਼ਮਾਨਾ ਨਹੀਂ ਰਿਹਾ। ਡਾਕਖਾਨੇ ਜਾ ਕੇ ਪਹਿਲਾਂ ਪੋਸਟ-ਕਾਰਡ ਜਾਂ ਲਿਫਾਫਾ ਖਰੀਦਣਾ, ਫਿਰ ਉਸ ਉੱਤੇ ਲਿਖਣਾ ਅਤੇ ਫਿਰ ਲੈਟਰ-ਬਾਕਸ ਵਿੱਚ ਚਿੱਠੀ ਪਾ ਕੇ ਆਉਣੀ, ਅੱਜ ਦੇ ਸਮੇਂ ਵਿੱਚ ਵੱਡਾ ਝੰਜਟ ਲਗਦੀ ਹੈ। ਪਰ ਹੁਣ ਤਾਂ ਇਹ ਸਾਰਾ ਕੁਝ ਕਰਨ ਦੀ ਕੋਈ ਲੋੜ ਵੀ ਨਹੀਂ ਹੈ। ਹੁਣ ਤਾਂ ਮੈਗਜ਼ੀਨ ਨੂੰ ਪ੍ਰਤੀਕਰਮ ਭੇਜਣਾ ਬਹੁਤ ਹੀ ਆਸਾਨ ਹੈ। ਮੈਗਜ਼ੀਨ ਪੜ੍ਹਦੇ ਸਮੇਂ ਅਕਸਰ ਮੋਬਾਈਲ ਫ਼ੋਨ ਤੁਹਾਡੇ ਕੋਲ ਹੀ ਹੁੰਦਾ ਹੋਵੇਗਾ। ਪੜ੍ਹਦੇ ਵਕਤ ਮੈਗਜ਼ੀਨ ਬਾਰੇ ਜੋ ਵੀ ਵਿਚਾਰ ਤੁਹਾਡੇ ਮਨ ਵਿੱਚ ਆਉਣ ਉਹ ਤੁਸੀਂ 95018-83486 ਨੰਬਰ 'ਤੇ ਵਟਸਐਪ ਕਰ ਦਿਉ। ਜੇ ਫ਼ੋਨ ਉੱਤੇ ਟਾਈਪ ਕਰਨਾ ਔਖਾ ਲੱਗੇ ਤਾਂ ਆਪਣੇ ਵਿਚਾਰ ਬੋਲ ਕੇ ਭੇਜ ਦਿਉ। ਤੁਹਾਡਾ ਲਿਖਿਆ ਜਾਂ ਬੋਲਿਆ ਹਰ ਸ਼ਬਦ ਇਸ ਮੈਗਜ਼ੀਨ ਨੂੰ ਬਿਹਤਰ ਬਣਾਉਣ ਵਿੱਚ ਸਹਾਈ ਹੋਵੇਗਾ। ਸੋ ਜੇ ਤੁਸੀਂ ਚਾਹੁੰਦੇ ਹੋ ਕਿ 'ਤਰਕਸ਼ੀਲ' ਵਿੱਚ ਤੁਹਾਡੀਆਂ ਇਛਾਵਾਂ ਦੇ ਅਨੁਸਾਰੀ ਮੈਟਰ ਹੋਵੇ ਤਾਂ ਆਪਣੇ ਵਿਚਾਰ ਭੇਜਣ ਵਿੱਚ ਘੌਲ ਨਹੀਂ ਕਰਨੀ।

ਵਟਸਐਪ ਤੋਂ ਇਲਾਵਾ ਤੁਸੀਂ ਈ-ਮੇਲ editortarksheel@gmail.com 'ਤੇ ਮੇਲ ਵੀ ਕਰ ਸਕਦੇ ਹੋ। ਜੇ ਖ਼ਤ ਪਾਉਣਾ ਚਾਹੋ ਤਾਂ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਮੁੱਖ ਦਫ਼ਤਰ ਦਾ ਪਤਾ ਮੈਗਜ਼ੀਨ ਵਿੱਚ ਛਪਿਆ ਹੀ ਹੋਇਆ ਹੈ।

## ਪਾਠਕਾਂ ਨਾਲ ਚਰਚਾ ਲਈ ਇੱਕ ਸਵਾਲ

ਅੱਜ ਕੱਲ੍ਹ ਕਣਕ ਦੀ ਫਸਲ ਸਾਂਭੀ ਜਾ ਰਹੀ ਹੈ। ਆਮ ਕਰਕੇ ਕਣਕ ਦੀ ਫਸਲ ਬੀਜਣ ਅਤੇ ਵੱਡੀ ਹੋਣ ਦੌਰਾਨ ਕਿਸਾਨਾਂ ਵੱਲੋਂ ਜ਼ਮੀਨ ਵਿੱਚ ਰਸਾਇਣਕ ਖਾਦਾਂ ਪਾਈਆਂ ਜਾਂਦੀਆਂ ਹਨ। ਕੁਝ ਲੋਕਾਂ ਅਨੁਸਾਰ ਰਸਾਇਣਕ ਖਾਦਾਂ ਤੋਂ ਬਗੈਰ ਤਿਆਰ ਕੀਤੀ ਕਣਕ ਬਹੁਤ ਗੁਣਕਾਰੀ ਹੁੰਦੀ ਹੈ। ਉਹ ਇਸ ਲਈ ਮਹਿੰਗਾ ਮੁੱਲ ਵੀ ਦਿੰਦੇ ਹਨ। ਇਸ ਵਿਚਾਰ ਦਾ ਵਿਗਿਆਨਕ ਆਧਾਰ ਕੀ ਹੈ ? ਰਸਾਇਣਕ ਖਾਦ ਪਾਉਣ ਨਾਲ ਕਣਕ ਦੇ ਦਾਣਿਆਂ ਉੱਤੇ ਕਿਸ ਤਰ੍ਹਾਂ ਦੇ ਅਸਰ ਪੈਂਦੇ ਹਨ ਜੋ ਮਨੁੱਖ ਸਿਹਤ ਲਈ ਨੁਕਸਾਨਦੇਹ ਹਨ ? ਕੀ ਖਾਦਾਂ ਤੋਂ ਬਗੈਰ ਤਿਆਰ ਕੀਤਾ ਅਨਾਜ ਪੌਸ਼ਟਿਕ ਪੱਖ ਤੋਂ ਜਿਆਦਾ ਵਧੀਆ ਹੁੰਦਾ ਹੈ ?

ਵਿਚਾਰ ਭੇਜਣ ਲਈ ਵਟਸਐਪ ਨੰਬਰ ਉਹੀ 95018-83486 ਅਤੇ ਈਮੇਲ - editortarksheel@gmail.com




ਸੂਬਾ ਡੈਲੀਗੇਟ ਇਜਲਾਸ ਨੂੰ ਸੰਬੋਧਨ ਕਰਦੇ ਹੋਏ ਉਘੇ ਜਮਹੂਰੀ ਚਿੰਤਕ ਹਿਮਾਂਸ਼ੂ ਕੁਮਾਰ ਜੀ



ਨਵੀਂ ਚੁਣੀ ਗਈ ਸੂਬਾ ਕਾਰਜਕਾਰਨੀ



ਇਜਲਾਸ ਵਿੱਚ ਹਾਜ਼ਰ ਡੈਲੀਗੇਟ ਅਤੇ ਦਰਸ਼ਕ

If undelivered please return to :

**Tarksheel**

**Tarksheel Bhawan, Tarksheel Chowk,**
**Sanghera By Pass, BARNALA-148101**
**Post Box No. 55**
Cell. 98769 53561, 98728 74620
Web : www.tarksheel.org
e-mail : tarkshiloffice@gmail.com

BOOK POST
(Printed Matter)

To ..............................................................

..............................................................

..............................................................